ਉਨੀਵਾਂ ਸਾਲ

PARDES TIMES

19th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 463 | December 26, 2024 | E-mail : info@pardestimes.com | Ph 510-938-7771


ਨਵੇਂ ਸਾਲ 2025 ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਾਡੇ ਸਾਰੇ ਸਮਰਥਕਾਂ, ਇਸ਼ਤਿਹਾਰ ਕਰਤਾ, ਸਪਾਂਸਰਾਂ ਅਤੇ 'ਪਰਦੇਸ ਟਾਇਮਜ਼' ਦੇ ਪਾਠਕਾਂ ਨੂੰ ਲੱਖ-ਲੱਖ ਵਧਾਈਆਂ


## ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ਾਂ ਦੀ ਪੜਤਾਲ ਲਈ ਕਮੇਟੀ ਕਾਇਮ

### ਜਥੇਦਾਰਾਂ ਨੂੰ ਜ਼ਲੀਲ ਕਰ ਕੇ ਅਹੁਦੇ ਤੋਂ ਹਟਾਉਣ ਦਾ ਇਹ ਵਰਤਾਰਾ ਕੋਈ ਨਵਾਂ ਨਹੀਂ- ਗਿਆਨੀ ਹਰਪ੍ਰੀਤ ਸਿੰਘ



ਖੰਨਾ- ਇਤਿਹਾਸਕ ਅਸਥਾਨ ਗੁਰਦੁਆਰਾ ਦੇਗਸਰ ਸਾਹਿਬ (ਕਟਾਣਾ ਸਾਹਿਬ) ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਲੱਗੇ ਦੋਸ਼ਾਂ ਦੀ ਪੜਤਾਲ ਲਈ ਤਿੰਨ ਮੈਂਬਰੀ ਕਮੇਟੀ ਕਾਇਮ ਕੀਤੀ ਗਈ। ਜ਼ਿਕਰਯੋਗ ਹੈ ਕਿ ਗੁਰਪ੍ਰੀਤ ਸਿੰਘ ਵਾਸੀ ਮੁਕਤਸਰ ਸਾਹਿਬ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕੋਲ ਸ਼ਿਕਾਇਤ ਕਰ ਕੇ ਜਥੇਦਾਰ 'ਤੇ ਗੰਭੀਰ ਦੋਸ਼ ਲਾਏ ਸਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਚਰਚਾ ਉਪਰੰਤ ਫੈਸਲਾ ਲਿਆ ਗਿਆ ਕਿ ਸਿੰਘ ਸਾਹਿਬ ਦੇ ਅਹੁਦੇ ਦੇ ਮਾਣ-ਸਨਮਾਨ ਨੂੰ ਮੁੱਖ ਰੱਖਦਿਆਂ ਲੱਗੇ ਇਲਜ਼ਾਮਾਂ ਦੀ ਪੜਤਾਲ ਜ਼ਰੂਰੀ ਹੈ। ਇਸ ਦੌਰਾਨ ਇਕ ਮਤੇ ਰਾਹੀਂ ਪੜਤਾਲ ਲਈ ਸਬ-ਕਮੇਟੀ ਕਾਇਮ ਕੀਤੀ ਗਈ। ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਨੂੰ ਸ਼ਾਮਲ ਕੀਤਾ ਗਿਆ। ਇਹ ਕਮੇਟੀ 15 ਦਿਨਾਂ ਵਿਚ ਪੜਤਾਲ ਮੁਕੰਮਲ ਕਰ ਕੇ ਆਪਣੀ ਰਿਪਰੋਟ ਪੇਸ਼ ਕਰੇਗੀ। ਇਹ ਵੀ ਫ਼ੈਸਲਾ ਹੋਇਆ ਕਿ ਪੜਤਾਲ ਦੀ ਰਿਪਰੋਟ 'ਤੇ ਫ਼ੈਸਲੇ ਤੱਕ ਤਖ਼ਤ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਤਖ਼ਤ ਸਾਹਿਬ ਦੇ ਅਧਿਕਾਰ ਖੇਤਰ ਵਾਲੀਆਂ ਸੇਵਾਵਾਂ ਨਿਭਾਉਣਗੇ।

ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜਾਂਚ ਲਈ ਬਣਾਈ ਕਮੇਟੀ ਬਾਰੇ ਅਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਦੋਸ਼ ਲਾਉਣ ਵਾਲਾ ਧੜਾ ਵੀ ਉਹੀ ਹੈ, ਉਹੀ ਧੜਾ ਜਾਂਚ ਕਰਵਾ ਰਿਹਾ ਹੈ ਅਤੇ ਉਹ ਹੀ ਫ਼ੈਸਲਾ ਕਰੇਗਾ। ਉਨ੍ਹਾਂ ਆਖਿਆ ਕਿ ਇਸ ਸਬੰਧੀ ਪਹਿਲਾਂ ਹੀ ਫ਼ੈਸਲਾ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਥੇਦਾਰਾਂ ਨੂੰ ਜ਼ਲੀਲ ਕਰ ਕੇ ਅਹੁਦੇ ਤੋਂ ਹਟਾਉਣ ਦਾ ਇਹ ਵਰਤਾਰਾ ਕੋਈ ਨਵਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸੇਵਾਵਾਂ ਬਰਖ਼ਾਸਤ ਕਰਨ ਦਾ ਕੋਈ ਫ਼ਿਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਦੋਸ਼ਾਂ ਬਾਰੇ ਸਪਸ਼ਟੀਕਰਨ ਦੇ ਚੁੱਕੇ ਹਨ। ਸ਼ਹੀਦੀ ਪੰਦਰਵਾੜਾ ਖ਼ਤਮ ਹੋਣ ਤੋਂ ਬਾਅਦ ਉਹ ਮੰਗੇ ਕੁਝ ਹੋਰ ਸਵਾਲਾਂ ਦੇ ਜਵਾਬ ਦੇਣਗੇ।



## ਬਿਲ ਪਾਸ ਹੋ ਗਿਆ ਤਾਂ ਵੀ 2029 'ਚ ਨਹੀਂ ਹੋ ਸਕਣਗੀਆਂ ਇਕੱਠੀਆਂ ਚੋਣਾਂ

ਨਵੀਂ ਦਿੱਲੀ- 'ਇਕ ਦੇਸ਼, ਇਕ ਚੋਣ' ਨਾਲ ਸਬੰਧਤ ਸੰਵਿਧਾਨਕ ਸੋਧ ਬਿੱਲ ਭਾਵੇਂ ਲੋਕ ਸਭਾ 'ਚ ਪੇਸ਼ ਕਰ ਦਿੱਤਾ ਗਿਆ ਹੈ। ਜੇਕਰ ਬਿੱਲ ਸੰਸਦ ਤੋਂ ਪਾਸ ਵੀ ਹੋ ਜਾਂਦਾ ਹੈ ਤਾਂ ਵੀ ਲੋਕ ਸਭਾ ਦੇ ਨਾਲ ਸਾਰੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ 2034 'ਚ ਹੀ ਹੋ ਸਕਦੀਆਂ ਹਨ। ਇਸਦੇ ਲਈ 2029 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਵਿਧਾਨ ਸਭਾਵਾਂ ਦੀਆਂ ਚੋਣਾਂ 2034 ਦੀਆਂ ਲੋਕ ਸਭਾ ਚੋਣਾਂ ਤੱਕ ਦੇ ਬਾਕੀ ਸਮੇਂ ਲਈ ਕਰਾਈਆਂ ਜਾ ਸਕਦੀਆਂ ਹਨ। ਤਾਂ ਜੋ ਸਾਰੀਆਂ ਵਿਧਾਨ ਸਭਾਵਾਂ ਦਾ ਕਾਰਜਕਾਲ 2034 'ਚ ਲੋਕ ਸਭਾ ਦੇ ਕਾਰਜਕਾਲ ਦੇ ਨਾਲ ਖ਼ਤਮ ਹੋ ਕੇ 'ਇਕ ਦੇਸ਼, ਇਕ ਚੋਣ' ਨੂੰ ਹਕੀਕੀ ਰੂਪ ਦਿੱਤਾ ਜਾ ਸਕੇ।

'ਇਕ ਦੇਸ਼, ਇਕ ਚੋਣ' ਬਿੱਲ ਲੋਕ ਸਭਾ 'ਚ ਪੇਸ਼ ਹੋਣ ਤੋਂ ਬਾਅਦ ਸਾਂਝੀ ਸੰਸਦੀ ਕਮੇਟੀ ਕੋਲ ਚਲਾ ਗਿਆ ਹੈ। ਪੂਰੀ ਚਰਚਾ ਤੋਂ ਬਾਅਦ ਇਸਨੂੰ ਸੰਸਦ ਤੋਂ ਪਾਸ ਕਰਾ ਲਿਆ ਜਾਂਦਾ ਹੈ ਤਾਂ ਵੀ ਇਸਦਾ ਅਮਲ 2034 'ਚ ਹੀ ਸੰਭਵ ਹੋਵੇਗਾ। ਅਸਲ 'ਚ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਅਗਵਾਈ ਵਾਲੀ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਤਿਆਰ ਸੋਧ ਬਿੱਲ 'ਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੇ ਵਿਚਾਲੇ ਹੀ ਭੰਗ ਹੋਣ ਦੀ ਸਥਿਤੀ 'ਚ ਪੰਜ ਸਾਲਾਂ 'ਚੋਂ ਬਾਕੀ ਬਚੇ ਸਮੇਂ ਲਈ ਚੋਣਾਂ ਕਰਾਉਣ ਦੀ ਵਿਵਸਥਾ ਕੀਤੀ ਗਈ ਹੈ। ਇਸੇ ਵਿਵਸਥਾ ਦੀ ਵਰਤੋਂ ਕਰਦੇ ਹੋਏ 2029 ਤੋਂ ਬਾਅਦ ਹੋਣ ਵਾਲੀਆਂ ਚੋਣਾਂ 'ਚ ਸਾਰੀਆਂ ਵਿਧਾਨ ਸਭਾਵਾਂ ਦੇ ਕਾਰਜਕਾਲ ਨੂੰ 2034 ਤੱਕ ਲਈ ਨਿਰਧਾਰਤ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ ਉੱਤਰ ਪ੍ਰਦੇਸ਼ ਤੇ ਪੰਜਾਬ ਵਿਧਾਨ ਸਭਾ ਦੀਆਂ ਚੋਣ 2027 ਅਤੇ ਉਸ ਤੋਂ ਬਾਅਦ 2032 ਵਿਚ ਹੋਣੀਆਂ ਹਨ। ਅਜਿਹੇ 'ਚ 2032 'ਚ ਉੱਤਰ ਪ੍ਰਦੇਸ਼ ਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰਫ਼ ਦੋ ਸਾਲਾਂ ਲਈ ਹੋਣਗੀਆਂ। ਇਸ ਨਾਲ 2034 'ਚ ਲੋਕ ਸਭਾ ਚੋਣਾਂ ਦੇ ਨਾਲ-ਨਾਲ ਉੱਤਰ ਪ੍ਰਦੇਸ਼ ਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਰਸਤਾ ਵੀ ਸਾਫ਼ ਹੋ ਜਾਵੇਗਾ। ਕੋਵਿੰਦ ਕਮੇਟੀ ਨੇ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੇ ਕਰਾਉਣ ਤੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਉਸ ਤੋਂ ਵੱਖ ਕਰਾਉਣ ਦੀ ਸਿਫ਼ਾਰਸ਼ ਕੀਤੀ ਸੀ, ਜਿਸਨੂੰ ਸੋਧ ਬਿੱਲ 'ਚ ਵੀ ਸ਼ਾਮਲ ਕੀਤਾ ਗਿਆ ਹੈ।





MST INS SERV INC
Long Haul
A Rated Market
Licensed



Washington/CA/Indiana/Texas/nevada/New Jersey ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।

ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ

Mandeep Thiara
Owner/Broker-Agent
Lic #600363

Tel (209) 407-4236
Fax (209) 666-1428
Cell (209) 666-0032
info@mstinsurance.net

3941 Holly Drive Suite #1 Tracy, CA 95304



Turning 65 Years Old?



If you've got questions, I've got answers!

Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!

Let's talk about it!

Gurcharan Singh Mann
Licensed Insurance Agent
CA License No. 0C70672

(510) 487-1000 TTY:711
MANN@GGIABA.COM

By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.



Joshi Law Firm
Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI
SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704





Raj Budwal
(Investment and Financial Advisor)
408-972-8000,
408-835-0202 (Cell)

Budwal and Associates
329 Piercy Road, San Jose, CA 95138
8350202@gmail.com



ਨਵੇਂ ਸਾਲ 2025 ਅਤੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



**ਸਵਰਗੀ ਦੀਦਾਰ ਸਿੰਘ ਬੈਂਸ**

ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਦੇ ਬਾਨੀ ਅਤੇ ਸਿੱਖ ਕੌਮ ਦੇ ਪ੍ਰਸਿੱਧ ਆਗੂ ਤੇ ਮੰਨੀ ਪ੍ਰਮੰਨੀ ਹਸਤੀ

**Karm singh Bains**

**Supervisor, Yuba City**

---

## ਨਵੇਂ ਸਾਲ 2025 ਅਤੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਮੁੱਖ ਸੇਵਾਦਾਰ ਟਾਇਰਾ ਬੁਆਇਨਾ, ਗੁਰੂ ਘਰ ਅਤੇ ਸਮੂਹ ਥਿਆੜਾ ਪਰਿਵਾਰ

Owner of Royal King USA Cultural Sports Entertainment

**ਸਰਬਜੀਤ ਸਿੰਘ ਥਿਆੜਾ ਅਤੇ ਸਮੂਹ ਥਿਆੜਾ ਪਰਿਵਾਰ**

---

## ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਬਲਦੇਵ ਸਿੰਘ ਮਾਨ / ਗੁਰਮੀਤ ਕੌਰ

ਮਾਲਕ- ਸ਼ੈਵਰੌਨ ਗੈਸ ਸਟੇਸ਼ਨ, ਪਾਲੋ ਆਲਟੋ

ਸੰਪਰਕ - 650 630 8588

---

## ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



**Parampal Singh, Surinder Kaur**

**510- 409 7006**

## ਜਸਟਿਨ ਟਰੂਡੋ ਦੀ ਵਧੀ ਸਮੱਸਿਆ, ਡਿਪਟੀ ਪ੍ਰਧਾਨ ਮੰਤਰੀ ਨੇ ਦਿੱਤਾ ਅਸਤੀਫਾ



ਟਵਾ- ਕੈਨੇਡਾ ਵਿੱਚ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਵੱਡਾ ਝਟਕਾ ਲੱਗਾ ਹੈ। ਦੇਸ਼ ਦੀ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਟਰੂਡੋ 'ਤੇ ਵੀ ਹਮਲਾ ਬੋਲਿਆ ਅਤੇ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਸਿਆਸੀ ਚਾਲ ਦੱਸਿਆ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਨੀਤੀਗਤ ਟਕਰਾਅ ਕਾਰਨ ਵਿਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਸੋਮਵਾਰ ਨੂੰ ਅਚਾਨਕ ਅਸਤੀਫਾ ਦੇ ਦਿੱਤਾ। ਉਹ ਟਰੂਡੋ ਦੀ ਖਰਚ ਵਧਾਉਣ ਦੀ ਯੋਜਨਾ ਤੋਂ ਖੁਸ਼ ਨਹੀਂ ਸੀ ਅਤੇ ਇਸ ਨੂੰ ਸਿਆਸੀ ਚਾਲ ਦੱਸਦਿਆਂ ਖਾਰਜ ਕਰ ਦਿੱਤਾ।

ਫ੍ਰੀਲੈਂਡ ਨੇ ਸੰਸਦ ਨੂੰ ਆਰਥਿਕ ਅਪਡੇਟ ਪੇਸ਼ ਕਰਨ ਤੋਂ ਕੁਝ ਘੰਟੇ ਪਹਿਲਾਂ ਅਸਤੀਫਾ ਦੇ ਦਿੱਤਾ। ਅੱਪਡੇਟ ਤੋਂ ਇਹ ਖੁਲਾਸਾ ਹੋਣ ਦੀ ਉਮੀਦ ਹੈ ਕਿ ਟਰੂਡੋ ਸਰਕਾਰ ਨੇ 2023/24 ਦੇ ਬਜਟ ਲਈ ਯੋਜਨਾਬੱਧ ਨਾਲੋਂ ਵੱਧ ਘਾਟਾ ਚਲਾਇਆ ਹੈ। ਫ੍ਰੀਲੈਂਡ, 56, ਜਿਸ ਨੇ ਉਪ ਪ੍ਰਧਾਨ ਮੰਤਰੀ ਵਜੋਂ ਵੀ ਸੇਵਾ ਨਿਭਾਈ ਸੀ, ਦੇ ਅਸਤੀਫ਼ੇ ਨੇ ਟਰੂਡੋ ਨੂੰ ਚੋਣਾਂ ਤੋਂ ਪਹਿਲਾਂ ਕੈਬਨਿਟ ਦੇ ਮੁੱਖ ਸਹਿਯੋਗੀ ਤੋਂ ਬਿਨਾਂ ਛੱਡ ਦਿੱਤਾ ਹੈ, ਜੋ ਕਿ ਚੋਣਾਂ ਤੋਂ ਪਤਾ ਲੱਗਦਾ ਹੈ ਕਿ ਉਹ ਬੁਰੀ ਤਰ੍ਹਾਂ ਹਾਰ ਜਾਣਗੇ। ਫ੍ਰੀਲੈਂਡ ਨੇ ਟਰੂਡੋ ਨੂੰ ਇੱਕ ਸੰਦੇਸ਼ ਵਿੱਚ ਟਵਿੱਟਰ 'ਤੇ ਪੋਸਟ ਕੀਤਾ, "ਪਿਛਲੇ ਕੁਝ ਹਫ਼ਤਿਆਂ ਤੋਂ, ਤੁਸੀਂ ਅਤੇ ਮੈਂ ਕੈਨੇਡਾ ਲਈ ਸਭ ਤੋਂ ਵਧੀਆ ਮਾਰਗ ਨੂੰ ਲੈ ਕੇ ਮਤਭੇਦ ਵਿੱਚ ਸੀ। ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਉਣ ਵਾਲੇ ਪ੍ਰਸ਼ਾਸਨ ਤੋਂ ਕੈਨੇਡੀਅਨ ਦਰਾਮਦਾਂ 'ਤੇ ਨਵੇਂ ਟੈਰਿਫ ਦੀ ਧਮਕੀ ਇੱਕ ਗੰਭੀਰ ਖ਼ਤਰਾ ਹੈ। ਇਸਦਾ ਮਤਲਬ ਹੈ ਕਿ ਅੱਜ ਸਾਡੇ ਵਿੱਤੀ ਘਾਟੇ ਨੂੰ ਕੰਟਰੋਲ ਵਿੱਚ ਰੱਖਣਾ, ਤਾਂ ਜੋ ਸਾਡੇ ਕੋਲ ਟੈਰਿਫ ਯੁੱਧ ਲਈ ਲੋੜੀਂਦੇ ਭੰਡਾਰ ਹੋਣ। "ਇਸਦਾ ਮਤਲਬ ਹੈ ਮਹਿੰਗੇ ਸਿਆਸੀ ਪੈਂਤੜੇ ਤੋਂ ਬਚਣਾ, ਜੋ ਅਸੀਂ ਬਰਦ-ਾਸ਼ਤ ਨਹੀਂ ਕਰ ਸਕਦੇ।"

ਫ੍ਰੀਲੈਂਡ ਅਗਸਤ 2020 ਤੋਂ ਵਿੱਤ ਮੰਤਰੀ ਸਨ। ਫਿਲਹਾਲ ਟਰੂਡੋ ਦੇ ਦਫਤਰ ਤੋਂ ਉਨ੍ਹਾਂ ਦੇ ਅਸਤੀਫੇ ਨੂੰ ਲੈ ਕੇ ਕੋਈ ਤੁਰੰਤ ਪ੍ਰਤੀਕਿਰਿਆ ਨਹੀਂ ਆਈ ਹੈ। ਘਰੇਲੂ ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਫ੍ਰੀਲੈਂਡ ਅਤੇ ਟਰੂਡੋ ਸਰਕਾਰ ਦੇ ਅਸਥਾਈ ਟੈਕਸ ਬਰੇਕਾਂ ਅਤੇ ਖਰਚੇ ਦੇ ਹੋਰ ਉਪਾਵਾਂ ਦੇ ਪ੍ਰਸਤਾਵ ਨੂੰ ਲੈ ਕੇ ਟਕਰਾ ਗਏ।

## ਪੰਜਾਬ 'ਚ ਸੀਤ ਲਹਿਰ ਚੱਲਣ ਨਾਲ ਕੜਾਕੇ ਦੀ ਠੰਢ ਵਧੀ



ਲੁਧਿਆਣਾ- ਪੰਜਾਬ ਵਿਚ ਸੀਤ ਲਹਿਰ ਚੱਲਣ ਨਾਲ ਕੜਾਕੇ ਦੀ ਠੰਢ ਪੈਣ ਲੱਗੀ ਹੈ। ਬੁੱਧਵਾਰ ਨੂੰ ਕਈ ਜ਼ਿਲ੍ਹਿਆਂ ਵਿਚ ਘੱਟੋ-ਘੱਟ ਤਾਪਮਾਨ ਆਮ ਤੋਂ ਦੋ ਤੋਂ ਤਿੰਨ ਡਿਗਰੀ ਸੈਲਸੀਅਸ ਘੱਟ ਰਿਹਾ। ਫ਼ਰੀਦਕੋਟ ਲਗਾਤਾਰ ਤੀਜੇ ਦਿਨ ਸੂਬੇ ਵਿਚ ਸਭ ਤੋਂ ਠੰਢਾ ਰਿਹਾ। ਇੱਥੇ ਘੱਟੋ-ਘੱਟ ਤਾਪਮਾਨ 0.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸੇ ਤਰ੍ਹਾਂ ਸੱਤ ਜ਼ਿਲ੍ਹਿਆਂ ਵਿਚ ਤਾਪਮਾਨ ਪੰਜ ਡਿਗਰੀ ਸੈਲਸੀਅਸ ਤੋਂ ਹੇਠਾਂ ਰਿਹਾ। ਪਠਾਨਕੋਟ ਵਿਚ ਘੱਟੋ-ਘੱਟ ਤਾਪਮਾਨ 1.6 ਡਿਗਰੀ, ਫ਼ਾਜ਼ਿਲਕਾ ਵਿਚ 1.5, ਫ਼ਿਰੋਜ਼ਪੁਰ ਵਿਚ 2.6, ਮੋਗਾ ਵਿਚ 3.9, ਬਰਨਾਲਾ ਵਿਚ 3.5, ਗੁਰਦਾਸਪੁਰ ਵਿਚ 4.0, ਅੰਮ੍ਰਿਤਸਰ ਵਿਚ 4.3, ਪਟਿਆਲਾ ਵਿਚ 5.5 ਤੇ ਲੁਧਿਆਣਾ ਵਿਚ 5.6 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ।

ਉੱਥੇ, ਵੱਧ ਤੋਂ ਵੱਧ ਤਾਪਮਾਨ 22 ਤੋਂ 24 ਡਿਗਰੀ ਸੈਲਸੀਅਸ ਵਿਚਾਲੇ ਦਰਜ ਕੀਤਾ ਗਿਆ। ਉੱਧਰ, ਮੌਸਮ ਵਿਭਾਗ ਚੰਡੀਗੜ੍ਹ ਮੁਤਾਬਕ 25 ਦਸੰਬਰ ਤੱਕ ਸੂਬੇ ਵਿਚ ਸੀਤ ਲਹਿਰ ਚੱਲਣ ਦੀ ਸੰਭਾਵਨਾ ਹੈ। ਖ਼ਾਸ ਕਰ ਕੇ, ਹਿਮਾਚਲ ਨਾਲ ਲੱਗਦੇ ਜ਼ਿਲ੍ਹਿਆਂ ਵਿਚ ਅੱਤ ਦੀ ਸੀਤ ਲਹਿਰ ਵੀ ਚੱਲ ਸਕਦੀ ਹੈ। ਮੀਂਹ ਦੀ ਸੰਭਾਵਨਾ ਨਹੀਂ ਹੈ। ਅਜਿਹੇ ਵਿਚ ਨਵੰਬਰ ਦੀ ਤਰ੍ਹਾਂ ਦਸੰਬਰ ਵੀ ਸੁੱਕਾ ਹੀ ਰਹਿ ਸਕਦਾ ਹੈ।

## ਸਾਂਝੀ ਸੰਸਦੀ ਕਮੇਟੀ ਨੂੰ ਭੇਜਿਆ ਗਿਆ 'ਵਨ ਨੇਸ਼ਨ-ਵਨ ਇਲੈਕਸ਼ਨ' ਬਿੱਲ

ਨਵੀਂ ਦਿੱਲੀ- ਇੱਕ ਦੇਸ਼, ਇੱਕ ਚੋਣ ਸੋਧ ਬਿੱਲ ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਪੇਸ਼ ਕੀਤਾ। ਭਾਜਪਾ ਨੇ ਕਿਹਾ ਕਿ ਇਸ ਬਿੱਲ ਨਾਲ ਦੇਸ਼ ਦਾ ਤੇਜ਼ੀ ਨਾਲ ਵਿਕਾਸ ਹੋਵੇਗਾ ਕਿਉਂਕਿ ਲਗਾਤਾਰ ਚੋਣਾਂ ਹੋਣ ਕਾਰਨ ਸਿਸਟਮ ਵਿਗੜ ਜਾਂਦਾ ਹੈ। ਇਸ ਕਾਰਨ ਭਾਜਪਾ ਨੇ ਆਪਣੇ ਸੰਸਦ ਮੈਂਬਰਾਂ ਨੂੰ ਵ੍ਹਿੱਪ ਜਾਰੀ ਕੀਤਾ ਸੀ।

ਦੂਜੇ ਪਾਸੇ ਵਿਰੋਧੀ ਧਿਰ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਹੈ। ਕਾਂਗਰਸ ਨੇ ਕਿਹਾ ਕਿ ਇਹ ਸੰਵਿਧਾਨ ਦੇ ਮੂਲ ਢਾਂਚੇ ਦੇ ਖਿਲਾਫ ਹੈ। ਦੂਜੇ ਪਾਸੇ ਅੱਜ ਇੱਕ ਵਾਰ ਫਿਰ ਰਾਜ ਸਭਾ ਵਿੱਚ ਸੰਵਿਧਾਨ ਨੂੰ ਲੈ ਕੇ ਚਰਚਾ ਹੋ ਰਹੀ ਹੈ। ਵਿਰੋਧੀ ਧਿਰ ਨੇ ਕੱਲ੍ਹ ਸਰਕਾਰ ’ਤੇ ਝੂਠ ਫੈਲਾਉਣ ਦਾ ਦੋਸ਼ ਲਾਇਆ ਸੀ। ਅੱਜ ਜੇਪੀ ਨੱਡਾ ਨੇ ਜਵਾਬ ਦਿੰਦਿਆਂ ਕਾਂਗਰਸ 'ਤੇ ਨਿਸ਼ਾਨਾ ਸਾਧਿਆ ਹੈ। ਇਕੋ ਵੇਲੇ ਲੋਕ ਸਭਾ ਤੇ ਸੂਬਾਈ ਵਿਧਾਨ ਸਭਾ ਦੀਆਂ ਚੋਣਾਂ ਕਰਵਾਉਣ ਨਾਲ ਸਬੰਧਤ ਦੋ ਸੰਵਿਧਾਨਕ ਸੋਧ ਬਿੱਲਾਂ ਦੀ ਪੜਚੋਲ ਕਰਨ ਵਾਲੀ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਵਿੱਚ ਕਾਂਗਰਸ ਦੀ ਪ੍ਰਿਯੰਕਾ ਗਾਂਧੀ ਵਾਡਰਾ ਅਤੇ ਭਾਜਪਾ ਆਗੂ ਅਨੁਰਾਗ ਠਾਕੁਰ ਤੇ ਪੀਪੀ ਚੌਧਰੀ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਕਮੇਟੀ ਸੰਸਦ ਦੇ ਆਖਰੀ ਸੈਸ਼ਨ ਦੇ ਆਖਰੀ ਹਫ਼ਤੇ ਦੇ ਪਹਿਲੇ ਦਿਨ ਲੋਕ ਸਭਾ ਨੂੰ ਆਪਣੀ ਰਿਪੋਰਟ ਸੌਂਪੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਇਸ 31 ਮੈਂਬਰੀ ਕਮੇਟੀ ਵਿਚਲੇ ਹੋਰ ਮੈਂਬਰਾਂ ਵਿੱਚ ਸਮਾਜਵਾਦੀ ਪਾਰਟੀ ਦੇ ਧਰਮੇਂਦਰ ਯਾਦਵ, ਤ੍ਰਿਣਾਮੂਲ ਕਾਂਗਰਸ ਦੇ ਕਲਿਆਣ ਬੈਨਰਜੀ, ਐਨਸੀਪੀ-ਐਸਪੀ ਦੀ ਸੁਪ੍ਰਿਆ ਸੂਲੇ, ਸ਼ਿਵ ਸੈਨਾ ਦੇ ਸ੍ਰੀਕਾਂਤ ਸ਼ਿੰਦੇ ਵੀ ਸ਼ਾਮਲ ਹਨ। ਸਾਬਕਾ ਕੇਂਦਰੀ ਮੰਤਰੀ ਪੁਰਸ਼ੋਤਮ ਭਾਈ ਰੁਪਾਲਾ, ਬੀ. ਮਹਿਤਾਬ, ਅਨਿਲ ਬਲੂਨੀ, ਸੀਐੱਮ ਰਮੇਸ਼, ਬਾਂਸੁਰੀ ਸਵਰਾਜ, ਵਿਸ਼ਨੂ ਦਿਆਲ ਰਾਮ ਤੇ ਸੰਬਿਤ ਪਾਤਰਾ ਭਾਜਪਾ ਦੇ ਲੋਕ ਸਭਾ ਮੈਂਬਰ ਹਨ ਜੋ ਇਸ ਪੈਨਲ ’ਚ ਸ਼ਾਮਲ ਹੋਣਗੇ। ਸੂਤਰਾਂ ਨੇ ਦੱਸਿਆ ਕਿ ਕਾਨੂੰਨ ਰਾਜ ਮੰਤਰੀ ਰਹਿ ਚੁੱਕੇ ਚੌਧਰੀ ਨੂੰ ਕਮੇਟੀ ਦਾ ਸੰਭਾਵੀ ਚੇਅਰਮੈਨ ਮੰਨਿਆ ਜਾ ਰਿਹਾ ਹੈ। ਕਾਂਗਰਸ ਦੇ ਮਨੀਸ਼ ਤਿਵਾੜੀ ਤੇ ਸੁਖਦੇਵ ਭਗਤ, ਡੀਐੱਮਕੇ ਦੇ ਟੀਐੱਮ ਸੇਲਵਾਗਣਪਤੀ, ਟੀਡੀਪੀ ਦੇ ਜੀਐੱਮ ਹਰੀਸ਼ ਬਾਲਯੋਗੀ, ਰਾਸ਼ਟਰੀ ਲੋਕ ਦਲ ਦੇ ਚੰਦਨ ਚੌਹਾਨ ਤੇ ਜਨ ਸੈਨਾ ਪਾਰਟੀ ਦੇ ਬਾਲਾਸ਼ੋਵਰੀ ਵੱਲਭਨੇਨੀ ਹੋਰ ਲੋਕ ਸਭਾ ਮੈਂਬਰ ਹਨ ਜੋ ਇਸ ਕਮੇਟੀ ’ਚ ਸ਼ਾਮਲ ਹੋਣਗੇ। ਰਾਜ ਸਭਾ ਵੱਖਰੇ ਤੌਰ ’ਤੇ ਕਮੇਟੀ ਲਈ ਆਪਣੇ 10 ਮੈਂਬਰਾਂ ਦਾ ਐਲਾਨ ਕਰੇਗੀ। ਸਰਕਾਰ ਉਪਰੋਕਤ ਦੋ ਬਿੱਲਾਂ ਨੂੰ ਸਾਂਝੀ ਸੰਸਦੀ ਕਮੇਟੀ ਕੋਲ ਭੇਜਣ ਬਾਰੇ ਜਲਦੀ ਹੀ ਲੋਕ ਸਭਾ ਵਿਚ ਮਤਾ ਪੇਸ਼ ਕਰੇਗੀ।







# ਸੰਪਾਦਕੀ

## ਕਿਸਾਨ ਅੰਦੋਲਨ ਦੀ ਫਿਰ ਚਰਚਾ

ਪੰਜਾਬ ਵਿਚ ਕਿਸਾਨ ਆਗੂ ਡੱਲੇਵਾਲ ਦੁਆਰਾ ਭੁੱਖ ਹੜਤਾਲ 'ਤੇ ਬੈਠਣ ਤੋਂ ਬਾਅਦ ਕਿਸਾਨ ਅੰਦੋਲਨ ਦੀ ਫਿਰ ਚਰਚਾ ਆਰੰਭ ਹੋ ਗਈ ਹੈ। ਰੇਲਾਂ ਰੋਕਣੀਆਂ, ਸੜਕਾਂ ਰੋਕਣੀਆਂ ਅਤੇ ਕਈ ਕਿਸਮ ਦੇ ਸਿਆਸੀ, ਸਮਾਜਿਕ ਦਬਾਅ ਪਾਉਣ ਦੀ ਰਾਜਨੀਤੀ ਆਰੰਭ ਹੋ ਗਈ ਹੈ। ਪੰਜਾਬ ਅਤੇ ਭਾਰਤ ਸਰਕਾਰ ਫਿਲਹਾਲ ਇਸ ਅੰਦੋਲਨ ਨੂੰ ਲੈ ਕੇ ਚੁੱਪ ਹਨ ਅਤੇ ਅਮਨ-ਚੈਨ ਦੀ ਸਥਿਤੀ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਹੁਣ ਦਾ ਕਿਸਾਨ ਅੰਦੋਲਨ ਦੋ-ਤਿੰਨ ਕਿਸਾਨ ਜਥੇਬੰਦੀਆਂ ਵੱਲੋਂ ਕੀਤਾ ਜਾ ਰਿਹਾ ਹੈ, ਇਸ ਕਰਕੇ ਜ਼ਿਆਦਾ ਪ੍ਰਭਾਵ ਨਹੀਂ ਛੱਡ ਰਿਹਾ ਅਤੇ ਦੂਜਾ ਇਸ ਅੰਦੋਲਨ ਦੇ ਕੋਲ ਕੋਈ ਸਪਸ਼ਟ ਟੀਚਾ ਨਹੀਂ ਹੈ, ਬਲਕਿ ਇਹ ਕਿਸਾਨ ਅੰਦੋਲਨ ਰਾਜਨੀਤੀ ਤੋਂ ਪ੍ਰੇਰਿਤ ਜ਼ਿਆਦਾ ਨਜ਼ਰ ਆਉਂਦਾ ਹੈ।

ਅਸਲ ਵਿਚ ਇਹ ਕਿਸਾਨ ਅੰਦੋਲਨ ਹੈ ਕਿਹੜੇ ਮੁੱਦਿਆਂ ਨੂੰ ਲੈ ਕੇ, ਇਸ ਬਾਰੇ ਸਪਸ਼ਟਤਾ ਦੀ ਕਮੀ ਕਾਰਨ ਇਸ ਨੂੰ ਜਨਤਕ ਹੁਲਾਰਾ ਬਹੁਤ ਘੱਟ ਮਿਲ ਰਿਹਾ ਹੈ। ਕਿਸਾਨਾਂ ਦੀ ਅਸਲੀ ਸਮੱਸਿਆ ਕੀ ਹੈ? ਇਸ ਨੂੰ ਪਛਾਨਣ ਵਿਚ ਸਿਆਸਤਦਾਨ ਤਾਂ ਹਮੇਸ਼ਾ ਆਨਾਕਾਨੀ ਕਰਦੇ ਹੀ ਆਏ ਹਨ, ਖੁਦ ਕਿਸਾਨਾਂ ਨੂੰ ਵੀ ਨਹੀਂ ਪਤਾ ਕਿ ਉਹਨਾਂ ਦਾ ਸੰਕਟ ਕੀ ਹੈ ਅਤੇ ਇਸ ਦਾ ਹੱਲ ਕੀ ਹੈ। ਪੰਜਾਬ ਹੀ ਨਹੀਂ ਪੂਰੀ ਦੁਨੀਆਂ ਦੀ ਕਿਸਾਨੀ ਸਰਕਾਰਾਂ ਵੱਲੋਂ ਅਣਦੇਖੀ ਦਾ ਸ਼ਿਕਾਰ ਹੈ। ਕੀ ਅਮਰੀਕਾ, ਕੀ ਕੈਨੇਡਾ, ਹਰ ਥਾਂ ਕਿਸਾਨ ਬਾਜ਼ਾਰ ਦੇ ਰਹਿਮੋ-ਕਰਮ ਤੇ ਨਿਰਭਰ ਹੈ। ਭਾਰਤ ਵਿਚ ਤਾਂ ਫਿਰ ਵੀ ਕੁਝ ਫਸਲਾਂ 'ਤੇ ਐਮ. ਐਸ. ਪੀ. ਮਿਲਦੀ ਹੈ ਪਰ ਬਾਕੀ ਮੁਲਕਾਂ ਵਿਚ ਤਾਂ ਇਹ ਵੀ ਉਪਲਬਧ ਨਹੀਂ ਹੈ। ਕਿਸਾਨ ਨੂੰ ਬਾਜ਼ਾਰ ਦੇ ਹਵਾਲੇ ਕਰਨ ਵਿਚ ਕੋਈ ਸਮੱਸਿਆ ਨਹੀਂ, ਅਸਲ ਸਮੱਸਿਆ ਉਸ ਦੇ ਵਿਕਾਸ ਉਤੇ ਸਰਕਾਰਾਂ ਦੁਆਰਾ ਕੀਤਾ ਜਾਂਦਾ ਖਰਚਾ ਹੈ। ਦੁਨੀਆਂ ਦੇ ਜ਼ਿਆਦਾਤਰ ਮੁਲਕਾਂ ਵਿਚ ਕਿਸਾਨੀ/ਖੇਤੀ ਤੇ ਖਰਚਾ ਕੁੱਲ ਬਜਟ ਦਾ 2 ਤੋਂ 10 ਫੀਸਦੀ ਹੀ ਕੀਤਾ ਜਾਂਦਾ ਹੈ, ਜਦਕਿ ਖੁਰਾਕੀ ਸੁਰੱਖਿਆ ਹਰੇਕ ਮੁਲਕ ਨੂੰ ਚਾਹੀਦੀ ਹੈ। ਜੇਕਰ ਭਾਰਤ ਅਤੇ ਸੂਬਿਆਂ ਦੀਆਂ ਸਰਕਾਰਾਂ ਆਪਣੇ ਬਜਟ ਦਾ 50 ਫੀਸਦੀ ਹਿੱਸਾ ਖੇਤੀ/ਕਿਸਾਨੀ ਤੇ ਖਰਚ ਕਰ ਦੇਣ ਤਾਂ ਇਸ ਖੇਤਰ ਦਾ ਕਾਇਆ-ਕਲਪ ਹੋ ਸਕਦਾ ਹੈ। ਦੁਨੀਆਂ ਵਿਚ ਖੇਤੀ ਤੋਂ ਇਲਾਵਾ ਸਾਰੇ ਖੇਤਰ 100 ਤੋਂ200 ਫੀਸੀ ਦੀ ਗਤੀ ਨਾ ਤਰੱਕੀ ਕਰ ਰਹੇ ਹਨ। ਇਕ ਸਕੂਲ ਟੀਚਰ ਦੀ ਤਨਖਾਹ ਜੇਕਰ ਅੱਜ ਤੋਂ 40 ਸਾਲ ਪਹਿਲਾਂ 100-200 ਸੀ ਤਾਂ ਅੱਜ 1 ਲੱਖ ਦੇ ਕਰੀਬ ਪਹੁੰਚ ਗਈ ਹੈ। ਫਸਲ ਜੋ ਅੱਜ ਤੋਂ 40 ਸਾਲ ਪਹਿਲਾਂ 10 ਰੁਪਏ ਕੁਇੰਟਲ ਵਿਕਦੀ ਸੀ, ਅੱਜ 2000 ਰੁਪਏ ਕੁਇੰਟਲ ਹੀ ਪਹੁੰਚੀ ਹੈ, ਉਹ ਵੀ ਉਹ ਫਸਲ ਜਿਸ 'ਤੇ ਸਰਕਾਰ ਐਮ. ਐਸ. ਪੀ. ਦਿੰਦੀ ਹੈ। ਬਾਕੀ ਫਸਲਾਂ, ਸਬਜ਼ੀਆਂ ਬਾਜ਼ਾਰ ਦੇ ਹਵਾਲੇ ਹਨ, ਜਿਉਂ ਹੀ ਕਿਸੇ ਫਸਲ ਦਾ ਸੀਜ਼ਨ ਆਉਂਦਾ ਹੈ, ਕੀਮਤ ਫਰਸ਼ ਤੇ ਪਹੁੰਚ ਜਾਂਦੀ ਹੈ ਅਤੇ ਜਦੋਂ ਉਹ ਫਸਲ ਸਟੋਰ ਹੋ ਜਾਂਦੀ ਹੈ, ਉਸ ਦੀ ਕੀਮਤ ਅਰਸ਼ 'ਤੇ ਪਹੁੰਚ ਜਾਂਦੀ ਹੈ।ਇਹੀ ਕਾਰਨ ਹੈ ਕਿ ਆਲੂ, ਟਮਾਟਰ, ਬੈਂਗਣ, ਭਿੰਡੀ, ਮੱਕੀ, ਬਾਜਰਾ ਸੀਜ਼ਨ ਵਿਚ ਬਿਲਕੁਲ ਸਸਤੇ ਅਤੇ ਆਫ ਸੀਜ਼ਨ ਮਹਿੰਗੇ ਮਿਲਦੇ ਹਨ। ਜੇਕਰ ਸਾਰੀ ਸਮੱਸਿਆ ਸਟੋਰੇਜ਼ ਦੀ ਹੈ ਤਾਂ ਇਸ ਪਾਸੇ ਧਿਆਨ ਕਿਉਂ ਨਹੀਂ ਦਿੱਤਾ ਜਾ ਰਿਹਾ। ਹੋਰ ਵੀ ਜਿੰਨੀਆਂ ਦਿੱਕਤਾਂ ਕਿਸਾਨੀ ਦੀਆਂ ਹਨ, ਲੱਗਭੱਗ ਇਸੇ ਕਿਸਮ ਦੀਆਂ ਹਨ। ਇਸ ਵਿਚ ਛੋਟੀ ਕਿਸਾਨੀ ਜ਼ਿਆਦਾ ਪਿਸਦੀ ਹੈ ਅਤੇ ਭਾਰਤ ਤਾਂ ਹੈ ਵੀ ਕਿਸਾਨਾਂ ਦਾ ਦੇਸ਼ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਪੰਜਾਬ ਨੂੰ ਨਵੀਂ ਦਿਸ਼ਾ ਦਿਖਾਉਣ ਦੀ ਲੋੜ



ਗੁਰਬਚਨ ਜਗਤ

ਮੈਂ ਜਦੋਂ ਸੁਖਬੀਰ ਬਾਦਲ 'ਤੇ ਕਾਤਲਾਨਾ ਹਮਲੇ ਦੀ ਖ਼ਬਰ ਸੁਣੀ ਤਾਂ ਮੇਰੇ ਦਿਮਾਗ ਵਿੱਚ ਅਪਰੈਲ 1983 ਨੂੰ ਵਾਪਰੀ ਘਟਨਾ ਘੁੰਮ ਗਈ ਜਿਸ ਵਿੱਚ ਬੇਮਿਸਾਲ ਪੁਲੀਸ ਅਫਸਰ ਅਤੇ ਸ਼ਾਨਦਾਰ ਸ਼ਖ਼ਸ ਏਐੱਸ ਅਟਵਾਲ (ਡੀਆਈਜੀ) ਦੀ ਹੱਤਿਆ ਹੋਈ ਸੀ। ਅਟਵਾਲ ਨੂੰ ਡਿਊਟੀ ਨਿਭਾਉਂਦਿਆਂ ਸ਼ਹੀਦ ਕਰ ਦਿੱਤਾ ਗਿਆ ਸੀ ਜੋ ਸੀਮਤ ਸਾਧਨਾਂ ਨਾਲ ਹਥਿਆਰਬੰਦ ਮਿਲੀਟੈਂਸੀ ਦਾ ਸਾਹਮਣਾ ਕਰ ਰਹੇ ਸਨ। ਸੁਖਬੀਰ ਵੀ ਮਸਾਂ ਬਚਿਆ ਹੈ। ਇੱਕ ਪੁਲੀਸ ਕਰਮੀ ਦੀ ਵਿਅਕਤੀਗਤ ਬਹਾਦਰੀ ਕਰ ਕੇ ਉਸ ਦਾ ਬਚਾਅ ਹੋ ਗਿਆ ਪਰ ਅਜੇ ਤੱਕ ਇਸ ਸਵਾਲ ਦਾ ਜਵਾਬ ਨਹੀਂ ਮਿਲ ਸਕਿਆ ਕਿ ਜਾਣੇ-ਪਛਾਣੇ ਦਹਿਸ਼ਤਗਰਦ ਜਿਸ ਨੇ ਪਾਕਿਸਤਾਨ ਵਿੱਚ ਸਿਖਲਾਈ ਤੇ ਸਹਾਇਤਾ ਲਈ ਹੋਈ ਸੀ, ਨੂੰ ਇਲਾਕੇ ਦੀ ਰੇਕੀ ਕਰਨ ਅਤੇ ਜ਼ੈੱਡ ਪ੍ਰੋਟੈਕਟੀ ਦੇ ਨੇੜੇ ਜਾਣ ਦੀ ਖੁੱਲ੍ਹ ਕਿਵੇਂ ਦੇ ਦਿੱਤੀ ਗਈ।

ਕਿਹਾ ਜਾਂਦਾ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ ਪਰ ਪੰਜਾਬ ਵਿੱਚ ਇਹ ਚੱਕਰ ਬਹੁਤ ਤੇਜ਼ੀ ਨਾਲ ਘੁੰਮਦਾ ਨਜ਼ਰ ਆ ਰਿਹਾ ਹੈ। ਉਹੋ ਜਿਹੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ ਪਰ ਅਜੇ ਤੱਕ ਪੂਰੀ ਸੂਰੀ ਮਿਲੀਟੈਂਸੀ ਨਹੀਂ ਆਈ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਛੋਟੇ ਮੋਟੇ ਅਪਰਾਧਾਂ ਵਿੱਚ ਸ਼ਾਮਿਲ ਬੇਰੁਜ਼ਗਾਰ ਨੌਜਵਾਨਾਂ ਦੀ ਬਹੁਤਾਤ ਹੈ ਜੋ ਨਸ਼ਾ ਸਨਅਤ ਲਈ ਖ਼ੁਰਾਕ ਦਾ ਕੰਮ ਕਰਦੇ ਹਨ। ਬਹੁਤ ਸਾਰਿਆਂ ਨੇ ਆਪੋ-ਆਪਣੇ ਹਥਿਆਰਬੰਦ ਗੈਂਗ ਬਣਾ ਲਏ ਹਨ ਜੋ ਅਗਵਾ, ਹੱਤਿਆਂ ਅਤੇ ਆਪਸੀ ਲੜਾਈ ਲਈ ਉਪਲਬਧ ਰਹਿੰਦੇ ਹਨ। ਉਨ੍ਹਾਂ 'ਚੋਂ ਕਈਆਂ ਦੇ ਤਾਰ ਅਮਰੀਕਾ, ਕੈਨੇਡਾ, ਆਸਟਰੇਲੀਆ ਤੇ ਬਿਨਾਂ ਸ਼ੱਕ ਪਾਕਿਸਤਾਨ ਤੱਕ ਵੀ ਜੁੜੇ ਹੋਏ ਹਨ। ਉਹ ਜੇਲ੍ਹਾਂ ਦੇ ਅੰਦਰੋਂ ਕੰਮ ਕਰ ਰਹੇ ਹਨ ਪਰ ਸਮਝ ਨਹੀਂ ਆਉਂਦੀ ਕਿ ਇਹ ਸਭ ਕੁਝ ਕਿਵੇਂ ਸੰਭਵ ਹੋ ਰਿਹਾ ਹੈ?



ਨੌਜਵਾਨ ਬੇਰੁਜ਼ਗਾਰ ਹਨ ਕਿਉਂਕਿ ਪਿਛਲੇ ਕਈ ਦਹਾਕਿਆਂ ਤੋਂ ਜ਼ਿਆਦਾਤਰ ਸੀਮਾਂਤ ਕਿਸਾਨਾਂ ਲਈ ਖੇਤੀਬਾੜੀ ਲਾਹੇਵੰਦ ਨਹੀਂ ਰਹਿ ਗਈ। ਸਮੁੰਦਰੀ ਮਾਰਗ ਤੋਂ ਦੂਰ ਅਤੇ ਸਰਹੱਦੀ ਰਾਜ ਹੋਣ ਕਰ ਕੇ ਪੰਜਾਬ ਦੇ ਸਨਅਤੀਕਰਨ ਨੂੰ ਤਰਜੀਹ ਨਹੀਂ ਦਿੱਤੀ ਗਈ। ਅੱਜ ਵੀ ਜਦੋਂ ਪਰਵਾਸੀ ਪੰਜਾਬੀਆਂ ਦੀ ਵੱਡੀ ਗਿਣਤੀ ਦੂਜੇ ਦੇਸ਼ਾਂ ਵਿੱਚ ਵਸ ਰਹੀ ਹੈ ਤਾਂ ਵੀ ਪੰਜਾਬ ਨੂੰ ਬਾਕੀ ਦੁਨੀਆ ਨਾਲ ਹਵਾਈ ਸੰਪਰਕ ਮਿਲਣ ਦੀ ਕੋਈ ਆਸ ਨਹੀਂ ਅਤੇ ਇਸ ਦੇ ਕੌਮਾਂਤਰੀ ਹਵਾਈ ਅੱਡਿਆਂ ਨੂੰ ਮਾਮੂਲੀ ਜਿਹੇ ਰੂਟ ਦਿੱਤੇ ਗਏ ਹਨ। ਫ਼ੌਜ ਅਤੇ ਨੀਮ ਫ਼ੌਜੀ ਬਲਾਂ ਵਿੱਚ ਰੁਜ਼ਗਾਰ ਵੀ ਕਾਫ਼ੀ ਘਟ ਗਿਆ ਹੈ। ਇਸ ਤੋਂ ਇਲਾਵਾ ਸਿੱਖਿਆ ਪ੍ਰਣਾਲੀ ਦੀ ਨਾਕਾਮੀ ਕਰ ਕੇ ਹੁਨਰਮੰਦ ਕਿੱਤਿਆਂ ਦੇ ਨੌਜਵਾਨ ਵੀ ਰੁਜ਼ਗਾਰ 'ਤੇ ਲੱਗ ਨਹੀਂ ਰਹੇ। 1960ਵਿਆਂ ਅਤੇ 70ਵਿਆਂ ਵਿੱਚ ਇਸ ਖੇਤਰ ਵਿੱਚ ਚਾਰ ਚੋਟੀ ਦੀਆਂ ਮੈਡੀਕਲ ਸੰਸਥਾਵਾਂ ਕੰਮ ਕਰ ਰਹੀਆਂ ਸਨ ਜਿਨ੍ਹਾਂ ਵਿੱਚ ਅੰਮ੍ਰਿਤਸਰ ਮੈਡੀਕਲ ਕਾਲਜ, ਸੀਐੱਮਸੀ ਲੁਧਿਆਣਾ, ਰਾਜਿੰਦਰਾ ਹਸਪਤਾਲ ਪਟਿਆਲਾ ਅਤੇ ਪੀਜੀਆਈ ਚੰਡੀਗੜ੍ਹ ਸ਼ਾਮਿਲ ਸਨ। ਅੱਜ ਪੀਜੀਆਈ ਨੂੰ ਛੱਡ ਕੇ ਬਾਕੀ ਦੀਆਂ ਸੰਸਥਾਵਾਂ ਦਾ ਹਾਲ ਕਾਫ਼ੀ ਮਾੜਾ ਹੈ ਕਿਉਂਕਿ ਫੰਡਾਂ ਦੀ ਘਾਟ ਅਤੇ ਪ੍ਰਸ਼ਾਸਨ ਕਾਰਨ ਇਨ੍ਹਾਂ ਨੂੰ ਖ਼ੋਰਾ ਲੱਗ ਰਿਹਾ ਹੈ। ਪੰਜਾਬ ਯੂਨੀਵਰਸਿਟੀ ਦਾ ਵੱਕਾਰ ਬਹੁਤ ਜ਼ਿਆਦਾ ਹੁੰਦਾ ਸੀ ਜਿੱਥੋਂ ਪੜ੍ਹੇ ਹੋਏ ਵਿਦਿਆਰਥੀ ਜੀਵਨ ਦੇ ਹਰੇਕ ਸ਼ੋਹਬੇ ਵਿੱਚ ਨਜ਼ਰ ਆਉਂਦੇ ਸਨ ਪਰ ਇਸ ਸਮੇਂ ਇਹ ਵੀ ਆਪਣੇ ਅਤੀਤ ਦਾ ਪਰਛਾਵਾਂ ਬਣ ਕੇ ਰਹਿ ਗਈ ਹੈ। ਕਿਸੇ ਇੱਕ ਅੱਧ ਆਈਆਈਟੀ ਜਾਂ ਪ੍ਰਾਈਵੇਟ ਸੰਸਥਾ ਨਾਲ ਕੰਮ ਨਹੀਂ ਚੱਲ ਸਕਦਾ। ਢੁਕਵਾਂ ਰੁਜ਼ਗਾਰ ਪੈਦਾ ਕਰਨ ਦੀ ਕੋਈ ਸੋਚੀ ਵਿਚਾਰੀ ਵਿਉਂਤ ਨਹੀਂ ਹੈ। ਬੁਨਿਆਦੀ ਸਿੱਖਿਆ ਅਤੇ ਨੌਕਰੀਆਂ ਲਈ ਨੌਜਵਾਨ ਦੂਜੇ ਦੇਸ਼ਾਂ ਵੱਲ ਕਿਉਂ ਭੱਜ ਰਹੇ ਹਨ? ਉਨ੍ਹਾਂ ਨੂੰ ਇੱਥੇ ਲਾਹੇਵੰਦ ਰੁਜ਼ਗਾਰ ਕਿਉਂ ਨਹੀਂ ਦਿੱਤਾ ਜਾ ਰਿਹਾ?

1860ਵਿਆਂ ਵਿੱਚ ਅਫ਼ਗਾਨਿਸਤਾਨ ਦੇ ਆਮਿਰ ਦੋਸਤ ਮੁਹੰਮਦ ਖ਼ਾਨ ਦੀ ਮੌਤ ਅਤੇ ਉਸ ਤੋਂ ਬਾਅਦ ਖ਼ਾਨਾਜੰਗੀ ਦੇ ਹਾਲਾਤ ਨਾਲ ਸਿੱਝਣ ਲਈ ਜੌਨ੍ਹ ਲਾਰੈਂਸ (ਹਿੰਦੋਸਤਾਨ ਦੇ ਵਾਇਸਰਾਏ) ਨੇ ਸ਼ੁਰੂ ਵਿੱਚ 'ਮਾਸਟਰਲੀ ਇਨਐਕਸ਼ਨ' (ਕੁਝ ਨਾ ਕਰਨ) ਦੀ ਥਿਊਰੀ ਅਪਣਾਈ ਸੀ। ਇਸ ਨੀਤੀ ਜ਼ਰੀਏ ਅੰਗਰੇਜ਼ਾਂ ਨੇ ਆਪਣੇ ਸਾਮਰਾਜ ਨੂੰ ਪੱਕਾ ਕੀਤਾ ਸੀ। ਘਰੇਲੂ ਮੁਹਾਜ਼ 'ਤੇ ਅਜਿਹੀ ਨੀਤੀ ਨਾਲ ਨਾਕਾਮ ਰਾਜ ਸਿੱਧ ਹੋਣਾ ਸੀ। ਸਮੱਸਿਆਵਾਂ ਦੀ ਨਿਸ਼ਾਨਦੇਹੀ, ਇਨ੍ਹਾਂ ਦੇ ਹੱਲ ਤਲਾਸ਼ ਕਰਨ ਅਤੇ ਆਪਣੇ ਨਾਗਰਿਕਾਂ ਲਈ ਯੋਜਨਾਬੰਦੀ ਵਿੱਚ ਰੁੱਝੇ ਰਹਿਣ ਵਾਲੇ ਸਰਗਰਮ ਪ੍ਰਸ਼ਾਸਨ ਦਾ ਸੰਕਲਪ ਬਦਲ ਕੇ 'ਕੁਝ ਵੀ ਨਾ ਕਰਨ ਦੀ ਮੁਹਾਰਤ' (ਮਾਸਟਰਲੀ ਇਨਐਕਸ਼ਨ) ਅਖ਼ਤਿਆਰ ਕਰ ਲਈ ਗਈ ਜਿਸ ਤਹਿਤ ਰੁੱਝੇ ਹੋਣ ਦਾ ਮਾਤਰ ਭਰਮ ਸਿਰਜਿਆ ਜਾਂਦਾ ਹੈ।

ਇਕੱਲੇ ਪੰਜਾਬ ਦਾ ਕਸੂਰ ਨਹੀਂ ਸਗੋਂ ਦਿੱਲੀ ਦਾ ਕੰਮ ਵੀ ਨਜ਼ਰ ਨਹੀਂ ਆ ਰਿਹਾ। ਸਾਡੀਆਂ ਸਮੱਸਿਆਵਾਂ ਨੂੰ ਕਿਤੇ ਪ੍ਰਵਾਨ ਹੀ ਨਹੀਂ ਕੀਤਾ ਜਾ ਰਿਹਾ। ਪਾਕਿਸਤਾਨ ਵੱਲੋਂ ਦੋ ਦਹਾਕੇ ਸੂਬੇ ਵਿਚ ਮਿਲੀਟੈਂਸੀ ਨੂੰ ਸ਼ਹਿ, ਫੰਡ ਅਤੇ ਮਦਦ ਦੇ ਕੇ ਦੇਸ਼ ਖ਼ਿਲਾਫ਼ ਲੁਕਵੀਂ ਜੰਗ ਵਿੱਢੀ ਗਈ। 1970ਵਿਆਂ ਦੇ ਅਖ਼ੀਰ ਤੋਂ ਲੈ ਕੇ 1995 ਤੱਕ ਹੋਈਆਂ ਹੌਲਨਾਕ ਅਤੇ ਤ੍ਰਾਸਦਿਕ ਘਟਨਾਵਾਂ ਬਾਰੇ ਸਭ ਜਾਣਦੇ ਹਨ।

ਭਾਰਤ ਸਰਕਾਰ ਦੇ ਸਾਧਨ ਅਤਿਵਾਦ ਨਾਲ ਲੜਨ 'ਚ ਲਾ ਦਿੱਤੇ ਗਏ ਸਨ ਪਰ ਖ਼ੂਨ ਤਾਂ ਪੰਜਾਬੀਆਂ ਦਾ ਹੀ ਸੀ ਜੋ ਇਸ ਦੇ ਖੇਤਾਂ 'ਚ ਡੁੱਲ੍ਹਿਆ। ਚੀਜ਼ਾਂ ਨੂੰ ਕਾਬੂ 'ਚ ਲਿਆਂਦਾ ਗਿਆ ਪਰ ਸਿਆਸੀ, ਪ੍ਰਸ਼ਾਸਕੀ ਤੇ ਆਰਥਿਕ ਤਾਣਾ-ਬਾਣਾ ਤਬਾਹ ਹੋ ਗਿਆ। ਹਾਲਾਤ ਨੂੰ ਪਹਿਲ ਦੀ ਦਰਕਾਰ ਸੀ- ਇੱਕ 'ਮਾਸਟਰ ਪਲਾਨ' ਦੀ। ਇਸ ਲਈ ਸਿਖ਼ਰਲੇ ਪੱਧਰ ਦੀ ਰਾਜਨੀਤਕ ਤੇ ਪ੍ਰਸ਼ਾਸਕੀ ਅਗਵਾਈ ਦੀ ਜ਼ਰੂਰਤ ਸੀ ਪਰ ਇਹ ਸੰਭਵ ਨਾ ਹੋ ਸਕਿਆ। ਪੰਜਾਬ ਨੂੰ ਇਸ ਦਲਦਲ ਵਿੱਚੋਂ ਕੱਢਣ ਲਈ ਤਾਲਮੇਲ ਨਾਲ ਕੋਈ ਯੋਜਨਾ ਨਹੀਂ ਬਣੀ, ਇਸ ਦੇ ਉਭਾਰ ਲਈ ਕੋਈ ਵਿੱਤੀ ਜਾਂ ਪ੍ਰਸ਼ਾਸਕੀ ਮਦਦ ਮੁਹੱਈਆ ਨਹੀਂ ਕਰਵਾਈ ਗਈ। ਲੋਕ ਇਸ ਸਮੇਂ ਦੌਰਾਨ ਵਾਪਰੀ ਵੱਡੇ ਪੱਧਰ ਦੀ ਮਨੁੱਖੀ ਤਰਾਸਦੀ ਨੂੰ ਭੁੱਲ ਗਏ, 3000 ਤੋਂ ਵੱਧ ਪੁਲੀਸ ਤੇ ਨੀਮ ਫ਼ੌਜੀ ਬਲ ਸ਼ਹੀਦ ਹੋ ਗਏ। ਸੂਬੇ ਦੇ ਉਭਾਰ ਦੀਆਂ ਕੋਸ਼ਿਸ਼ਾਂ ਵਿੱਚ ਕੇਂਦਰ ਨੂੰ ਅੱਗੇ ਹੋਣਾ ਚਾਹੀਦਾ ਸੀ ਤੇ ਪੰਜਾਬ ਨੂੰ ਮਗਰ ਪੈਣਾ ਚਾਹੀਦਾ ਸੀ। ਇਸ ਦੀ ਬਜਾਇ ਅਸੀਂ ਸੁਆਰਥੀ ਸਿਆਸਤਦਾਨਾਂ ਤੇ ਭ੍ਰਿਸ਼ਟ ਪ੍ਰਸ਼ਾਸਕਾਂ ਦੇ ਵਸ ਪੈ ਗਏ। ਉਸ ਤੋਂ ਬਾਅਦ ਦੇ ਕਈ ਦਹਾਕੇ ਗਏ ਗੁਜ਼ਰੇ ਦਹਾਕਿਆਂ ਵਰਗੇ ਹਨ ਜਿਨ੍ਹਾਂ 'ਚੋਂ ਕਥਿਤ ਮੁਕਤੀ ਦੇ ਰੂਪ ਵਿੱਚ ਪਰਵਾਸ ਸਾਡੇ ਪੱਲੇ ਪਿਆ ਹੈ।

ਲੰਮੇ ਸਮੇਂ ਤੱਕ ਪੰਜਾਬ ਨੇ ਉੱਤਰ-ਪੱਛਮ ਤੋਂ ਹੁੰਦੇ ਧਾਵੇ ਝੱਲੇ ਹਨ, ਅਣਗਿਣਤ ਫ਼ੌਜਾਂ ਇੱਥੋਂ ਲੰਘੀਆਂ ਹਨ ਤੇ ਫਿਰ ਵੀ ਅਸੀਂ ਡਟੇ ਰਹੇ। ਇੱਕ ਵਾਰ ਜਦੋਂ 'ਮਿਸਲਾਂ' ਬਣ ਗਈਆਂ ਤੇ ਮਗਰੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆ ਗਿਆ, ਪੰਜਾਬ ਨੂੰ ਰਹਿਨੁਮਾਈ ਮਿਲ ਗਈ ਤੇ ਕਿਸੇ ਵੀ ਧਾੜਵੀ ਨੇ ਖ਼ੈਬਰ ਦੱਰਾ ਲੰਘਣ ਦੀ ਹਿੰਮਤ ਨਹੀਂ ਕੀਤੀ। ਅੰਗਰੇਜ਼ਾਂ ਨੂੰ ਇਸ ਦੀ ਸਮਝ ਲੱਗ ਗਈ ਤੇ ਉਨ੍ਹਾਂ ਇਲਾਕੇ ਨੂੰ ਵੰਡ ਦਿੱਤਾ; ਇਸ ਤਰ੍ਹਾਂ ਯਕੀਨੀ ਬਣਾਇਆ ਕਿ ਪੁਰਾਣੀ ਤਾਕਤ ਛੇਤੀ ਕਿਤੇ ਬਹਾਲ ਨਾ ਹੋ ਸਕੇ। 1947-48 ਵਿੱਚ ਸਿੱਖਾਂ ਤੇ ਹਿੰਦੂਆਂ ਦੇ ਵਿਆਪਕ ਪਰਵਾਸ ਕਾਰਨ ਤੇ ਵੰਡ ਨਾਲ ਜੋ ਖ਼ੂਨ-ਖਰਾਬਾ ਹੋਇਆ, ਪੰਜਾਬੀ ਤਹਿਸ-ਨਹਿਸ ਹੋ ਗਏ। ਕਿਸਾਨਾਂ ਤੋਂ ਉਨ੍ਹਾਂ ਦੀਆਂ ਜ਼ਮੀਨਾਂ ਖੁੱਸ ਗਈਆਂ ਤੇ ਕਾਰੋਬਾਰੀਆਂ ਹੱਥੋਂ ਉਨ੍ਹਾਂ ਦਾ ਕਾਰੋਬਾਰ ਨਿਕਲ ਗਿਆ। ਕਿਸੇ ਤਰ੍ਹਾਂ ਪੁਨਰਵਾਸ ਦਾ ਕੰਮ ਸ਼ੁਰੂ ਹੋਣ ਤੱਕ ਉਹ ਪਹਿਲੇ ਕੁਝ ਮਹੀਨੇ ਕੱਢ ਗਏ।

ਪੰਜਾਬੀਆਂ ਨੇ ਖ਼ੈਰਾਤ ਨਹੀਂ ਮੰਗੀ ਤੇ ਨਾ ਹੀ ਕੋਈ ਪੇਸ਼ਕਸ਼ ਕੀਤੀ ਗਈ। ਕਿਸਾਨ ਨੂੰ ਜਿੰਨੀ ਜ਼ਮੀਨ ਮਿਲੀ, ਉਹ ਉਸ ਨਾਲ ਸ਼ੁਰੂ ਹੋ ਗਿਆ, ਰੱਜੇ-ਪੁੱਜੇ ਕਾਰੋਬਾਰੀ ਨੇ ਛੋਟੀ ਜਿਹੀ ਦੁਕਾਨ ਨਾਲ ਕੰਮ ਸ਼ੁਰੂ ਕੀਤਾ। ਲੋਕਾਂ ਦੀ ਸੱਚੀ ਦ੍ਰਿੜਤਾ, ਲੀਡਰਸ਼ਿਪ ਦੀ ਰਾਜਨੀਤਕ ਦੂਰਅੰਦੇਸ਼ੀ ਤੇ ਪ੍ਰਸ਼ਾਸਕਾਂ ਦੀ ਸਮਝ, ਇਮਾਨਦਾਰੀ ਅਤੇ ਕਰੜੀ ਮਿਹਨਤ ਦੇ ਸਿਰ 'ਤੇ, ਪੰਜਾਬ ਛੇਤੀ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ ਅਤੇ ਹਰੀ ਕ੍ਰਾਂਤੀ ਦੇ ਸ਼ਾਨਦਾਰ ਦਿਨਾਂ ਤੇ ਵਧ-ਫੁੱਲ ਰਹੇ ਕਾਰੋਬਾਰ ਵੱਲ ਤੇਜ਼ੀ ਨਾਲ ਦੌੜਨ ਲੱਗਾ। ਅਸੀਂ ਭਾਰਤ ਦਾ ਅੰਨ ਭੰਡਾਰ ਤੇ ਇਸ ਦੀ ਸੱਜੀ ਬਾਂਹ ਬਣ ਗਏ। ਇੱਕ ਸਮੇਂ ਪੰਜਾਬ ਨੇ ਮਾਨਵੀ ਵਿਕਾਸ ਦੇ ਹਰ ਖੇਤਰ ਵਿੱਚ ਦੇਸ਼ ਦੀ ਅਗਵਾਈ ਕੀਤੀ ਹਾਲਾਂਕਿ ਇਹ ਜ਼ਿਆਦਾ ਦੇਰ ਤੱਕ ਨਹੀਂ ਚੱਲਿਆ। ਹੌਲੀ-ਹੌਲੀ ਕੱਟੜ ਵਿਚਾਰ ਪੈਦਾ ਹੋਣ ਤੇ ਫੈਲਣ ਲੱਗਾ ਅਤੇ ਹਨੇਰਾ ਛਾ ਗਿਆ। ਹਰਾ ਇਨਕਲਾਬ ਤੇ ਇਸ ਦਾ ਸ਼ੁਰੂਆਤੀ ਜ਼ੋਰ, ਭਵਿੱਖੀ ਯੋਜਨਾਬੰਦੀ ਦੀ ਅਣਹੋਂਦ, ਸਿੱਖਿਆ ਤੇ ਕਿਸਾਨਾਂ ਨੂੰ ਸਿਖਲਾਈ ਦੀ ਘਾਟ ਕਾਰਨ ਮਗਰੋਂ ਪੱਟੜੀਓਂ ਲਹਿ ਗਿਆ। ਫੂਡ ਪ੍ਰੋਸੈਸਿੰਗ 'ਚ ਖੇਤਰੀ ਸਨਅਤਾਂ ਜੋ ਖੇਤੀ ਅਰਥਚਾਰੇ ਦੇ ਨਾਲ ਆਉਣੀਆਂ ਚਾਹੀਦੀਆਂ ਸਨ, ਕਦੇ ਨਹੀਂ ਆਈਆਂ। ਜ਼ਮੀਨਾਂ ਦੀ ਮਾਲਕੀ ਘਟਣ ਅਤੇ ਕਰਜ਼ ਦੇ ਬੋਝ ਨਾਲ ਵਪਾਰਕ ਖੇਤੀ ਵੱਲ ਵਧੇ ਕਦਮਾਂ ਨੇ ਛੋਟੇ ਕਿਸਾਨਾਂ ਨੂੰ ਲਪੇਟ 'ਚ ਲੈ ਲਿਆ।

ਅੱਜ ਜਦੋਂ ਪੰਜਾਬ ਹੋਰ ਨਿਘਾਰ ਵੱਲ ਜਾ ਰਿਹਾ ਹੈ, ਅਸੀਂ ਇੱਕ ਵਾਰ ਫਿਰ ਆਪਣਾ ਮੁਲਕ ਵਿਦੇਸ਼ੀ ਤਾਕਤਾਂ ਦੇ ਲਾਹੇ ਲਈ ਖੋਲ੍ਹਣ ਦੇ ਖ਼ਤਰੇ ਵੱਲ ਵਧ ਰਹੇ ਹਾਂ ਜੋ ਲੰਮਾ ਸਮਾਂ ਸਾਡੀਆਂ ਵੈਰੀ ਰਹੀਆਂ ਹਨ। ਸਰਹੱਦ 'ਤੇ ਮਾਹੌਲ ਭਖਿਆ ਹੋਇਆ ਹੈ ਕਿਉਂਕਿ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਸਿਖ਼ਰਾਂ ਉੱਤੇ ਪਹੁੰਚ ਚੁੱਕੀ ਹੈ। ਮਜ਼ਬੂਤ, ਖੁਸ਼ਹਾਲ ਪੰਜਾਬ ਨਾ ਕੇਵਲ ਇਸ ਦੇ ਆਪਣੇ ਲੋਕਾਂ ਨੂੰ ਫ਼ਾਇਦਾ ਪਹੁੰਚਾਏਗਾ ਪਰ ਜਿਵੇਂ ਅਤੀਤ 'ਚ ਵੀ ਵਾਪਰਿਆ ਹੈ, ਇਹ ਦੇਸ਼ ਦੀ ਕੰਧ ਅਤੇ ਮੋਹਰਾ ਵੀ ਬਣਿਆ ਹੈ।

1947, 1965 ਅਤੇ 1971 ਦੀਆਂ ਜੰਗਾਂ ਇਸ ਦੀ ਧਰਤੀ 'ਤੇ ਹੀ ਲੜੀਆਂ ਗਈਆਂ ਸਨ ਜਿਨ੍ਹਾਂ 'ਚ ਇਸ ਦੇ ਬਹਾਦਰ ਬੰਦਿਆਂ ਨੇ ਭਰਪੂਰ ਯੋਗਦਾਨ ਦਿੱਤਾ। ਆਜ਼ਾਦੀ ਦੀ ਲੜਾਈ ਲੜਨ ਵਾਲੇ ਸ਼ਹੀਦਾਂ ਦੀ ਸੂਚੀ ਇਸ ਖੇਤਰ ਦੇ ਨਾਵਾਂ ਨਾਲ ਭਰੀ ਪਈ ਹੈ।

ਕੇਂਦਰ ਤੇ ਸੂਬਾ ਸਰਕਾਰਾਂ ਨੂੰ ਇਸ ਅਸਥਿਰਤਾ ਦਾ ਨੋਟਿਸ ਲੈਣਾ ਚਾਹੀਦਾ ਹੈ ਤੇ ਢੁੱਕਵੀਂ ਯੋਜਨਾ ਘੜਨੀ ਚਾਹੀਦੀ ਹੈ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਗੁਰਨਾਮ ਸਿੰਘ ਪੰਮਾ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੇ ਸਾਲਾਨਾ ਸਮਾਗਮ 'ਚ ਅਮਰੀਕੀ ਕਹਾਣੀ ਬਾਰੇ ਸੈਸ਼ਨ







ਹੇਵਰਡ (ਪ੍ਰੋ. ਚਰਨਜੀਤ ਸਿੰਘ ਪੰਨੂ)- ਵਿਸ਼ਵ ਪੰਜਾਬੀ ਸਾਹਿੱਤ ਅਕੈਡਮੀ ਕੈਲੀਫੋਰਨੀਆ ਦੇ ਸਾਲਾਨਾ ਸਮਾਗਮ ਦੇ ਦੂਸਰੇ ਦਿਨ ਅਮਰੀਕੀ ਕਹਾਣੀ ਬਾਰੇ ਸੈਸ਼ਨ ਸੰਚਾਲਕ ਦਾ ਜ਼ਿਮਾ ਚਰਨਜੀਤ ਸਿੰਘ ਪੰਨੂ ਦੇ ਹਿੱਸੇ ਆਇਆ। ਉਸ ਨੇ ਸਟੇਜ ਸੰਭਾਲਦੇ ਮੰਚ ਤੇ ਸਸ਼ੋਭਿਤ ਪ੍ਰਧਾਨਗੀ ਮੰਡਲ ਤੇ ਦਰਸ਼ਕਾਂ ਸਰੋਤਿਆ ਸਭ ਮਹਿਮਾਨਾਂ ਨੂੰ ਜੀ ਆਇਆਂ ਕਹਿੰਦੇ ਸਵਾਗਤ ਕੀਤਾ। 'ਮੈਂ ਭਾਵੇਂ ਵਰਿਆਮ ਨਹੀਂ ਹਾਂ, ਪਰ ਮੈਂ ਬੰਦਾ ਆਮ ਨਹੀਂ ਹਾਂ' ਸਭਾ ਦਾ ਆਗਾਜ਼ ਕਰਦੇ ਦੱਸਿਆ ਕਿ ਉਸ ਨੇ ਤੇ ਵਰਿਆਮ ਸੰਧੂ ਨੇ ਕਹਾਣੀ ਲਿਖਣੀ ਲਗ-ਪਗ ਅੱਗੜ ਪਿੱਛੜ ਹੀ ਸ਼ੁਰੂ ਕੀਤੀ ਸੀ ਪਰ ਉਹ ਛੜੱਪੇ ਮਾਰਦਾ ਨਿਕਲ ਗਿਆ। ਅੰਮ੍ਰਿਤਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ 1970-71 ਦੇ ਇੱਕ ਕਹਾਣੀ ਦਰਬਾਰ ਵਿਚ ਦਲਬੀਰ ਚੇਤਨ ਨੇ ਦੋਹਾਂ ਦੀਆਂ ਕਹਾਣੀਆਂ ਦਾ ਵੱਖਰੇ ਵੱਖਰੇ ਤਰੀਕੇ ਨਾਲ ਨੋਟਿਸ ਲਿਆ ਸੀ। ਪਹਿਲੇ ਸੈਸ਼ਨ ਵਿਚ ਵਰਿਆਮ ਸੰਧੂ ਨੇ ਕਿਹਾ ਸੀ ਕਿ ਪਰਤਾਪ ਸਿੰਘ ਕੈਰੋਂ ਨੂੰ ਸਾਰੇ ਲੋਕ ਜਾਣਦੇ ਸਨ ਪਰ ਉਹ ਕਿਸੇ ਕਿਸੇ ਨੂੰ ਹੀ ਜਾਣਦਾ ਸੀ। ਚਰਨਜੀਤ ਸਿੰਘ ਪੰਨੂ ਨੇ ਵੀ ਏਸੇ ਟੋਨ ਵਿਚ ਕਿਹਾ ਕਿ ਮੈਂ ਵਰਿਆਮ ਸੰਧੂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਪਰ ਉਹ ਮੈਨੂੰ ਨਹੀਂ ਜਾਣਦਾ। ਸੰਚਾਲਕ ਨੇ ਅੱਗੇ ਗੱਲ ਤੋਰਦੇ ਕਿਹਾ ਕਿ ਅੱਜਕੱਲ੍ਹ ਸਮੇਂ ਦੀ ਤਰੱਕੀ ਨਾਲ ਹਰੇਕ ਵਿਧਾ ਨੇ ਤਰੱਕੀ ਕੀਤੀ ਹੈ। ਕਹਾਣੀ ਲਿਖਣੀ ਤੇ ਨਾਲ ਕਹਾਣੀ ਪੜ੍ਹਨ ਕਲਾ ਬਾਰੇ ਵੀ ਵਰਕਸ਼ਾਪਾਂ ਲੱਗ ਰਹੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਰਚਨਾ ਆਪ ਬੋਲੇਗੀ, ਇਸ ਨੂੰ ਬੋਲਣ ਦਿਓ ਪਰ ਜੇ ਬੋਲਣ ਤੋਂ ਪਹਿਲਾਂ ਹੀ ਇਸ ਦੀ ਸੰਘੀ ਘੁੱਟ ਦਿਓ ਜਾਂ ਪੁੱਠੀ ਕਰ ਕੇ ਰੱਖ ਦਿਓ ਤਾਂ ਇਹ ਵਿਚਾਰੀ ਕੀ ਕਰੇਗੀ। ਪਿੱਛੇ ਵੇਖੋ! ਵੱਡਾ ਸਾਰਾ ਲੰਬਾ ਬੈਨਰ ਲਟਕਦਾ ਮੇਰੀਆਂ ਦੋ ਦਰਜਨ ਕਿਤਾਬਾਂ ਦਾ! ਧੰਨਵਾਦ ਵਿਪਸਾ ਦਾ ਜਿਸ ਨੇ ਇਹ ਬਣਵਾਇਆ। ਕੱਲ੍ਹ ਸ਼ਾਮ ਤੱਕ ਇਹ ਜਗ੍ਹਾ ਖਾਲੀ ਸੀ, ਮੈਂ ਸਰਸਰੀ ਸਵਾਗਤੀ ਡੈਸਕ ਤੇ ਰੁਕਿਆ ਤਾਂ ਇੱਕ ਫੋਲਡਰ ਨਜ਼ਰੀਂ ਪੈਂਦੇ ਮੈਂ ਖੋਲ੍ਹ ਲਿਆ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਜੇ ਇਹ ਬਣਵਾਇਆ ਈ ਹੈ ਤਾਂ ਛੁਪਾਇਆ ਕਿਉਂ ਤੇ ਕਿਸ ਨੇ? ਅੱਗੇ ਅਮਰੀਕੀ ਕਹਾਣੀ ਬਾਰੇ ਪੰਜਾਬ ਤੋਂ ਲਿਖਵਾਇਆ ਨਵਾਂ ਖੋਜ ਪਰਚਾ ਸਟੇਜ ਨਹੀਂ ਪੜ੍ਹਿਆ ਜਾ ਸਕਿਆ ਕਿਉਂਕਿ ਵਰਿਆਮ ਸੰਧੂ ਅਨੁਸਾਰ ਲੇਖਕ ਦੀ ਗ਼ੈਰਹਾਜ਼ਰੀ ਵਿਚ ਇਸ ਤੇ ਉੱਠਣ ਵਾਲੇ ਸਵਾਲਾਂ ਦਾ ਕੋਈ ਹੋਰ ਜੁਆਬ ਨਹੀਂ ਦੇ ਸਕਦਾ।

ਚੰਗੀ ਗੱਲ ਇਹ ਹੈ ਕਿ ਸਾਰੇ ਹਾਜ਼ਰ ਕਹਾਣੀਕਾਰ ਆਪਣੀ ਆਪਣੀ ਕਹਾਣੀ ਆਪ ਕਹਿਣ। ਉਨ੍ਹਾਂ ਦੇ ਸੁਝਾ ਤੇ ਮੰਚ ਸੰਚਾਲਕ ਨੇ ਮੰਚ ਤੇ ਹਾਜ਼ਰ ਸਭਨਾ ਨੂੰ ਵਾਰੀ ਵਾਰੀ ਦਾਅਵਤ ਦਿੱਤੀ। ਸਟਾਕਟਨ ਤੋਂ ਆਏ ਹਰਜਿੰਦਰ ਪੰਧੇਰ ਜਿਸ ਨੇ ਹੋਰ ਚੋਣਵੇਂ ਮਨਪਸੰਦ ਕਹਾਣੀਕਾਰਾਂ ਦੀਆਂ ਕਈ ਕਿਤਾਬਾਂ ਦੀ ਸੰਪਾਦਨਾ ਵਿਚ ਨਾਂ ਦਰਜ ਕਰਵਾਇਆ ਹੈ ਦਾ ਨੌਂਗਾ ਪਹਿਲਾ ਪਿਆ। ਉਸ ਨੇ ਦੱਸਿਆ ਕਿ ਉਹ ਕੈਲੀਫੋਰਨੀਆ ਸਾਹਿੱਤ ਸਭਾ ਦਾ ਮੁੱਢਲਾ ਮੈਂਬਰ ਸੀ ਤੇ ਉਸ ਤੋਂ ਹੀ ਸੇਧ ਲੈ ਕੇ ਉਸ ਨੂੰ ਕਹਾਣੀ ਦੀ ਚੇਟਕ ਲੱਗੀ। ਕੈਨੇਡਾ ਤੋਂ ਆਏ ਨਾਵਲਕਾਰ ਰਾਜਵੰਤ ਰਾਜ ਨੇ ਦੱਸਿਆ ਕਿ ਉਸ ਨੇ ਕੈਨੇਡਾ ਦੀ ਜ਼ਿੰਦਗੀ ਬਾਰੇ ਕਹਾਣੀ ਲਿਖਣ ਤੋਂ ਸ਼ੁਰੂ ਕਰਕੇ ਵੇਖੇ ਸੁਣੇ ਹੰਢਾਏ ਤਜਰਬੇ ਅਨੁਸਾਰ ਦੋ ਨਾਵਲ ਲਿਖੇ ਹਨ ਤੇ ਹੋਰ ਕਈ ਕੁੱਝ ਲਿਖਣ ਦੀ ਸੰਭਾਵਨਾ ਹੈ। ਗ਼ਦਰੀ ਬਾਬਿਆਂ ਦੀ ਨਗਰੀ ਸਟਾਕਟਨ ਰਹਿੰਦੀ ਹਰਪ੍ਰੀਤ ਕੌਰ ਧੂਤ ਬੜੀ ਪਿਆਰੀ ਕਵਿਤਾ ਵੀ ਕਹਿੰਦੀ ਹੈ ਤੇ ਕਹਾਣੀ ਲਿਖਦੀ ਹੈ, ਨੇ ਦੱਸਿਆ ਕਿ ਉਸ ਦੇ ਤਿੰਨ ਕਾਵਿ ਸੰਗ੍ਰਹਿ ਤੇ ਇੱਕ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਗੁਰਪ੍ਰੀਤ ਧੁੱਗਾ ਪੇਸ਼ੇ ਵੱਲੋਂ ਡਾਕਟਰ ਹੈ ਪਰ ਉਸ ਨੂੰ ਕਵਿਤਾ ਕਹਾਣੀ ਲਿਖਣ ਦਾ ਵੀ ਸ਼ੌਕ ਹੈ। ਉਸ ਦੇ 'ਚਾਲੀ ਦਿਨ' ਨੇ ਪਿਛਲੇ ਸਾਲ ਭਰ ਤੋਂ ਹਲਚਲ ਮਚਾ ਰੱਖੀ ਹੈ। ਅਮਰਜੀਤ ਪੰਨੂ ਨੇ ਕਵਿਤਾ ਕਹਾਣੀ ਤੇ ਇੱਕ ਅੰਗਰੇਜ਼ੀ ਨਾਵਲ 'ਸਪਲਿੰਟਡ ਵਾਟਰ' ਲਿਖਿਆ ਹੈ ਤੇ ਹੋਰ ਸਫ਼ਰ ਜਾਰੀ ਹੈ। ਅਮਰੀਕੀ ਕਹਾਣੀਆਂ ਦੀ ਕਿਤਾਬ ਵਿਚ ਉਸ ਨੇ ਇੱਕ ਸੰਪਾਦਕ ਵਜੋਂ ਵੀ ਭੂਮਿਕਾ ਨਿਭਾਈ ਹੈ। ਚਰਨਜੀਤ ਸਿੰਘ ਪੰਨੂ ਹੋਰਾਂ ਨੂੰ ਪ੍ਰੇਸ਼ ਕਰਨ ਦੇ ਵਿਚ ਵਿਚਾਲੇ ਆਪਣੀਆਂ ਟਿੱਪਣੀਆਂ ਨਾਲ ਮਾਹੌਲ ਨੂੰ ਰੋਚਕ ਬਣਾਉਣ ਦੇ ਬਹਾਨੇ ਆਪਣਾ ਵੱਤਰ ਵਾਹੁੰਦਾ ਰਿਹਾ। ਉਸ ਨੇ ਵਰਿਆਮ ਸੰਧੂ ਵੱਲੋਂ ਆਈ ਇੱਕ ਈਮੇਲ ਵਾਲੀ ਕਹਾਣੀ ਦੱਸੀ ਕਿ ਕਿਵੇਂ ਉਸ ਵੱਲੋਂ ਲੰਡਨ ਦੇ ਕਿਸੇ ਹੋਟਲ ਵਿਚ ਬਟੂਆ ਚੋਰੀ ਹੋਣ ਕਾਰਨ ਇੱਕ ਹਜਾਰ ਦਾ ਹੋਟਲ ਬਿੱਲ ਚੁਕਾਉਣ ਵਾਸਤੇ ਮਦਦ ਮੰਗੀ ਗਈ ਸੀ। ਫ਼ੋਨ ਕਰਨ ਤੇ ਸੰਧੂ ਸਾਹਿਬ ਰਨਾਲ ਸੰਪਰਕ ਹੋ ਗਿਆ। ਉਨ੍ਹਾਂ ਦੱਸਿਆ ਕਿ ਉਸ ਦੀ ਈਮੇਲ ਹੈਕ ਕਰ ਕੇ ਕਿਸੇ ਕਾਰੇਹੱਥੇ ਨੇ ਮੇਰੇ ਦੋਸਤਾਂ ਨਾਲ ਠੱਗੀ ਮਾਰਨ ਦੀ ਕੋਸ਼ਿਸ਼ ਕੀਤੀ ਹੈ, ਸ਼ੁਕਰ ਤੁਸੀਂ ਬਚ ਗਏ। ਚਰਨਜੀਤ ਸਿੰਘ ਪੰਨੂ ਅਨੁਸਾਰ ਇਸ ਸਕੈਮ ਦੁਰਘਟਨਾ ਬਾਰੇ ਉਸ ਦੇ ਕਈ ਲੇਖ 'ਸਾਵਧਾਨ ਸਕੈਮ' ਤੇ ਕਹਾਣੀ 'ਬੋ.ਲਾ ਬੱਦਲ' ਦੀ ਉਪਜ ਹੋਈ ਸੀ।

ਅਖੀਰ ਤੇ ਚਰਨਜੀਤ ਸਿੰਘ ਪੰਨੂ ਨੇ ਵਰਿਆਮ ਸੰਧੂ ਨੂੰ ਪ੍ਰਧਾਨਗੀ ਭਾਸ਼ਣ ਵਾਸਤੇ ਦਾਅਵਤ ਦਿੱਤੀ। ਨਿੱਕੀ ਜਾਂ ਲੰਬੀ ਕਹਾਣੀ ਬਾਰੇ ਚਰਚਾ ਛੇੜਦਿਆਂ ਉਸ ਨੇ ਆਪਣੀਆਂ ਲੰਬੀਆਂ ਕਹਾਣੀਆਂ ਬਾਰੇ ਭਰਪੂਰ ਜਾਣਕਾਰੀ ਦੁਹਰਾਈ। ਤਿੰਨ ਵਜੇ ਤੱਕ ਚਟਪਟੇ ਮਿਰਚ ਮਸਾਲੇ ਭਰਪੂਰ ਵਰਿਆਮ ਸੰਧੂ ਦੇ ਭਾਸ਼ਣ ਨੇ ਸਰੋਤਿਆਂ ਦੇ ਸਾਹਮਣੇ ਟੇਬਲਾਂ ਤੇ ਪਰੋਸੇ ਮਜ਼ੇਦਾਰ ਲੰਚ ਦੀ ਉਤੇਜਨਾ ਭਟਕਾ ਉਟਕਾ ਦਿੱਤੀ। ਉਸ ਦੀ ਟਿੱਪਣੀ ਕਿ ਕਿਸੇ ਵਿਦਵਾਨ ਜਾਂ ਆਲੋਚਕ ਨੇ ਉਸ ਨੂੰ ਚੰਗੀ ਤਰਾਂ ਸਮਝਿਆ ਨਹੀਂ, ਨਾਲ ਸਰੋਤਿਆਂ ਨੇ ਹਮਦਰਦੀ ਪ੍ਰਗਟਾਈ ਜਿਵੇਂ ਕਹਿੰਦੇ ਹੋਣ ਸੱਚਮੁੱਚ ਹੀ ਬਹੁਤ ਬੇਇਨਸਾਫ਼ੀ ਹੋਈ ਹੈ ਵਿਚਾਰੇ ਨਾਲ! ਕਵਿਤਾ ਕਹਾਣੀਆਂ, ਨਾਵਲ, ਨਾਟਕ, ਸਫ਼ਰਨਾਮੇ ਆਦਿ ਤੀਹ ਪੁਸਤਕਾਂ ਦੇ ਰਚਨਹਾਰ ਮੰਚ ਸੰਚਾਲਕ ਚਰਨਜੀਤ ਸਿੰਘ ਪੰਨੂ ਨੇ ਚੁੱਪ ਹੀ ਭਲੀ ਸਮਝੀ। ਸੁਰਿੰਦਰ ਸੁੰਨੜ ਸਾਹਿਬ ਵਿਚਾਰੇ ਵੀ ਸੁੰਨ ਹੋ ਗਏ ਜਿਨ੍ਹਾਂ ਕਵਿਤਾ ਸੈਸ਼ਨ ਵਿਚ ਪੜ੍ਹੇ ਡਾ। ਮੋਹਣ ਤਿਆਗੀ ਦੇ ਖੋਜ ਪੱਤਰ ਮਗਰੋਂ ਇਤਰਾਜ਼ ਉਠਾਇਆ ਸੀ ਕਿ ਮੈਨੂੰ ਗਿਆਰਾਂ ਕਿਤਾਬਾਂ ਦੇ ਲੇਖਕ ਨੂੰ ਨਹੀਂ ਗੌਲ਼ਿਆ ਗਿਆ! ਸੰਤੋਖ ਮਿਨਹਾਸ ਵੀ ਗਿਲਾ ਕਰਦਾ ਆਪਣਾ ਨਾਂ ਲੱਭਦਾ ਰਹਿ ਗਿਆ। ਇਸ ਭੰਬਲਭੂਸੇ ਨੂੰ ਲਖਵਿੰਦਰ ਜੌਹਲ ਨੇ ਦਖ਼ਲ ਦੇ ਕੇ ਬੜੀ ਸਮਝਦਾਰੀ ਨਾਲ ਨਜਿੱਠਿਆ ਸੀ ਕਿ ਇੱਕ ਪਰਚੇ ਵਿਚ ਅਮਰੀਕਾ ਭਰ ਦੇ ਸਾਰੇ ਨਾਂ ਨਹੀਂ ਲਿਖੇ ਜਾ ਸਕਦੇ, ਇਸ ਲਈ ਹੋਰ ਪਰਚੇ ਲਿਖੇ ਜਾ ਸਕਦੇ ਹਨ।"

# ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਨੇ ਸੈਂਟਰਲ ਵੈਲੀ ਦੇ ਸੀਨੀਅਰ ਅਥਲੀਟਾਂ ਨੂੰ 2024 ਵਿੱਚ ਟਰੈਕ ਅਤੇ ਫੀਲਡ ਵਿੱਚ ਪ੍ਰਾਪਤੀਆਂ ਲਈ ਕੀਤਾ ਸਨਮਾਨਿਤ

ਫਰਿਜਨੋ, ਕੈਲੀਫੋਰਨੀਆ (ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)- ਪਿਛਲੇ ਲੰਮੇ ਅਰਸੇ ਤੋਂ ਫਰਿਜ਼ਨੋ ਏਰੀਏ ਦੇ ਸੀਨੀਅਰ ਐਥਲੀਟ ਦੁਨੀਆਂ ਭਰ ਵਿੱਚ ਸੀਨੀਅਰ ਖੇਡਾਂ ਵਿੱਚ ਭਾਗ ਲੈਕੇ ਮੈਡਲ ਜਿੱਤਕੇ ਭਾਈਚਾਰੇ ਦਾ ਮਾਣ ਵਧਾਉਂਦੇ ਆ ਰਹੇ ਹਨ।

ਇਹ ਐਥਲੀਟਾਂ ਦਾ ਹੌਸਲਾ ਫਿਜਾਈ ਲਈ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵੱਲੋਂ ਲੰਘੇ ਐਤਵਾਰ ਸਨਮਾਨਿਤ ਕੀਤਾ ਗਿਆ। ਇਹਨਾਂ ਐਥਲੀਟਾਂ ਵਿੱਚ ਗੁਰਬਖਸ਼ ਸਿੰਘ ਸਿੱਧੂ ਨੇ 20 ਸੋਨ ਤਗਮੇ, 6 ਚਾਂਦੀ ਦੇ ਤਗਮੇ ਅਤੇ 4 ਕਾਂਸੀ ਦੇ ਤਗਮੇ, ਸੁਖਨੈਨ ਸਿੰਘ ਨੇ 2 ਸੋਨ ਤਗਮੇ ਅਤੇ 2 ਚਾਂਦੀ ਦੇ ਤਗਮੇ, ਸੁਖਦੇਵ ਸਿੰਘ ਸਿੱਧੂ ਨੇ 2 ਸੋਨ ਤਗਮੇ, ਰਾਜ ਬਰਾੜ ਨੇ 2 ਸੋਨ ਤਗਮੇ, ਰਣਧੀਰ ਸਿੰਘ ਵਿਰਕ ਨੇ 6 ਸੋਨ ਤਗਮੇ ਅਤੇ 2 ਚਾਂਦੀ ਦੇ ਤਗਮੇ, ਕਮਲਜੀਤ ਸਿੰਘ ਬੈਨੀਪਾਲ ਨੇ 3 ਸੋਨ ਤਗਮੇ, 3 ਚਾਂਦੀ ਦੇ ਤਗਮੇ, ਹਰਦੀਪ ਸਿੰਘ ਸੰਘੇੜਾ ਨੇ 4 ਸੋਨ ਤਗਮੇ ਅਤੇ 2



ਚਾਂਦੀ ਦੇ ਤਗਮੇ, ਚਰਨ ਸਿੰਘ ਗਿੱਲ ਨੇ 2 ਸੋਨ ਤਗਮੇ, 1 ਕਾਂਸੀ ਦਾ ਤਗਮਾ, ਪਵਿਤਰ ਸਿੰਘ ਕਲੇਰ ਨੇ 2 ਸੋਨ ਤਗਮੇ ਅਤੇ 1 ਚਾਂਦੀ ਦਾ ਤਗਮਾ, ਕਰਮ ਸਿੰਘ ਸੰਘਾ ਨੇ 1 ਸੋਨ ਤਗਮਾ ਅਤੇ ਕੁਲਵੰਤ ਸਿੰਘ ਲੰਬਰ ਨੇ 2 ਸੋਨ ਤਗਮੇ, 1 ਚਾਂਦੀ ਦਾ ਤਗਮਾ ਅਤੇ 2 ਕਾਂਸੀ ਦੇ ਤਗਮੇ ਜਿੱਤੇ।

ਸਾਰੇ ਅਥਲੀਟਾਂ ਨੇ ਟ੍ਰੈਕ ਐਂਡ ਫੀਲਡ ਵਿੱਚ ਆਪਣੀਆਂ ਪ੍ਰਾਪਤੀਆਂ ਦਾ ਸਨਮਾਨ ਕਰਨ ਲਈ ਗੁਰਦੁਆਰਾ ਸਾਹਿਬ ਬੋਰਡ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਲਕੀਅਤ ਸਿੰਘ ਕਰਨਾਲ ਜੀ ਨੇ ਬੋਲੇ ਸੋਹਣੇ ਜੈਕਾਰਿਆਂ ਨਾਲ ਹਰੇਕ ਐਥਲੀਟ ਨੂੰ ਸਿਰੋਪਾ  ਸਾਹਿਬ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਬੋਲਦਿਆਂ ਐਥਲੀਟ ਗੁਰਬਖਸ਼ ਸਿੰਘ ਸਿੱਧੂ ਨੇ ਗੁਰੂ ਘਰ ਦੀ ਕਮੇਟੀ ਦਾ ਧੰਨਵਾਦ ਕੀਤਾ ਅਤੇ ਕਿ ਸਾਨੂੰ ਉਮੀਦ ਹੈ ਕਿ ਅਗਲੇ ਸਾਲ ਕੈਲੀਫੋਰਨੀਆ ਵਿੱਚ ਹੋਣ ਵਾਲੀਆਂ ਟ੍ਰੈਕ ਅਤੇ ਫੀਲਡ ਗੇਮਾਂ ਲਈ ਹੋਰ ਅਥਲੀਟ ਸਾਡੇ ਨਾਲ ਸ਼ਾਮਲ ਹੋਣਗੇ। ਇਸ ਮੌਕੇ ਗੁਰੂ ਕੇ ਲੰਗਰ ਦੀ ਸੇਵਾ  ਦੇਦੀਪ ਸਿੰਘ ਸਿੱਧੂ ਤੇ ਪਰਿਵਾਰ ਵੱਲੋਂ ਆਪਣੇ ਬੇਟੇ ਜਸਪ੍ਰੀਤ ਸਿੰਘ ਸਿੱਧੂ ਵੱਲੋਂ ਸਕੂਲ ਟਰੱਸਟੀ ਦੀ ਚੋਣ ਜਿੱਤਣ ਦੀ ਖੁਸ਼ੀ ਵਿੱਚ ਕੀਤੀ ਗਈ, ਇਸ ਮੌਕੇ ਸਿੱਧੂ ਪਰਿਵਾਰ ਨੇ ਜਿੱਥੇ ਗੁਰੂ ਦਾ ਸ਼ੁਕਰਾਨਾ ਕੀਤਾ  ਥੇ ਸਮੂਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਲਈ ਸੰਗਤ ਦਾ ਵੀ ਧੰਨਵਾਦ ਕੀਤਾ।

# ਅੰਤਰ-ਰਾਸ਼ਟਰੀ ਖਿਡਾਰੀ ਗੁਰਬਖਸ਼ ਸਿੰਘ ਸਿੱਧੂ ਅਤੇ ਸੰਦੀਪ ਸੁਲਤਾਨ ਦੇ ਸਨਮਾਨ ਵਿੱਚ ਰਾਤਰੀ ਦੇ ਖਾਣੇ ਦੀ ਦਾਵਤ

## "ਕਰਮਨ ਦੀ ਮੇਅਰ ਮਰੀਆਂ ਪੈਚੀਕੋ ਨੇ ਕਰੀ ਸ਼ਿਰਕਤ"

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਪੰਜਾਬੀ ਭਾਈਚਾਰੇ ਦਾ ਅੰਤਰ-ਰਾਸ਼ਟਰੀ ਖੇਡਾਂ ਵਿੱਚ ਨਾਂ ਚਮਕਾਉਣ ਵਾਲੇ ਮਾਸਟਰ ਐਥਲੇਟਿਕਸ ਦੇ ਖਿਡਾਰੀ ਗੁਰਬਖਸ਼ ਸਿੰਘ ਸਿੱਧੂ ਅਤੇ ਕਬੱਡੀ ਖਿਡਾਰੀ ਸੰਦੀਪ ਸੁਲਤਾਨ ਦੇ ਸਨਮਾਨ ਵਿੱਚ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਰਾਤਰੀ ਦੇ ਖਾਣੇ ਦੀ ਦਾਵਤ ਦਿੱਤੀ ਗਈ। ਇਸ ਸਮੇਂ ਜਿੱਥੇ ਖੇਡ ਜਗਤ ਵਿੱਚ ਪੰਜਾਬੀ ਖਿਡਾਰੀਆਂ ਦੀਆਂ ਹਰ ਉਮਰ ਦੇ ਵਰਗ ਵਿੱਚ ਮਾਰੀਆਂ ਮੱਲਾਂ ਦਾ ਜ਼ਿਕਰ ਕੀਤਾ ਗਿਆ, ਉੱਥੇ ਨਵੇਂ ਉੱਭਰ ਰਹੇ ਖਿਡਾਰੀਆਂ ਉਤਸ਼ਾਹਤ ਕਰਨ ਅਤੇ ਉਨ੍ਹਾਂ ਦੇ ਮਨੋਬਲ ਨੂੰ ਚੁੱਕਣ ਲਈ ਭਾਈਚਾਰੇ ਵੱਲੋ ਹੋ ਰਹੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ ਗਈ। ਪ੍ਰੋਗਰਾਮ ਦੇ ਅਗਲੇ ਦੌਰ ਵਿੱਚ ਬੋਲਦੇ ਹੋਏ ਸਾਬਕਾ ਕਬੱਡੀ ਖਿਡਾਰੀ ਅਤੇ ਗੀਤਕਾਰ ਗੁਲਬਿੰਦਰ ਗੈਰੀ ਢੇਸੀ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਪ੍ਰੋਗਰਾਮ ਦਾ



ਅਰੰਭ ਕੀਤਾ। ਇਸ ਬਾਅਦ ਹਾਜ਼ਰੀਨ ਦੇ ਮਨੋਰੰਜਨ ਲਈ ਗਾਇਕੀ ਦਾ ਦੌਰ ਵੀ ਚੱਲਿਆ। ਜਿਸ ਦੀ ਸ਼ੁਰੂਆਤ ਸਥਾਨਕ ਗਾਇਕ ਅਤੇ ਖਿਡਾਰੀ ਕਮਲਜੀਤ ਬੈਨੀਪਾਲ ਨੇ ਧਾਰਮਿਕ ਗੀਤ ਰਾਹੀਂ ਕੀਤੀ ਅਤੇ ਹੋਰ ਬਹੁਤ ਸਾਰੇ ਗੀਤ ਗਾਏ। ਇਸ ਉਪਰੰਤ ਗਾਇਕ ਅਤੇ ਅਦਾਕਾਰ ਅਵਤਾਰ ਗਰੇਵਾਲ ਨੇ ਆਪਣੇ ਗੀਤਾਂ ਅਤੇ ਕਮੇਡੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕੀਤਾ। ਗੀਤਕਾਰ ਸਤਬੀਰ ਹੀਰ ਨੇ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਹਾਜ਼ਰੀਨ ਨਾਲ ਸਾਂਝੀਆਂ ਕੀਤੀਆਂ।

ਇਸ ਪ੍ਰੋਗਰਾਮ ਵਿੱਚ ਕਰਮਨ ਸ਼ਹਿਰ ਦੀ ਮੇਅਰ ਮਰੀਆਂ ਪੈਚੀਕੋ ਅਤੇ ਰੋਟਰੀ ਕਲੱਬ ਦੀ ਮੁੱਖ ਪ੍ਰਬੰਧਕ ਵੈਰੋਣਕਾ ਨੇ ਆਪਣੇ ਮੁੱਖ ਮੈਂਬਰਾਂ ਸਮੇਤ ਹਾਜ਼ਰੀ ਭਰਦੇ ਹੋਏ ਜਿੱਥੇ ਇਨ੍ਹਾਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ, ਉੱਥੇ ਸਮੂੰਹ ਹਾਜ਼ਰੀਨ ਨੂੰ ਕ੍ਰਿਸਮਿਸ ਦੀਆਂ ਵਧਾਈਆਂ ਵੀ ਦਿੱਤੀਆਂ। ਸਮੁੱਚੇ ਪ੍ਰੋਗਰਾਮ ਨੂੰ ਆਯੋਜਿਤ ਅਤੇ ਸਪਾਂਸਰ ਕਰਨ ਵਿੱਚ ਗੁਲਬਿੰਦਰ ਗੈਰੀ ਢੇਸੀ ਦੀ ਅਹਿਮ ਭੂਮਿਕਾ ਰਹੀ। ਅੰਤ ਰਾਤਰੀ ਦੇ ਖਾਣੇ ਦਾ ਸੁਆਦ ਅਤੇ ਅਮੈਰੀਕਨ ਭਾਈਚਾਰੇ ਦੀ ਸਾਂਝ ਨਾਲ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਘਰ ਵਿੱਚ ਹੀ ਤਿਆਰ ਹੋਣ ਵਾਲਾ ਹਥਿਆਰ ਜਿਸ ਨੇ ਅਮਰੀਕੀ ਪੁਲਿਸ ਦੀ ਨੀਂਦ ਉਡਾ ਦਿੱਤੀ ਹੈ

ਅਮਰੀਕਾ ਦੇ ਨਿਊਯਾਰਕ ਵਿੱਚ ਇੱਕ ਹੈਲਥਕੇਅਰ ਐਗਜ਼ੀਕਿਊਟਿਵ ਦੇ ਕਤਲ ਦੇ ਇਲਜ਼ਾਮ ਵਿੱਚ ਗ੍ਰਿਫ਼ਤਾਰ ਕੀਤੇ ਗਏ ਸ਼ੱਕੀ ਲੁਈਗੀ ਮੈਂਗਿਓਨ ਤੋਂ ਕਥਿਤ ਤੌਰ 'ਤੇ ਬਰਾਮਦ ਕੀਤੇ ਗਏ ਕਾਲੇ ਪਿਸਤੌਲ ਨੂੰ ਪੁਲਿਸ ਅਧਿਕਾਰੀਆਂ ਨੇ ਇੱਕ 'ਗੋਸਟ ਗਨ' ਦੱਸਿਆ ਹੈ। ਅਮਰੀਕਾ ਵਿੱਚ ਅਜਿਹਾ ਹਥਿਆਰ ਜਿਸ ਦਾ ਕੋਈ ਸੀਰੀਅਲ ਨੰਬਰ ਮੌਜੂਦ ਨਾ ਹੋਵੇ ਅਤੇ ਸ਼ਨਾਖ਼ਤ ਸੰਭਵ ਨਾ ਹੋਵੇ, ਨੂੰ ਗੋਸਟ ਗਨ ਕਿਹਾ ਜਾਂਦਾ ਹੈ। ਕਿਹਾ ਜਾ ਰਿਹਾ ਹੈ, ਇਹ ਹਥਿਆਰ ਘਰੇ ਬੈਠੇ ਤਿਆਰ (ਅਸੈਂਬਲ) ਕੀਤਾ ਜਾ ਸਕਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸੰਭਾਵੀ ਤੌਰ 'ਤੇ ਡਿਵਾਈਸ ਨੂੰ 3 ਡੀ ਪ੍ਰਿੰਟਰ ਦੀ ਵਰਤੋਂ ਕਰਕੇ ਬਣਾਇਆ ਹੋ ਸਕਦਾ ਹੈ, ਪਰ ਪੁਸ਼ਟੀ ਲਈ ਬੈਲਿਸਟਿਕ ਮਾਹਰ ਇਸ ਦਾ ਟੈਸਟ ਕਰਨਗੇ। ਯੂਨਾਈਟਿਡ ਹੈਲਥਕੇਅਰ ਦੇ ਸੀਈਓ ਬ੍ਰਾਇਨ ਥੌਮਸਨ ਦੇ ਕਤਲ ਨੇ ਇੱਕ ਵਾਰ ਫਿਰ ਵਿਵਾਦਿਤ ਹਥਿਆਰ ਨੂੰ ਬਹਿਸ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ, ਜਿਸ ਨੂੰ ਵਕਾਲਤ ਸਮੂਹ " ਦੇਸ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਹਥਿਆਰ ਸੁਰੱਖਿਆ ਸਮੱਸਿਆ" ਕਹਿ ਰਹੇ ਹਨ। ਇੱਥੇ ਇਸ ਹਥਿਆਰ ਬਾਰੇ ਵਧੇਰੇ ਜਾਣਕਾਰੀ ਲਈ ਕੁਝ ਅਹਿਮ ਤੱਥਾਂ 'ਤੇ ਗੱਲ ਕਰਦੇ ਹਾਂ।

### ਗੋਸਟ ਗਨ ਕੀ ਹੈ

ਇਸ ਹਥਿਆਰ ਨੂੰ 'ਗੋਸਟ ਗਨ' (ਭੂਤ ਬੰਦੂਕ) ਕਿਹਾ ਜਾਂਦਾ ਹੈ ਕਿਉਂਕਿ ਇਸ ਨੂੰ ਲੱਭਣਾ ਲਗਭਗ ਅਸੰਭਵ ਹੈ। ਹਥਿਆਰ ਨੂੰ ਘਰ ਹੀ ਵਿੱਚ ਕਬਾੜ (ਸਕ੍ਰੈਚ) ਤੋਂ ਜਾਂ ਪੁਰਜ਼ਿਆਂ ਦੀ ਕਿੱਟ ਰਾਹੀਂ ਤਿਆਰ ਕੀਤਾ ਜਾ ਸਕਦਾ ਹੈ ਅਤੇ ਇਸ 'ਤੇ ਸੀਰੀਅਲ ਨੰਬਰ ਨਹੀਂ ਹੁੰਦੇ ਹਨ। ਉਹ ਹਥਿਆਰ ਜੋ ਲੁਈਗੀ ਮੈਂਗਿਓਨ ਨੇ ਕਥਿਤ ਤੌਰ 'ਤੇ ਆਪਣੇ ਬੈਕਪੈਕ ਵਿੱਚ ਰੱਖਿਆ ਹੋਇਆ ਸੀ, ਉਹ ਆਮ ਜਾਪਦਾ ਹੈ। ਗ੍ਰਿਫ਼ਤਾਰੀ ਵਾਰੰਟ ਵਿੱਚ ਹਥਿਆਰ ਨੂੰ ਇੱਕ "ਧਾਤੂ ਸਲਾਈਡ ਅਤੇ ਸਾਈਲੈਂਸਰ ਦੇ ਨਾਲ ਇੱਕ 3ਡੀ-ਪ੍ਰਿੰਟਿਡ ਲੋਡਿਡ ਰਿਸੀਵਰ ਵਰਗਾ ਅਰਧ-ਆਟੋਮੈਟਿਕ ਪਿਸਤੌਲ" ਦੱਸਿਆ ਗਿਆ ਹੈ।

ਪੁਲਿਸ ਨੇ ਕਿਹਾ ਕਿ ਪਿਸਤੌਲ 9 ਐਮਐਮ ਰਾਊਂਡ ਫਾਇਰ ਕਰ ਸਕਦਾ ਹੈ ਅਤੇ ਹਫ਼ਤੇ ਪਹਿਲਾਂ ਨਿਊ ਯਾਰਕ ਵਿੱਚ ਥੌਮਸਨ ਦੀ ਜਾਨਲੇਵਾ ਗੋਲੀਬਾਰੀ ਵਿੱਚ ਵਰਤੇ ਗਏ ਹਥਿਆਰ ਨਾਲ ਮੇਲ ਖਾਂਦਾ ਸੀ। ਹਥਿਆਰਾਂ ਦੇ ਕਾਬੂ ਪਾਉਣ ਦੇ ਹੱਕ ਵਿੱਚ ਬਹਿਸ ਕਰਦਿਆਂ, ਬਾਈਡਨ ਪ੍ਰਸ਼ਾਸਨ ਨੇ ਪਹਿਲਾਂ ਕਿਹਾ ਹੈ ਕਿ ਗੋਸਟ ਗਨ ਬਣਾਉਣਾ "ਬਹੁਤ ਆਸਾਨ" ਹੈ। ਅਗਸਤ 2023 ਤੱਕ, ਇੰਟਰਨੈੱਟ ਤੱਕ ਪਹੁੰਚ ਰੱਖਣ ਵਾਲਾ ਕੋਈ ਵੀ ਵਿਅਕਤੀ ਬਿਨਾਂ ਕਿਸੇ ਬੈਕਗਰਾਊਂਡ ਦੀ ਜਾਣਕਾਰੀ ਦਿੰਦਿਆਂ ਹਥਿਆਰ ਲਈ ਜ਼ਰੂਰੀ ਕਈ ਪੁਰਜੇ ਕਾਨੂੰਨੀ ਤੌਰ 'ਤੇ ਖਰੀਦ ਸਕਦਾ ਹੈ। ਆਨਲਾਈਨ ਟਿਊਟੋਰਿਅਲ ਦੱਸਦੇ ਹਨ ਕਿ ਕਿਵੇਂ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਕੰਮ ਕਰਨ ਵਾਲੀ ਹਥਿਆਰ ਦੇ ਪੁਰਜ਼ੇ ਜੋੜੇ ਜਾ ਸਕਦੇ ਹਨ।

### ਕਿੰਨੀ ਵੱਡੀ ਸਮੱਸਿਆ ਹੈ ਇਹ

ਮਾਹਰ ਗੋਸਟ ਹਥਿਆਰ ਨੂੰ ਅਮਰੀਕਾ ਦੀ ਤੇਜ਼ੀ ਨਾਲ ਵਧਦੀ ਸਭ ਤੋਂ ਵੱਡੀ ਹਥਿਆਰ ਸੁਰੱਖਿਆ ਸਮੱਸਿਆ ਦੱਸ ਰਹੇ ਹਨ। ਇਸ ਹਥਿਆਰ ਦੀ ਵਰਤੋਂ ਹਾਈ-ਪ੍ਰੋਫਾਈਲ ਸ਼ੂਟਿੰਗ ਵਿੱਚ ਵੱਧਦੀ ਜਾ ਰਹੀ ਹੈ। ਬਿਓਰੋ ਆਫ ਅਲਕੋਹਲ ਤੰਬਾਕੂ, ਹਥਿਆਰ ਅਤੇ ਵਿਸਫੋਟਕ ਬਿਊਰੋ (ਏਟੀਐੱਫ) ਦੇ ਅੰਕੜਿਆਂ ਅਨੁਸਾਰ, 2022 ਵਿੱਚ ਕੀਤੀ ਗਈ ਜਾਂਚ ਵਿੱਚ 20,000 ਸ਼ੱਕੀ ਗੋਸਟ ਹਥਿਆਰ ਮਿਲੇ, ਜੋ ਕਿ 2016 ਤੋਂ ਦਸ ਗੁਣਾ ਵੱਧ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਗੋਸਟ ਹਥਿਆਰਾਂ ਦੇ ਫਰੇਮਾਂ 'ਤੇ ਸੀਰੀਅਲ ਨੰਬਰ ਨਹੀਂ ਹਨ। ਇਸ ਲਈ ਬਿਨਾਂ ਲਾਇਸੈਂਸ ਦੇ ਨਾਬਾਲਗ਼ਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਅਜਿਹੀਆਂ ਹਥਿਆਰਾਂ ਨੂੰ ਵੇਚਣ ਵਾਲੇ ਡੀਲਰਾਂ ਨੂੰ ਫੜਨਾ ਜ਼ਾਹਰ ਤੌਰ 'ਤੇ ਅਸੰਭਵ ਹੋ ਜਾਂਦਾ ਹੈ। ਇੱਕ ਸਾਬਕਾ ਸਰਕਾਰੀ ਅਧਿਕਾਰੀ ਨੇ ਸਵਾਲ ਕੀਤਾ ਕਿ ਕੀ ਥੌਮਸਨ ਦਾ ਕਤਲ ਲੋਕਾਂ ਦੀ ਮਾਨਸਿਕਤਾ ਨੂੰ ਬਦਲੇਗਾ। ਜੂਲੀਅਟ ਕਾਯਮ ਨੇ ਦੱਸਿਆ, "ਗੋਸਟ ਹਥਿਆਰ ਇੱਕ ਬਹੁਤ ਹੀ ਗੁੰਝਲਦਾਰ ਅਤੇ ਹਿੰਸਕ ਦੇਸ਼ ਵਿੱਚ ਇੱਕ ਨਵਾਂ ਕਾਰਕ ਹਨ।" ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੀ ਨੀਤੀ ਲਈ ਸਾਬਕਾ ਸਹਾਇਕ ਸਕੱਤਰ ਜੂਲੀਅਟ ਕਾਯਮ ਨੇ ਕਿਹਾ ਕਿ ਹਥਿਆਰਾਂ 'ਤੇ ਪਾਬੰਦੀ ਲਗਾਉਣਾ ਅਮਰੀਕਾ ਲਈ "ਹਮੇਸ਼ਾ ਮੁਸ਼ਕਲ" ਰਿਹਾ ਹੈ। ਸੈਂਟਰ ਫਾਰ ਡਿਸੀਜ਼ ਐਂਡ ਪ੍ਰੀਵੈਂਸ਼ਨ (ਸੀਡੀਸੀ) ਅਨੁਸਾਰ, 2022 ਵਿੱਚ ਸੰਯੁਕਤ ਰਾਜ ਵਿੱਚ ਹਥਿਆਰਾਂ ਨਾਲ 48,000 ਤੋਂ ਵੱਧ ਲੋਕ ਮਾਰੇ ਜਾਣਗੇ।



### ਕੀ ਗੋਸਟ ਹਥਿਆਰਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ

ਥੌਮਸਨ ਦੇ ਕਤਲ ਨੇ ਗੋਸਟ ਹਥਿਆਰਾਂ ਦੀ ਜਾਂਚ ਨੂੰ ਨਵੇਂ ਸਿਰਿਓਂ ਸ਼ੁਰੂ ਕਰ ਦਿੱਤਾ ਹੈ। ਬਾਈਡਨ ਪ੍ਰਸ਼ਾਸਨ ਨੇ ਗੋਸਟ ਹਥਿਆਰਾਂ ਨੂੰ ਇਹ ਕਹਿ ਕੇ ਨਿਯਮਤ ਕਰਨ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨਾਲ ਵਪਾਰਕ ਤੌਰ 'ਤੇ ਉਪਲਬਧ ਹਥਿਆਰਾਂ ਵਾਂਗ ਹੀ ਵਿਹਾਰ ਕੀਤਾ ਜਾਣਾ ਚਾਹੀਦਾ ਹੈ। ਗੋਸਟ ਹਥਿਆਰਾਂ ਦੀਆਂ ਕਿੱਟਾਂ ਦੇ ਨਿਰਮਾਤਾਵਾਂ ਨੂੰ ਹੁਣ ਆਪਣੇ ਉਤਪਾਦਾਂ 'ਤੇ ਸੀਰੀਅਲ ਨੰਬਰ ਲਿਖਣ ਅਤੇ ਗੋਸਟ ਹਥਿਆਰਾਂ ਨੂੰ ਖਰੀਦਣ ਦੀ ਕੋਸ਼ਿਸ਼ ਕਰਨ ਵਾਲੇ ਗਾਹਕਾਂ ਦੀ ਪਿਛੋਕੜ ਦੀ ਜਾਂਚ ਕਰਨ ਦੀ ਲੋੜ ਹੈ। ਅਕਤੂਬਰ ਵਿੱਚ ਅਮਰੀਕੀ ਸੁਪਰੀਮ ਕੋਰਟ ਨੇ ਕਾਨੂੰਨ ਨੂੰ ਬਰਕਰਾਰ ਰੱਖਣ ਦੀ ਆਪਣੀ ਇੱਛਾ ਦਾ ਸੰਕੇਤ ਦਿੱਤਾ ਸੀ, ਜਿਸ ਨੂੰ ਹਥਿਆਰ ਅਧਿਕਾਰ ਸਮੂਹਾਂ ਨੇ ਇਹ ਕਹਿੰਦਿਆਂ ਚੁਣੌਤੀ ਦਿੱਤੀ ਸੀ ਕਿ ਅਧਿਕਾਰੀਆਂ ਨੇ ਪਹਿਲਾਂ ਤੋਂ ਮੌਜੂਦ ਕਾਨੂੰਨ ਦੀਆਂ ਸੀਮਾਵਾਂ ਦੀ ਉਲੰਘਣਾ ਕੀਤੀ ਹੈ।

ਏਟੀਐੱਫ ਦੇ ਨਵੇਂ ਨਿਯਮ ਨੂੰ ਬਰਕਰਾਰ ਰੱਖਣ ਵਾਲਾ ਫ਼ੈਸਲਾ ਸੁਪਰੀਮ ਕੋਰਟ ਦੇ ਰੁਖ਼ ਵਿੱਚ ਬਦਲਾਅ ਦਾ ਸੰਕੇਤ ਦਿੰਦਾ ਹੈ। ਇਸ ਵਿੱਚ ਵੱਡੇ ਪੱਧਰ 'ਤੇ ਰੂੜੀਵਾਦੀ ਬਹੁਮਤ ਹੈ, ਜੋ ਕਿ ਹਥਿਆਰ ਦੇ ਨਿਯੰਤਰਣ ਲਈ ਵੱਡੇ ਪੱਧਰ 'ਤੇ ਖਦਸ਼ੇ ਵਿੱਚ ਹੈ। ਹਥਿਆਰਾਂ ਦੇ ਮਾਮਲੇ ਵਿੱਚ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੌਨਲਡ ਟਰੰਪ ਨੇ ਖ਼ੁਦ ਨੂੰ ਦੂਜੀ ਸੋਧ ਦੇ ਕੱਟੜ ਰੱਖਿਅਕ ਵਜੋਂ ਸਥਾਪਿਤ ਕੀਤਾ ਹੈ, ਜੋ ਹਥਿਆਰ ਰੱਖਣ ਦਾ ਅਧਿਕਾਰ ਦਿੰਦਾ ਹੈ। ਇਸ ਸਾਲ ਦੀ ਸ਼ੁਰੂਆਤ ਵਿੱਚ ਉਨ੍ਹਾਂ ਨੇ ਨੈਸ਼ਨਲ ਰਾਈਫਲ ਐਸੋਸੀਏਸ਼ਨ (ਐੱਨਆਰਏ) ਨੂੰ ਕਿਹਾ ਕਿ ਉਹ ਸਮੂਹ ਦੇ ਸਭ ਤੋਂ ਚੰਗੇ ਦੋਸਤ ਹਨ।

### ਅਮਰੀਕਾ ਦਾ ਗਨ ਕਲਚਰ

ਅਮਰੀਕਾ 'ਚ ਕਿਸੇ ਨਾ ਕਿਸੇ ਪਾਸਿਓਂ ਹਥਿਆਰ ਨਾਲ ਹਮਲੇ ਦੀਆਂ ਖ਼ਬਰਾਂ ਆਉਣਾ ਆਮ ਗੱਲ ਹੈ। ਅਜਿਹੀਆਂ ਵਾਰਦਾਤਾਂ ਲਈ ਅਮਰੀਕਾ ਦੇ ਬੰਦੂਕ ਸੱਭਿਆਚਾਰ (ਗਨ ਕਲਚਰ) ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਦੇਸ 'ਚ ਲਗਾਤਾਰ ਗੋਲੀਬਾਰੀ ਦੀਆਂ ਘਟਨਾਵਾਂ ਦੇ ਬਾਵਜੂਦ ਹਥਿਆਰਾਂ 'ਤੇ ਕੰਟਰੋਲ ਕਰਨ ਲਈ ਸਰਕਾਰ ਨੂੰ ਸੰਘਰਸ਼ ਕਰਨਾ ਪਿਆ ਪੈ ਰਿਹਾ ਹੈ। ਇਸ ਲਈ ਅਕਸਰ ਨੈਸ਼ਨਲ ਰਾਇਫ਼ਲ ਐਸੋਸੀਏਸ਼ਨ (ਐੱਨਆਰਏ) ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ। 1871 'ਚ ਗ੍ਰਹਿ ਯੁੱਧ ਦੇ ਤੁਰੰਤ ਬਾਅਦ ਨੈਸ਼ਨਲ ਰਾਇਫ਼ਲ ਐਸੋਸੀਏਸ਼ਨ ਬਣੀ ਸੀ। 20ਵੀਂ ਸਦੀ ਦੇ ਅੱਧ ਤੱਕ ਇਸ ਨੂੰ ਸਿਰਫ਼ ਨਿਸ਼ਾਨੇਬਾਜ਼ਾਂ ਦਾ ਸੰਗਠਨ ਮੰਨਿਆ ਜਾਂਦਾ ਰਿਹਾ। ਪਹਿਲਾਂ ਜੈਕ ਕੈਨੇਡੀ, ਫਿਰ ਮਾਰਟਿਨ ਲੂਥਰ ਕਿੰਗ ਤੇ ਬੌਬੀ ਕੈਨੇਡੀ ਦੇ ਕਤਲ ਤੋਂ ਬਾਅਦ ਅਮਰੀਕਾ 'ਚ ਸਿਆਸੀ ਗਤੀਵਿਧੀਆਂ ਤੇਜ਼ ਹੋ ਗਈਆਂ। ਜਿਸ ਤੋਂ ਬਾਅਦ ਸਚਮੁੱਚ ਇੱਕ ਸਿਆਸੀ ਅੰਦੋਲਨ ਦੀ ਸ਼ੁਰੂਆਤ ਹੋ ਗਈ। 1968 ਦੇ ਬੰਦੂਕ ਕੰਟਰੋਲ ਕਾਨੂੰਨ ਦੇ ਤਹਿਤ ਹਥਿਆਰ ਵੇਚਣ ਲਈ ਜ਼ਿਆਦਾ ਲਾਇਸੰਸੀ ਡੀਲਰਾਂ ਦੀ ਲੋੜ ਸੀ। ਇਹ ਸੰਗਠਨ ਪਿਛਲੇ ਕਰੀਬ 50 ਸਾਲਾਂ ਤੋਂ ਆਪਣੀ ਮਰਜ਼ੀ ਨਾਲ ਕੰਮ ਕਰ ਰਿਹਾ ਹੈ।

ਦੂਜੀ ਸੋਧ 'ਚ ਸਾਫ਼ ਕਿਹਾ ਗਿਆ ਕਿ ਇੱਕ ਰੈਗੂਲਰ ਨਾਗਰਿਕ ਫੌਜ ਸੁਤੰਤਰ ਸੂਬੇ ਦੀ ਸੁਰੱਖਿਆ ਲਈ ਜ਼ਰੂਰੀ ਹੈ। ਲੋਕਾਂ ਦੇ ਹਥਿਆਰ ਰੱਖਣ ਸੰਬੰਧੀ ਅਧਿਕਾਰਾਂ ਦਾ ਉਲੰਘਣ ਨਹੀਂ ਹੋਣਾ ਚਾਹੀਦੀ। ਕਹਿਣ ਦਾ ਮਤਲਬ ਹੈ ਕਿ ਜੇਕਰ ਸੰਘੀ ਸਰਕਾਰ ਨਾਗਰਿਕ ਸੈਨਾ ਨੂੰ ਹਥਿਆਰ ਨਹੀਂ ਦਿੰਦੀ ਤਾਂ ਲੋਕ ਇਹ ਕੰਮ ਕਰ ਸਕਦੇ ਹਨ। ਦੂਜੀ ਸੋਧ 'ਚ ਸੁਪਰੀਮ ਕੋਰਟ ਨੇ ਸਿਰਫ਼ 3 ਕੇਸ ਦਰਜ ਕੀਤੇ। ਇਹ ਮੰਨਿਆ ਗਿਆ ਕਿ ਦੂਜੀ ਸੋਧ ਨਾਗਰਿਕ ਫੌਜ ਨਾਲ ਜੁੜੀ ਹੋਈ ਹੈ। ਇਹ ਸਮੂਹਿਕ ਅਧਿਕਾਰ ਦਿੰਦਾ ਹੈ ਨਾ ਕਿ ਵਿਅਕਤੀਗਤ। 1960 ਤੱਕ ਮੰਨਿਆ ਜਾਂਦਾ ਰਿਹਾ ਕਿ ਮਾਮਲਾ ਸੁਲਝ ਗਿਆ ਹੈ।

ਐੱਨਆਰਏ ਨੇ ਇਸ ਨੂੰ ਬਦਲਣ ਲਈ ਵੱਡੀ ਮੁਹਿੰਮ ਵਿੱਢੀ। ਅਮਰੀਕਾ ਦੀਆਂ ਕਾਨੂੰਨ ਸਮੀਖਿਆਵਾਂ ਵਿੱਚ ਉਨ੍ਹਾਂ ਨੇ ਕਈ ਲੇਖ ਲਿਖਵਾਏ। ਇਸ 'ਚ ਕਿਹਾ ਗਿਆ ਕਿ ਇਸ ਸੋਧ ਨੂੰ ਵਿਅਕਤੀਗਤ ਤੌਰ 'ਤੇ ਹਥਿਆਰ ਰੱਖਣ ਦੇ ਅਧਿਕਾਰ ਦੀ ਮਨਜ਼ੂਰੀ ਦੇਣੀ ਚਾਹੀਦੀ ਹੈ। ਉਨ੍ਹਾਂ ਨੇ 2008 'ਚ ਉਦੋਂ ਵੱਡੀ ਜੰਗ ਜਿੱਤ ਲਈ ਜਦੋਂ ਦਿ ਡਿਸਟ੍ਰਿਕਟ ਆਫ਼ ਕੋਲੰਬੀਆ ਬਨਾਮ ਹੇਲਰ ਕੇਸ 'ਚ ਸੁਪਰੀਮ ਕੋਰਟ ਨੇ ਪਹਿਲੀ ਵਾਰ ਕਿਹਾ ਕਿ ਦੂਜੀ ਸੋਧ ਵਿਅਕਤੀਗਤ ਅਧਿਕਾਰ ਦੀ ਮਨਜ਼ੂਰੀ ਦਿੰਦੀ ਹੈ।

# ਬਹੁਤ ਮੁਸ਼ਕਲ ਹੁੰਦਾ ਜਲਵਾਯੂ ਤਬਦੀਲੀ ਤੋਂ ਬਚਣਾ



ਸ਼ਿਵਕਾਂਤ ਸ਼ਰਮਾ

ਵਿਸ਼ਵ ਮੌਸਮ ਵਿਭਾਗ ਮੁਤਾਬਕ ਇਸ ਸਾਲ ਵਾਯੂਮੰਡਲ ਦਾ ਔਸਤ ਤਾਪਮਾਨ ਸਨਅਤੀਕਰਨ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.54 ਡਿਗਰੀ ਸੈਲਸੀਅਸ ਉੱਪਰ ਜਾ ਚੁੱਕਾ ਹੈ। ਤਾਪਮਾਨ ਵਾਧੇ ਦੇ ਕਾਰਨਾਂ ਦੀ ਜਾਂਚ ਕਰ ਕੇ ਉਸ ਦੀ ਰੋਕਥਾਮ ਲਈ ਬਣੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਦੇ ਜਲਵਾਯੂ ਸੰਮੇਲਨ 1996 ਤੋਂ ਹੁੰਦੇ ਆ ਰਹੇ ਹਨ। ਸੰਨ 2015 ਦੇ ਪੈਰਿਸ ਸੰਮੇਲਨ ਵਿਚ ਤਾਪਮਾਨ ਵਾਧੇ ਨੂੰ 1.5 ਡਿਗਰੀ ਸੈਲਸੀਅਸ 'ਤੇ ਰੋਕਣ ਦੇ ਹਰ ਸੰਭਵ ਉਪਾਅ ਕਰਨ 'ਤੇ ਸਹਿਮਤੀ ਹੋਈ ਸੀ।

ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਸੀ ਕਿ ਜੇ ਗ੍ਰੀਨਹਾਊਸ ਗੈਸਾਂ ਦੀ ਨਿਕਾਸੀ 'ਤੇ ਰੋਕ ਨਹੀਂ ਲੱਗੀ ਤਾਂ 2028 ਤੱਕ ਤਾਪਮਾਨ 1.5 ਡਿਗਰੀ ਪਾਰ ਕਰ ਜਾਵੇਗਾ ਜਿਸ ਤੋਂ ਬਾਅਦ ਸੋਕੇ, ਹੜ੍ਹ ਅਤੇ ਤੂਫ਼ਾਨ ਆਦਿ ਆਫ਼ਤਾਂ ਨਾਲ ਸਿੱਝਣ ਅਤੇ ਤਾਪਮਾਨ ਵਾਧੇ ਦੀ ਰੋਕਥਾਮ ਕਰਨੀ ਹੋਰ ਜ਼ਿਆਦਾ ਕਠਿਨ ਹੋ ਜਾਵੇਗੀ।

ਮੈਂਬਰ ਦੇਸ਼ਾਂ ਨੇ ਆਪੋ-ਆਪਣੇ ਹਾਲਾਤ ਦੇ ਹਿਸਾਬ ਨਾਲ ਜਲਵਾਯੂ ਪਰਿਵਰਤਨ ਦੀ ਰੋਕਥਾਮ ਦੇ ਯਤਨ ਕੀਤੇ ਪਰ ਤਾਪਮਾਨ ਵਾਧੇ ਦੀ ਗਤੀ ਦੱਸ ਰਹੀ ਹੈ ਕਿ ਉਹ ਨਾਕਾਫ਼ੀ ਰਹੇ ਹਨ। ਅਜਰਬਾਇਜਾਨ ਦੀ ਰਾਜਧਾਨੀ ਬਾਕੂ ਵਿਚ ਹਾਲ ਹੀ ਵਿਚ ਸਮਾਪਤ ਹੋਏ ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ ਵਿਚ ਸਿਰਫ਼ ਦੋ ਜ਼ਿਕਰਯੋਗ ਸਮਝੌਤੇ ਹੀ ਹੋ ਸਕੇ। ਪਹਿਲਾ ਕਾਰਬਨ ਕਰੈਡਿਟ ਸਕੀਮ 'ਤੇ, ਜੋ ਲਗਪਗ ਦਸ ਸਾਲ ਤੋਂ ਬਕਾਇਆ ਸੀ। ਦੂਜਾ ਪੌਣ-ਪਾਣੀ ਬਦਲਾਅ ਦੀ ਰੋਕਥਾਮ ਲਈ ਵਿੱਤੀ ਸਹਾਇਤਾ 'ਤੇ। ਉਹ ਵੀ ਇਸ ਭੈਅ ਦੇ ਕਾਰਨ ਕਿ ਅਮਰੀਕਾ ਦੀ ਵਾਗਡੋਰ ਟਰੰਪ ਦੇ ਹੱਥਾਂ ਵਿਚ ਜਾ ਰਹੀ ਹੈ ਜੋ ਜਲਵਾਯੂ ਪਰਿਵਰਤਨ ਨੂੰ ਅਹਿਮੀਅਤ ਨਹੀਂ ਦਿੰਦੇ। ਇਸ ਵਿਚ ਵਿਕਾਸਸ਼ੀਲ ਦੇਸ਼ ਚਾਹੁੰਦੇ ਸਨ ਕਿ ਤਾਪਮਾਨ ਨੂੰ ਵਰਤਮਾਨ ਪੱਧਰ ਤੱਕ ਲਿਆਉਣ ਵਿਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਵਿਕਸਤ ਦੇਸ਼ ਸਵੱਛ ਊਰਜਾ ਤਕਨੀਕ ਲਈ ਉਨ੍ਹਾਂ ਨੂੰ ਘੱਟ ਤੋਂ ਘੱਟ 1300 ਅਰਬ ਡਾਲਰ ਸਾਲਾਨਾ ਦੀ ਵਿੱਤੀ ਸਹਾਇਤਾ ਦੇਣੀ ਸ਼ੁਰੂ ਕਰਨ ਪਰ ਅਮੀਰ ਦੇਸ਼ ਰੋ-ਰੋ ਕੇ ਮਹਿਜ਼ 300 ਅਰਬ ਡਾਲਰ ਸਾਲਾਨਾ ਦੇਣ ਨੂੰ ਤਿਆਰ ਹੋਏ ਅਤੇ ਉਹ ਵੀ 2035 ਤੋਂ।

ਅਮੀਰ ਮੁਲਕਾਂ ਦਾ ਕਹਿਣਾ ਹੈ ਕਿ ਪ੍ਰਸਤਾਵਿਤ ਰਕਮ ਮੌਜੂਦਾ 100 ਅਰਬ ਡਾਲਰ ਨਾਲੋਂ ਤਿੰਨ ਗੁਣਾ ਹੈ, ਇਸ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਨਾਰਾਜ਼ ਹੋਣ ਦੀ ਜਗ੍ਹਾ ਖ਼ੁਸ਼ ਹੋਣਾ ਚਾਹੀਦਾ ਹੈ ਪਰ ਵਿਕਾਸਸ਼ੀਲ ਦੇਸ਼ਾਂ ਦਾ ਕਹਿਣਾ ਹੈ ਕਿ ਇਹ ਜ਼ਰੂਰਤ ਦੇ ਇਕ ਚੌਥਾਈ ਦੇ ਬਰਾਬਰ ਵੀ ਨਹੀਂ ਹੈ। ਇਸੇ ਲਈ ਭਾਰਤ ਦੀ ਪ੍ਰਤੀਨਿਧ ਚਾਂਦਨੀ ਰੈਨਾ ਨੇ ਇਸ ਨੂੰ ਊਠ ਦੇ ਮੂੰਹ ਵਿਚ ਜ਼ੀਰਾ ਦੱਸਿਆ। ਉਨ੍ਹਾਂ ਨੇ ਕਿਹਾ ਕਿ ਇਹ ਸਮਝੌਤਾ ਇਕ ਮਿਰਗ-ਤ੍ਰਿਸ਼ਨਾ ਨਾਲੋਂ ਵੱਧ ਕੁਝ ਨਹੀਂ ਹੈ। ਇਸ ਨਾਲ ਇਸ ਗੰਭੀਰ ਚੁਣੌਤੀ ਦਾ ਸਾਹਮਣਾ ਕਰਨ ਵਿਚ ਖ਼ਾਸ ਮਦਦ ਨਹੀਂ ਮਿਲੇਗੀ। ਵਿਕ-ਾਸਸ਼ੀਲ ਅਤੇ ਛੋਟੇ ਗ਼ਰੀਬ ਦੇਸ਼ਾਂ ਨੇ ਇਸ ਸੰਮੇਲਨ ਦੀ ਸਖ਼ਤ ਆਲੋਚਨਾ ਕੀਤੀ।



ਜਲਵਾਯੂ ਸੰਮੇਲਨਾਂ ਵਿਚ ਹਰ ਸਾਲ ਹੋਣ ਵਾਲੇ ਸਮਝੌਤਿਆਂ ਅਤੇ ਵੱਡੇ-ਵੱਡੇ ਵਾਅਦਿਆਂ ਦੇ ਬਾਵਜੂਦ ਨਿਰੰਤਰ ਵਧਦਾ ਤਾਪਮਾਨ ਦਿਖਾ ਰਿਹਾ ਹੈ ਕਿ ਜਾਂ ਤਾਂ ਹੁਣ ਤੱਕ ਕੀਤੇ ਜਾ ਰਹੇ ਉਪਾਅ ਨਾਕਾਫ਼ੀ ਰਹੇ ਹਨ ਜਾਂ ਉਨ੍ਹਾਂ ਨੂੰ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ। ਸਟੈਨਫੋਰਡ ਵਿਚ ਪੜ੍ਹਾਉਣ ਵਾਲੇ ਆਰਥਿਕ ਇਤਿਹਾਸਕਾਰ ਵਾਲਟਰ ਡੇਲ ਦੀ ਪ੍ਰਸਿੱਧ ਪੁਸਤਕ 'ਦਿ ਗ੍ਰੇਟ ਲੈਵਲਰ' ਮੁਤਾਬਕ ਮਨੁੱਖੀ ਇਤਿਹਾਸ ਵਿਚ ਅਸਲੀ ਪਰਿਵਰਤਨ ਹਮੇਸ਼ਾ ਮਹਾ-ਵਿਨਾਸ਼ ਦੀ ਵਜ੍ਹਾ ਨਾਲ ਹੋਏ ਹਨ। ਨਿਰੰਤਰ ਮਹਾ-ਵਿਨਾਸ਼ ਵੱਲ ਲੈ ਕੇ ਜਾ ਰਹੇ ਜਲਵਾਯੂ ਪਰਿਵਰਤਨ ਦੀ ਰੋਕਥਾਮ ਲਈ ਠੋਸ ਅਤੇ ਤੇਜ਼ ਉਪਾਅ ਕਰਨ ਦੀ ਜਗ੍ਹਾ ਹਰ ਸਾਲ ਦੀ ਅੰਤਹੀਣ ਸੌਦੇਬਾਜ਼ੀ ਸ਼ੀਡੇਲ ਦੀ ਗੱਲ ਨੂੰ ਸਹੀ ਸਾਬਿਤ ਕਰਦੀ ਹੈ ਪਰ ਇਸ ਤੋਂ ਵੀ ਇਨਕਾਰ ਨਹੀਂ ਕਿ ਜਿਹੋ ਜਿਹੀ ਵਿਸ਼ਵ-ਵਿਆਪੀ ਸਹਿਮਤੀ ਜਲਵਾਯੂ ਪਰਿਵਰਤਨ ਦੀ ਰੋਕਥਾਮ ਲਈ ਬਣੀ ਹੈ, ਉਹੋ ਜਿਹੀ ਹੋਰ ਕਿਸੇ ਮੁੱਦੇ 'ਤੇ ਕਦੇ ਨਹੀਂ ਬਣੀ। ਇਸੇ ਲਈ ਬਿੱਲ ਗੇਟਸ ਦਾ ਮੰਨਣਾ ਹੈ ਕਿ ਅਸੀਂ ਇਕ ਅਜਿਹੀ ਯੁੱਗ ਸੰਧੀ 'ਤੇ ਪੁੱਜ ਗਏ ਹਾਂ ਜੋ ਇਤਿਹਾਸ ਬਦਲੇਗੀ। ਨਵੀਂ ਅਤੇ ਸਵੱਛ ਤਕਨੀਕ ਦਾ ਵਿਕਾਸ ਪੌਣ-ਪਾਣੀ ਤਬਦੀਲੀ ਤੋਂ ਹੋਣ ਵਾਲੀ ਵੱਡੀ ਤਬਾਹੀ ਤੋਂ ਬਚਾਅ ਕੇ ਲੈ ਜਾਵੇਗਾ।

ਧੁੱਪ, ਹਵਾ, ਪਾਣੀ ਅਤੇ ਪਰਮਾਣੂ ਤੋਂ ਪੈਦਾ ਕੀਤੀ ਜਾਣ ਵਾਲੀ ਸਵੱਛ ਊਰਜਾ ਦੀ ਲਾਗਤ ਵਿਚ ਤੇਜ਼ੀ ਨਾਲ ਆ ਰਹੀ ਗਿਰਾਵਟ ਅਤੇ ਉਸ ਨਾਲ ਚੱਲਣ ਅਤੇ ਘੱਟ ਊਰਜਾ ਖਪਤ ਵਾਲੇ ਵਾਹਨਾਂ ਅਤੇ ਮਸ਼ੀਨਾਂ ਦੇ ਵਿਕਾਸ ਨੂੰ ਦੇਖ ਕੇ ਬਿੱਲ ਗੇਟਸ ਦੀਆਂ ਗੱਲਾਂ 'ਤੇ ਭਰੋਸਾ ਹੁੰਦਾ ਹੈ ਪਰ ਜੈਵ ਈਂਧਨਾਂ ਨਾਲ ਚੱਲਣ ਵਾਲੇ ਵਾਹਨਾਂ, ਕਾਰਖਾਨਿਆਂ, ਬਿਜਲੀਘਰਾਂ ਨੂੰ ਸਵੱਛ ਊਰਜਾ ਵਾਲੀ ਵਿਵਸਥਾ ਵਿਚ ਬਦਲਣ ਲਈ ਜਿਸ 11,000 ਅਰਬ ਡਾਲਰ ਦੇ ਨਿਵੇਸ਼ ਦੀ ਜ਼ਰੂਰਤ ਹੈ, ਉਹ ਕਿੱਥੋਂ ਅਤੇ ਕਿਵੇਂ ਆਵੇਗਾ, ਇਸ ਦਾ ਜਵਾਬ ਕਿਸੇ ਕੋਲ ਨਹੀਂ। ਬਾਕੂ ਵਿਚ 300 ਅਰਬ ਡਾਲਰ ਸਾਲਾਨਾ ਮਦਦ ਦੇਣ ਦਾ ਵਾਅਦਾ 2035 ਤੋਂ ਕੀਤਾ ਗਿਆ ਹੈ। ਕੀ ਉਦੋਂ ਤੱਕ ਤਾਪਮਾਨ ਨੂੰ ਠੱਲ੍ਹ ਪਈ ਰਹੇਗੀ? ਵਿਕਸਤ ਦੇਸ਼ਾਂ ਨੇ ਵਿਕਾਸਸ਼ੀਲ ਦੇਸ਼ਾਂ ਦੀ ਦਰਾਮਦ 'ਤੇ ਕਾਰਬਨ ਟੈਕਸ ਵੀ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਯੂਰਪੀ ਸੰਘ ਦੇ ਕਾਰਬਨ ਸੀਮਾ ਐਡਜਸਟਮੈਂਟ ਮੈਕੇਨਿਜ਼ਮ ਨਾਲ ਭਾਰਤ ਵਰਗੇ ਦੇਸ਼ਾਂ ਦੇ ਬਰਾਮਦਕਾਰਾਂ ਦੀ ਲਾਗਤ ਵਧ ਜਾਵੇਗੀ। ਇਸੇ ਲਈ ਵਿਕਸਤ ਦੇਸ਼ਾਂ ਨੂੰ ਤਾਪਮਾਨ ਵਧਾਉਣ ਵਿਚ ਉਨ੍ਹਾਂ ਦੀ ਭੂਮਿਕਾ ਯਾਦ ਦਿਵਾਉਂਦੇ ਹੋਏ ਵਿੱਤੀ ਸਹਾਇਤਾ ਦਾ ਦਬਾਅ ਬਣਾਈ ਰੱਖਣ ਦੇ ਨਾਲ-ਨਾਲ ਵਿਕਾਸਸ਼ੀਲ ਦੇਸ਼ਾਂ ਨੂੰ ਚੀਨ ਦੀ ਤਰ੍ਹਾਂ ਜਲਵਾਯੂ ਦੀ ਰੱਖਿਆ ਦੇ ਕਾਰਗਰ ਉਪਾਅ ਖ਼ੁਦ ਹੀ ਕਰਨੇ ਹੋਣਗੇ। ਸਭ ਤੋਂ ਵੱਡਾ ਗ੍ਰੀਨਹਾਊਸ ਗੈਸ ਨਿਕਾਸੀ ਕਰਨ ਵਾਲਾ ਮੁਲਕ ਬਣ ਜਾਣ ਦੇ ਨਾਲ-ਨਾਲ ਚੀਨ ਸਵੱਛ ਊਰਜਾ ਅਤੇ ਉਸ 'ਤੇ ਆਧਾਰਤ ਤਕਨੀਕ ਦਾ ਵੀ ਸਭ ਤੋਂ ਵੱਡਾ ਉਤਪਾਦਕ ਬਣ ਚੁੱਕਾ ਹੈ। ਵਿਕਸਤ ਦੇਸ਼ਾਂ ਦਾ ਮੂੰਹ ਬੰਦ ਰੱਖਣ ਲਈ ਉਸ ਨੇ ਵਿੱਤੀ ਸਹਾਇਤਾ ਵਿਚ ਵੀ ਯੋਗਦਾਨ ਦੀ ਪਹਿਲ ਕੀਤੀ ਹੈ। ਤਾਪਮਾਨ ਵਧਾਉਣ ਵਾਲੀਆਂ ਇਕ-ਤਿਹਾਈ ਗੈਸਾਂ ਭੋਜਨ ਦੇ ਉਤਪਾਦਨ, ਪ੍ਰੋਸੈਸਿੰਗ ਅਤੇ ਸਪਲਾਈ ਨਾਲ ਜੁੜੀਆਂ ਸਨਅਤਾਂ ਤੋਂ ਪੈਦਾ ਹੋ ਰਹੀਆਂ ਹਨ ਜਿਨ੍ਹਾਂ ਦੀ ਰੋਕਥਾਮ 'ਤੇ ਗੰਭੀਰ ਚਰਚਾ ਤੱਕ ਨਹੀਂ ਹੋ ਰਹੀ। ਵਿਸ਼ਵ ਦੇ 15 ਪ੍ਰਤੀਸ਼ਤ ਜੈਵ ਈਂਧਨ ਦੀ ਖਪਤ ਖੇਤੀ ਅਤੇ ਉਸ ਦੇ ਲਈ ਜ਼ਰੂਰੀ ਖਾਦ ਅਤੇ ਕੀਟਨਾਸ਼ਕਾਂ ਦੇ ਉਤਪਾਦਨ ਵਿਚ ਹੁੰਦੀ ਹੈ। ਪਾਲਤੂ ਪਸ਼ੂਆਂ ਦੁਆਰਾ ਕੱਢੀ ਜਾਂਦੀ ਮੀਥੇਨ ਗੈਸ ਦਾ ਵੀ ਤਾਪਮਾਨ ਵਧਾਉਣ ਵਿਚ ਵੱਡਾ ਯੋਗਦਾਨ ਹੈ। ਭੋਜਨ ਦੀ ਪ੍ਰੋਸੈਸਿੰਗ, ਠੰਢਾ ਰੱਖਣ, ਪੈਕਿੰਗ ਅਤੇ ਸਪਲਾਈ ਦੇ ਉਦਯੋਗ ਵੀ ਜੈਵ ਈਂਧਨਾਂ ਨਾਲ

**(ਬਾਕੀ ਅਗਲੇ ਸਫੇ 'ਤੇ)**

# ਬਨਵਾਸ ਤੇ ਪਰਵਾਸ ਵਿਚਲਾ ਫ਼ਾਸਲਾ



**ਗੁਰਦੀਪ ਸਿੰਘ ਢੁੱਡੀ**

ਸੰਨ 1975-76 ਵਿਚ ਅਧਿਆਪਨ ਕੋਰਸ ਕਰਦਿਆਂ ਮੈਂ ਅਠਾਰਵੇਂ ਸਾਲ ਦੀ ਦਹਿਲੀਜ਼ ਪਾਰ ਕਰ ਕੇ ਉਨੀਵੇਂ ਵਰ੍ਹੇ ਵਿਚ ਪ੍ਰਵੇਸ਼ ਕਰ ਲਿਆ ਸੀ। ਇਸ ਉਮਰੇ ਭਾਵਨਾਵਾਂ ਦਾ ਵੇਗ ਵਾਹਵਾ ਤਿੱਖਾ ਹੋ ਜਾਂਦਾ ਹੈ। ਪਿਆਰ-ਕਰੋਧ, ਵਿਛੋੜਾ-ਮਿਲਾਪ, ਖ਼ੁਸ਼ੀ-ਗ਼ਮ ਅੰਤਾਂ ਦੀ ਤਿੱਖੀ ਤੋਰੇ ਤੁਰਨ ਲੱਗ ਪੈਂਦੇ ਹਨ। ਸਾਹਿਤ ਨਾਲ ਵਾਹ ਪੈਣ ਕਰਕੇ ਮੈਂ ਹਰ ਗੱਲ ਨੂੰ ਬਰੀਕੀ ਵਿਚ ਲੈਣ ਲੱਗ ਪਿਆ ਸਾਂ। ਇਹ ਸਾਰਾ ਕੁਝ ਸੁਚੇਤ ਰੂਪ ਵਿਚ ਨਹੀਂ ਸਗੋਂ ਅਚੇਤ ਹੀ ਵਾਪਰਦਾ ਸੀ। ਅਧਿਆਪਨ ਕੋਰਸ ਤਾਂ ਕਰਦਾ ਸਾਂ ਪਰ ਪਿੰਡ ਖੁੱਸਿਆਂ ਵਰਗਾ ਹੋ ਗਿਆ ਹੋਣ ਦਾ ਡਰ ਮੈਨੂੰ ਗ਼ਮ ਵੱਲ ਧੱਕਦਾ ਸੀ ਜਦਕਿ ਨੌਕਰੀ ਮਿਲਣ ਕਾਰਨ ਆਰਥਿਕਤਾ ਦੇ ਸੁਧਰ ਜਾਣ ਸਦਕਾ ਖ਼ੁਸ਼ੀ ਵੀ ਮੇਰੇ ਦਿਮਾਗ ਵਿਚ ਆਣ ਮੰਡਰਾਉਂਦੀ ਸੀ। ਦਿਲ ਦੇ ਕਿਸੇ ਕੋਨੇ ਵਿਚ ਛਿਪੇ ਬਨਵਾਸ ਦੇ ਡਰ ਵਿੱਚੋਂ ਮਿਲੀ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ 'ਬਨਵਾਸੀ' ਮੇਰੇ ਹਿਰਦੇ ਵਿਚ ਵਸੀ ਹੋਣ ਦਾ ਅਹਿਸਾਸ ਹੁੰਦਾ ਰਹਿੰਦਾ ਸੀ।

ਅਧਿਆਪਨ ਕੋਰਸ ਕਰਦੇ ਸਮੇਂ ਅਧਿਆਪਕਾਂ ਦੁਆਰਾ ਸਾਡੀ ਸੱਭਿਆਚਾਰਕ ਸਭਾ ਦਾ ਆਯੋਜਨ ਕੀਤਾ ਗਿਆ ਤਾਂ ਮੈਂ ਸ਼ਿਵ ਦੀ ਲਿਖੀ ਇਹੀ ਕਵਿਤਾ ਬਨਵਾਸ ਬੋਲੀ ਸੀ ਅਤੇ ਬੋਲਦੇ ਸਮੇਂ ਮੇਰੀਆਂ ਅੱਖਾਂ ਨਮ ਹੋ ਗਈਆਂ ਸਨ। ਸ਼ਿਵ ਨੇ ਆਪਣੀ ਇਸ ਕਵਿਤਾ ਵਿਚ ਭਾਵੇਂ ਰੁਜ਼ਗਾਰ ਕਾਰਨ ਬੜਾ ਕੁਝ ਖੁੱਸ ਜਾਣ ਦਾ ਜ਼ਿਕਰ ਕੀਤਾ ਸੀ ਪ੍ਰੰਤੂ ਇਸ ਨਾਲੋਂ ਕਿਤੇ ਜ਼ਿਆਦਾ ਇਹ ਕਵਿਤਾ ਵਸਲ ਦੀ ਗੱਲ ਕਰਦੀ ਸੀ।

ਉਸ ਨੇ ਸ੍ਰੀਰਾਮ ਚੰਦਰ ਜੀ ਨੂੰ ਮਿਲੇ ਬਨਵਾਸ ਨੂੰ ਇਸ ਤੋਂ ਛੁਟਿਆਇਆ ਸੀ। ਉਹ ਤਾਂ ਆਮ ਮਨੁੱਖ ਨੂੰ 'ਮੈਂ' ਰਾਹੀਂ ਬੜੀਆਂ ਉਚਾਈਆਂ 'ਤੇ ਲੈ ਗਿਆ ਸੀ। ਸ਼ਿਵ ਦੀ ਕਵਿਤਾ ਰਾਜ-ਭਾਗ ਕਾਰਨ ਮਿਲੇ ਰਾਮ ਚੰਦਰ ਨੂੰ ਬਨਵਾਸ ਤੋਂ ਅਗੇਰੇ ਦੀ ਗੱਲ ਕਰਦੀ ਸੀ। ਉਸ ਦੇ ਮੈਂ ਨੂੰ ਕੇਵਲ ਚੁਰਾਸੀ ਭੋਗਣ ਆਏ ਹੋਣ ਦਾ ਅਹਿਸਾਸ ਵਧੇਰੇ ਉਚੇਰਾ ਸੀ। ਬਨਵਾਸ ਸਮੇਂ ਉਸ ਦਾ ਕੋਈ ਵੀ ਸਾਥ ਨਾ ਹੋਣ ਕਾਰਨ ਉਹ ਇਕੱਲਤਾ ਵਿਚ ਘਿਰਿਆ ਹੋਇਆ ਸੀ। ਉਹ ਮਨੁੱਖੀ ਜੀਵਨ ਦੇ ਅੱਧੇ-ਅਧੂਰੇ ਹੋਣ ਨੂੰ ਵਜ਼ਨਦਾਰ ਬਣਾ ਕੇ ਪੇਸ਼ ਕਰਦਾ ਹੈ।

ਉਸ ਸਮੇਂ ਮੇਰੇ ਇਹ ਚਿੱਤ-ਚੇਤੇ ਵੀ ਨਹੀਂ ਸੀ ਕਿ ਮੈਨੂੰ ਬਨਵਾਸ ਨਹੀਂ ਸਗੋਂ ਪਰਵਾਸ ਮਿਲਣ ਵਾਲਾ ਹੈ ਪ੍ਰੰਤੂ ਅੰਦਰੋਂ ਕੁਝ ਭੁਰਨ ਵਾਲਿਆਂ ਵਾਂਗ ਮੈਂ ਮਹਿਸੂਸ ਕਰਦਾ ਰਹਿੰਦਾ ਸਾਂ। ਇਹ ਕਵਿਤਾ ਅਣਚਾਹਿਆਂ ਹੀ ਮੇਰੇ ਦੁਆਲ਼ੇ ਮੰਡਰਾਉਂਦੀ ਰਹਿੰਦੀ ਸੀ। ਪੰਜਾਬ ਵਿਚ ਮਜ਼ਦੂਰੀ ਕਰਨ ਲਈ ਆਉਂਦੇ ਭਾਰਤ ਦੇ ਹੀ ਹੋਰਨਾਂ ਸੂਬਿਆਂ ਵਿੱਚੋਂ ਲੋਕਾਂ ਦੀ ਤ੍ਰਾਸਦਿਕ ਸਥਿਤੀ ਨੂੰ ਭਾਵੇਂ ਅਨੁਭਵ ਕਰਦਾ ਸਾਂ ਪ੍ਰੰਤੂ ਉਸ ਸਮੇਂ ਪਰਵਾਸ ਸ਼ਬਦ ਪੰਜਾਬ ਵਿਚ ਅਜੇ ਉੱਭਰਿਆ ਨਹੀਂ ਸੀ। ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਉਦਰ ਪੂਰਤੀ ਕਾਰਨ ਆਏ ਹੋਏ ਲੋਕਾਂ ਨੂੰ ਉਸ ਸਮੇਂ ਪੰਜਾਬ ਵਿਚ ਹਿਕਾਰਤ ਨਾਲ ਵੇਖਿਆ ਅਤੇ ਮਾੜੇ ਸ਼ਬਦਾਂ ਦਾ ਪ੍ਰਯੋਗ ਕਰਕੇ ਸੰਬੋਧਨ ਕੀਤਾ ਜਾਂਦਾ ਸੀ। ਥੋੜ੍ਹੇ ਸਮੇਂ ਬਾਅਦ ਪੰਜਾਬ ਵਿੱਚੋਂ ਵਿਦੇਸ਼ਾਂ ਵਿਸ਼ੇਸ਼ ਕਰਕੇ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਮੁਲਕਾਂ ਨੂੰ ਪੰਜਾਬੀਆਂ ਦੇ ਜਾਣ ਨੂੰ ਮਾਣ ਨਾਲ ਵੇਖਿਆ ਜਾਂਦਾ ਸੀ ਪ੍ਰੰਤੂ ਹੁਣ ਵਿਦੇਸ਼ੀਂ ਗਏ ਲੋਕਾਂ ਤੋਂ ਪਰਵਾਸ ਸ਼ਬਦ ਦਾ ਅਹਿਸਾਸ ਹੋਇਆ ਹੈ ਅਤੇ ਇੱਧਰ ਵਸਦੇ ਪੰਜਾਬੀਆਂ ਵਾਸਤੇ ਇਹ ਸ਼ਬਦ ਝੋਰਾ ਲੈ ਕੇ ਆਇਆ ਹੈ। ਇਹ ਪਰਵਾਸ ਸ਼ਬਦ ਬਨਵਾਸ ਨਾਲੋਂ ਕਿਤੇ ਜ਼ਿਆਦਾ ਤੀਬਰ ਬਣਦਾ ਹੈ।

ਅੱਜ ਇਹ ਬਨਵਾਸ ਮੇਰੇ ਵਾਸਤੇ ਪਰਵਾਸ ਵਿਚ ਰੁਪਾਂਤਰਿਤ ਹੋ ਚੁੱਕਿਆ ਹੈ ਅਤੇ ਮੈਂ ਹੁਣ ਆਪਣੇ-ਆਪ ਨੂੰ ਬਨਵਾਸੀ ਦੀ ਥਾਂ ਪਰਵਾਸੀ ਮੰਨਦਾ ਹਾਂ। ਇਸੇ ਪੀੜਾ ਵਿੱਚੋਂ ਤਾਂ ਮੇਰੇ ਨਾਮ ਨਾਲ ਅਚੇਤ ਹੀ ਜੁੜਿਆ ਪਿੰਡ ਦਾ ਨਾਮ ਢੁੱਡੀ ਜਚ ਗਿਆ ਹੈ। ਇੱਥੇ ਹੀ ਮੇਰੇ ਪਰਵਾਸ ਦੀ ਕਹਾਣੀ ਆਣ ਬਣਦੀ ਹੈ। ਸੰਨ 1976 ਵਿਚ ਅਧਿਆਪਨ ਕੋਰਸ ਦਾ ਨਤੀਜਾ ਆਉਣ ਵਾਲੇ ਦਿਨ ਹੀ ਰੁਜ਼ਗਾਰ ਦਫ਼ਤਰ ਦੇ ਕਰਮਚਾਰੀ ਨੇ ਓਟੀ ਪਾਸ ਕਰਨ ਸਬੰਧੀ ਕਾਲਜ ਤੋਂ ਲਿਖਵਾ ਕੇ ਲਿਆਉਣ ਦਾ ਆਖਦਿਆਂ ਇੰਟਰਵਿਊ ਕਾਰਡ ਦੇਣ ਦੀ ਗੱਲ ਕੀਤੀ ਸੀ।

ਦੋ ਦਸੰਬਰ ਦਿਨ ਵੀਰਵਾਰ ਦੀ ਕੜਾਕੇ ਦੀ ਠੰਢ ਅਤੇ ਦੋ ਕਦਮਾਂ ਦੀ ਵਿੱਥ 'ਤੇ ਸਭ ਕੁਝ ਅਦਿੱਖ ਕਰਨ ਵਾਲੀ ਧੁੰਦ ਵਿਚ ਮੇਰਾ ਬਚਪਨ ਦਾ ਦੋਸਤ ਰੂੜ ਸਿੰਘ ਆਪਣੇ ਸਾਈਕਲ 'ਤੇ ਮੈਨੂੰ ਕਲੇਰ ਪਿੰਡ ਦੇ ਅੱਡੇ 'ਤੇ ਛੱਡਣ ਵਾਸਤੇ ਆਇਆ। ਪਿੰਡ ਦੀ ਜੂਹ ਟੱਪਣ ਤੋਂ ਪਹਿਲਾਂ ਹੀ ਥੋੜ੍ਹੀ ਉਚਾਈ 'ਤੇ ਸੂਆ ਲੰਘਦਾ ਸੀ ਅਤੇ ਇੱਥੋਂ ਅੱਗੇ ਲੰਘ ਕੇ ਪਿੱਛੇ ਪਿੰਡ ਦਿਸਣੋਂ ਹਟ ਜਾਂਦਾ ਸੀ। ਇਸ ਲਈ ਉਸ ਸੂਏ ਦੇ ਪੁਲ਼ 'ਤੇ ਮੈਂ ਬਹਾਨੇ ਨਾਲ ਸਾਈਕਲ ਰੁਕਵਾ ਲਿਆ ਅਤੇ ਪਿੱਛੇ ਪਿੰਡ ਵੱਲ ਨੂੰ ਹਸਰਤ ਭਰੀਆਂ ਨਜ਼ਰਾਂ ਨਾਲ ਤੱਕਣ ਲਈ ਮੂੰਹ ਭੰਵਾਇਆ। ਪਰ ਅੰਤਾਂ ਦੀ ਸੰਘਣੀ ਧੁੰਦ ਦੀ ਚਾਦਰ ਨੇ ਪੂਰਾ ਓਹਲਾ ਕਰ ਲਿਆ ਹੋਣ ਕਰਕੇ ਮੇਰੀ ਹਸਰਤ ਪੂਰੀ ਨਾ ਹੋਈ। ਆਪਣੀ ਹਸਰਤ ਨੂੰ ਰੁਜ਼ਗਾਰ ਦੇ ਓਹਲੇ ਕਰਕੇ ਮੈਂ ਪਿੰਡ ਵੱਲੋਂ ਧਿਆਨ ਹਟਾ ਕੇ ਗਿੱਦੜਬਾਹਾ ਦਾ ਪੈਂਡਾ ਤਲਾਸ਼ਣ ਦੀ ਕੋਸ਼ਿਸ਼ ਕੀਤੀ। ਉਸੇ ਇੰਟਰਵਿਊ ਦੇ ਆਧਾਰ 'ਤੇ ਉਸੇ ਦਿਨ ਮੇਰੀ ਪੋਸਟਿੰਗ ਹੋ ਗਈ। ਵੀਰਵਾਰ, ਸ਼ੁੱਕਰਵਾਰ ਦੇ ਪਹਾੜ ਜਿੱਡੇ ਦਿਨ ਅਤੇ ਲੰਮੀਆਂ ਰਾਤਾਂ ਦੀ ਗਿਣਤੀ-ਮਿਣਤੀ ਦੱਸਣਾ ਮੇਰੇ ਵੱਸੋਂ ਬਾਹਰੀ ਗੱਲ ਹੈ। ਸ਼ਨਿੱਚਰਵਾਰ ਨੂੰ ਸਕੂਲੋਂ ਛੁੱਟੀ ਹੁੰਦਿਆਂ ਸਾਰ ਹੀ ਮੈਂ ਫ਼ਰੀਦਕੋਟ ਨੂੰ ਚੱਲ ਪਿਆ। ਉਨ੍ਹਾਂ ਦਿਨਾਂ ਵਿਚ ਬੱਸਾਂ ਦੀ ਗਿਣਤੀ ਘੱਟ ਅਤੇ ਰਫ਼ਤਾਰ ਧੀਮੀ ਹੋਣ ਕਰਕੇ ਫ਼ਰੀਦਕੋਟ ਪਹੁੰਚਣ ਤੱਕ ਵਾਹਵਾ ਹਨੇਰਾ ਹੋ ਚੁੱਕਿਆ ਸੀ ਪਰ ਫਿਰ ਵੀ ਮੈਂ ਕਿਸੇ ਤੋਂ ਸਾਈਕਲ ਮੰਗ ਕੇ ਪਿੰਡ ਨੂੰ ਚੱਲ ਪਿਆ। ਕੱਕਰ ਕਾਰਨ ਬੇਹੱਦ ਮੱਧਮ ਹੋਈ ਦਿਸਣ ਹੱਦ ਦੇ ਹੁੰਦਿਆਂ ਵੀ ਮੈਂ ਦੋ ਡਰਾਉਣੀਆਂ ਥਾਵਾਂ ਨੂੰ ਚੀਰਦਾ ਹੋਇਆ ਚੁੱਪ ਦੀ ਚਾਦਰ ਵਲ੍ਹੇਟੀ ਸੁੱਤਿਆਂ ਵਰਗੇ ਪਿੰਡ ਪਹੁੰਚ ਕੇ ਉਵੇਂ ਹੀ ਮਹਿਸੂਸ ਕੀਤਾ ਜਿਵੇਂ ਕਿਸੇ ਬਨਵਾਸ 'ਚੋਂ ਵਾਪਸ ਆਇਆ ਹੋਵਾਂ।

ਮੈਂ ਬੜਾ ਹਲਕਾ ਜਿਹਾ ਮਹਿਸੂਸ ਕਰਦਾ ਸਾਂ। ਹਾਲਾਂਕਿ ਦੂਸਰੇ ਹੀ ਦਿਨ ਐਤਵਾਰ ਦੋ ਕੁ ਵਜੇ ਗਿੱਦੜਬਾਹਾ ਨੂੰ ਵਾਪਸੀ ਕਰਨੀ ਪੈਣੀ ਸੀ। ਹੌਲ਼ੀ-ਹੌਲ਼ੀ ਇਹ ਸਿਲਸਿਲਾ ਚੱਲਦਾ ਰਿਹਾ। ਇਸੇ ਵਿਚ ਹੀ ਮਾਂ-ਬਾਪ ਕਿਸੇ ਮਜਬੂਰੀ ਕਾਰਨ ਪਿੰਡ ਛੱਡ ਕੇ ਸ਼ਹਿਰ ਰਹਿੰਦੇ ਮੇਰੇ ਭਰਾਵਾਂ ਕੋਲ ਆ ਗਏ ਅਤੇ ਬਚਪਨ ਦੇ ਦੋ ਜਿਗਰੀ ਦੋਸਤਾਂ ਬਿੱਕਰ ਅਤੇ ਰੂੜੇ ਨੂੰ ਇਕ ਸੜਕ ਦੁਰਘਟਨਾ ਨਿਗਲ ਗਈ। ਭਾਵੇਂ ਪਿੰਡ ਮੇਰੇ ਵਾਸਤੇ ਸੁੰਨਿਆਂ ਵਾਂਗ ਹੋ ਗਿਆ ਸੀ, ਫਿਰ ਵੀ ਮੈਂ ਆਨੇ-ਬਹਾਨੇ ਪਿੰਡ ਗੇੜਾ ਲਾ ਆਉਂਦਾ ਸੀ। ਰੁਜ਼ਗਾਰ ਅਤੇ ਘਰ ਦੀ ਕਬੀਲਦਾਰੀ ਨੇ ਪਿੰਡ ਨਾਲੋਂ ਨਾਤਾ ਤੋੜਨ ਵਾਂਗ ਕਰ ਦਿੱਤਾ।

ਹੁਣ ਮੈਨੂੰ ਮੇਰੇ ਪਿੰਡ ਵਾਲੇ ਕੱਚੇ ਘਰਾਂ, ਉੱਭੜ-ਖਾਬੜ ਗਲੀਆਂ, ਪਿੰਡ ਦਾ ਸਕੂਲ ਅਤੇ ਸਕੂਲ ਦੇ ਨੇੜਲਾ ਛੱਪੜ ਅਤੇ ਉਸ ਦੇ ਕੰਢੇ 'ਵਸਦੇ ਪਿੜਾਂ' ਦੇ ਅੰਤਾਂ ਦੇ ਸੁਪਨੇ ਆਉਣ ਲੱਗ ਪਏ ਹਨ। ਬੜਾ ਅਜੀਬ ਮੰਜ਼ਰ ਹੈ ਕਿ ਲਗਪਗ ਅੱਧੀ ਸਦੀ ਪਹਿਲਾਂ ਛੱਡਿਆ ਪਿੰਡ ਮੇਰੇ ਨੇੜੇ-ਤੇੜੇ ਰਹਿੰਦਾ ਹੈ ਜਦਕਿ ਉਸ ਤੋਂ ਬਾਅਦ ਦੇ ਸਮੇਂ ਦੌਰਾਨ ਵਾਹ-ਵਾਸਤੇ ਵਿਚ ਆਈਆਂ ਥਾਵਾਂ ਮੇਰੇ ਚੇਤਿਆਂ ਵਿੱਚੋਂ ਵਿਸਰੀਆਂ ਜਾਪਦੀਆਂ ਹਨ।

ਲਗਪਗ ਅੱਧੀ ਸਦੀ ਸ਼ਹਿਰ ਵਿਚ ਰਹਿੰਦੇ ਨੂੰ ਹੋ ਗਈ ਹੈ ਪਰ ਫਿਰ ਵੀ ਪਿੰਡ ਵਾਲੀ ਬੋਲ-ਬਾਣੀ, ਪਹਿਰਾਵਾ ਅਤੇ ਖਾਣ-ਪੀਣ ਸਮੇਤ ਆਪਣੇ ਪਿੰਡ ਦੇ ਨਾਂ ਨੂੰ ਆਪਣੇ ਨਾਂ ਨਾਲ ਲਾ ਲਿਆ ਹੈ ਜਿਵੇਂ ਮੈਂ ਆਪੂੰ ਸਹੇੜੇ ਜਾਂ ਮਜਬੂਰੀ ਵੱਸ ਮਿਲੇ ਪਰਵਾਸ ਨਾਲ ਅਠਖੇਲੀਆਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵਾਂ। ਅੱਜ ਜਦੋਂ ਸਰਦੇ-ਪੁੱਜਦੇ ਲੋਕ ਜਾਣਬੁੱਝ ਕੇ ਪਰਵਾਸੀ ਬਣ ਕੇ ਮਾਣ ਮਹਿਸੂਸ ਕਰਦੇ ਹਨ ਤਾਂ ਮੈਨੂੰ ਬੜਾ ਅਟਪਟਾ ਜਿਹਾ ਲੱਗਦਾ ਹੈ।

## ਫਰਿਜ਼ਨੋ ਵਿਖੇ ਸੜਕ ਹਾਦਸੇ ਵਿੱਚ ਦੋ ਮੋਟਰਸਾਈਕਲ ਸਵਾਰ ਸਿੱਖ ਬੱਚਿਆਂ ਦੀ ਹੋਈ ਮੌਤ



ਫਰਿਜ਼ਨੋ, ਕੈਲੇਫੋਰਨੀਆਂ (ਨੀਟਾ ਮਾਛੀਕੇ / ਕੁਲਵੰਤ ਧਾਲੀਆਂ): ਬੀਤੇ ਦਿਨੀ ਫਰਿਜ਼ਨੋ ਵਿਖੇ ਮੋਟਰਸਾਈਕਲ ਸਵਾਰ ਦੋ ਸਿੱਖ ਬੱਚਿਆਂ ਦੀ ਹਾਦਸੇ ਵਿੱਚ ਮੌਤ ਹੋ ਗਈ। ਇਸ ਸੰਬੰਧੀ ਸਥਾਨਿਕ ਪੁਲਿਸ ਦੇ ਅਨੁਸਾਰ ਐਤਵਾਰ ਰਾਤ 8 ਵਜੇ ਦੇ ਕਰੀਬ ਸੰਨੀਸਾਈਡ ਅਤੇ ਬਰਡ ਐਵੇਨਿਊਜ਼ 'ਤੇ ਇਹ ਹਾਦਸਾ ਵਾਪਰਿਆ। ਉਨ੍ਹਾਂ ਦੇ ਮੋਟਰਸਾਈਕਲ ਅਤੇ ਐਮਾਜਾਨ ਦੇ ਡਿਲਿਵਰੀ ਵੈਨ ਵਿੱਚ ਟੱਕਰ ਹੋਣ ਨਾਲ ਇੰਨ੍ਹਾਂ ਬੱਚਿਆ ਦੀ ਮੌਤ ਹੋ ਗਈ। ਇੰਨਾਂ ਬੱਚਿਆਂ ਦੇ ਕੋਈ ਸੁਰੱਖਿਆ ਗੀਅਰ (ਹਿੱਲਮਟ) ਵੀ ਨਹੀਂ ਪਾਈ ਹੋਈ ਸੀ। ਜਦ ਕਿ ਐਮਾਜ਼ਾਨ ਦੇ ਵੈਨ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ। ਇਸ ਘਟਨਾ ਸੰਬੰਧੀ ਸਥਾਨਕ ਪੁਲਿਸ ਜਾਂਚ ਕਰ ਰਹੀ ਹੈ।

ਇਸ ਹਾਦਸੇ ਵਿੱਚ ਮਾਰੇ ਜਾਣ ਵਾਲੇ ਦੋਨੋ ਬੱਚੇ ਗੁਰਸਿੱਖ ਪਰਿਵਾਰਾਂ ਨਾਲ ਸਬੰਧਤ ਸਨ। ਜੋ ਪਰਿਵਾਰ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਨਾਲ ਜੁੜੇ ਹੋਏ ਹਨ। ਇਸ ਬਾਰੇ ਭਾਈਚਾਰਕ ਸੂਤਰਾਂ ਤੋਂ ਪਤਾ ਲੱਗਾ ਸਵ। ਅੰਤਰਪ੍ਰੀਤ ਸਿੰਘ ਪੁੱਤਰ ਖੁਸ਼ਪਾਲ ਸਿੰਘ। ਸਵ. ਹਰਜਾਪ ਸਿੰਘ ਪੁੱਤਰ ਰਾਜ ਸਿੰਘ ਦੋਵੇ ਹੀ ਨੌਜਵਾਨ ਦੀ ਉਮਰ 13 ਤੋਂ 15 ਦੱਸੀ ਜੀ ਰਹੀ ਹੈ। ਦੋਵੇਂ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਘਰੋਂ ਵੈਸੇ ਹੀ ਲੋਗੜ ਗੇੜਾ ਦੇਣ ਲਈ ਘਰੋਂ ਮੋਟਰ ਸਾਈਕਲ ਤੇ ਸਵਾਰ ਹੋਕੇ ਨਿਕਲੇ, ਐਮਾਜ਼ਨ ਦੀ ਵੈਨ ਨਾਲ ਜਾ ਟਕਰਾਏ। ਬੱਚਿਆਂ ਨੇ ਹੈਲਮੇਟ ਵੀ ਨਹੀਂ ਪਹਿਨੇ ਹੋਏ ਸਨ। ਦੋਵਾਂ ਦੀ ਮੌਕੇ ਤੇ ਮੌਤ ਹੋ ਗਈ। ਦੋਵੇ ਬੱਚੇ ਗੁਰਦੁਆਰਾ ਨਾਨਕ ਪ੍ਰਕਾਸ਼ ਦੀ ਗੱਤਕਾ ਟੀਮ ਦੇ ਹੋਣਹਾਰ ਮੈਂਬਰ ਸਨ। ਸੋਮਵਾਰ ਦੀ ਸ਼ਾਮ ਇਹਨਾਂ ਦੀ ਆਤਮਿਕ ਸ਼ਾਂਤੀ ਲਈ ਐਕਸੀਡੈਂਟ ਵਾਲੀ ਜਗ੍ਹਾ ਤੇ ਸੰਗਤਾਂ ਵੱਲੋਂ ਜਾਪ ਕੀਤਾ ਗਿਆ। ਇਸ ਮੰਦਭਾਗੀ ਘਟਨਾ ਕਰਕੇ ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਗਹਿਰੇ ਸੋਗ ਵਿੱਚ ਹੈ। ਦੁੱਖ ਸਾਂਝਾ ਕਰਨ ਲਈ ਰਾਜ ਸਿੰਘ ਦਾ ਫੋਨ ਨੰਬਰ 559-892-3006, ਖੁਸ਼ਪਾਲ ਸਿੰਘ ਦਾ ਨੰਬਰ 559-289-4121, ਪਰਮਾਤਮਾ ਇਸ ਅੱਤ ਮਾੜੇ ਦੌਰ ਵਿੱਚ ਦੋਵੇਂ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ਼ ਬਖਸ਼ੇ। ਅਸੀਂ ਮਾਛੀਕੇ / ਧਾਲੀਆਂ ਮੀਡੀਆ ਗਰੁੱਪ ਦੋਵੇਂ ਪਰਿਵਾਰਾਂ ਦੇ ਦੁੱਖ ਵਿੱਚ ਸ਼ਰੀਕ ਡਾਢੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ।

## ਬਹੁਤ ਮੁਸ਼ਕਲ ਹੁੰਦਾ ਜਲਵਾਯੂ ਤਬਦੀਲੀ ਤੋਂ ਬਚਣਾ

**(ਸਫਾ 6 ਦੀ ਬਾਕੀ)**

ਚੱਲਦੇ ਹਨ। ਖੇਤੀ ਨੂੰ ਸਵੱਛ ਊਰਜਾ ਨਾਲ ਚਲਾ ਕੇ ਅਤੇ ਦਰਾਮਦਸ਼ੁਦਾ ਦੀ ਜਗ੍ਹਾ ਤਾਜ਼ਾ ਅਤੇ ਮੌਸਮੀ ਭੋਜਨ ਅਤੇ ਮਾਸ ਦੀ ਜਗ੍ਹਾ ਸ਼ਾਕਾਹਾਰ ਨੂੰ ਹੁਲਾਰਾ ਦੇ ਕੇ ਤਾਪਮਾਨ ਵਧਾਉਣ ਵਾਲੀਆਂ ਲਗਪਗ ਇਕ-ਤਿਹਾਈ ਗੈਸਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ਪਰ ਵਿਕਸਤ ਤੋਂ ਲੈ ਕੇ ਵਿਕਾਸਸ਼ੀਲ ਦੇਸ਼ਾਂ ਵਿਚ ਕਿਸਾਨ ਅਤੇ ਭੋਜਨ ਉਦਯੋਗ ਇੰਨੇ ਸੰਗਠਿਤ ਹਨ ਕਿ ਉਨ੍ਹਾਂ 'ਤੇ ਇੰਨੇ ਵੱਡੇ ਪਰਿਵਰਤਨਾਂ ਦਾ ਦਬਾਅ ਪਾਉਣ ਦੀ ਇੱਛਾ-ਸ਼ਕਤੀ ਕਿਸੇ ਸਰਕਾਰ ਵਿਚ ਨਹੀਂ। ਭਾਰਤ ਵਿਚ ਦਿੱਲੀ ਸਮੇਤ ਪੂਰੇ ਉੱਤਰੀ ਭਾਰਤ ਦੇ ਹਰ ਸਾਲ ਤੇਜ਼ਾਬੀ ਧੁੰਦ ਦੀ ਚਾਦਰ ਨਾਲ ਢਕ ਜਾਣ ਦੇ ਬਾਵਜੂਦ ਨਾ ਚੋਣਾਂ ਵਿਚ ਇਹ ਮੁੱਖ ਮੁੱਦਾ ਬਣਦਾ ਹੈ ਅਤੇ ਨਾ ਹੀ ਸੰਸਦ ਵਿਚ ਇਸ 'ਤੇ ਕੋਈ ਸਾਰਥਕ ਚਰਚਾ ਹੁੰਦੀ ਹੈ। ਸੰਨ 1950 ਦੇ ਆਸ-ਪਾਸ ਲੰਡਨ ਦਾ ਹਵਾ ਗੁਣਵੱਤਾ ਸੂਚਕ ਅੰਕ ਜਾਂ ਏਕਿਊਆਈ ਦਿੱਲੀ ਨਾਲੋਂ ਵੀ ਖ਼ਰਾਬ ਹੋਇਆ ਕਰਦਾ ਸੀ। ਅੱਜ ਦਿੱਲੀ ਤੋਂ ਕਈ ਗੁਣਾ ਜੀਡੀਪੀ ਦੇਣ ਦੇ ਬਾਵਜੂਦ ਲੰਡਨ ਦਾ ਏਕਿਊਆਈ ਔਸਤਨ 20 ਰਹਿੰਦਾ ਹੈ ਅਤੇ ਦਿੱਲੀ ਦਾ 150 ਜੋ ਅਕਤੂਬਰ ਵਿਚ 400 ਤੋਂ ਪਾਰ ਚਲਾ ਜਾਂਦਾ ਹੈ।

ਸੰਨ 2013 ਵਿਚ ਬੀਜਿੰਗ ਦਾ ਏਕਿਊਆਈ 600 ਅਤੇ ਸਿੰਗਾਪੁਰ ਦਾ 400 ਪਾਰ ਕਰ ਗਿਆ ਸੀ। ਅੱਜ ਬੀਜਿੰਗ ਅਤੇ ਸਿੰਗਾਪੁਰ ਦੋਵਾਂ ਦਾ ਏਕਿਊਆਈ ਦਿੱਲੀ ਨਾਲੋਂ ਬਹੁਤ ਘੱਟ ਹੈ। ਲੋਕ ਕਮਰ ਕੱਸ ਲੈਣ ਤਾਂ ਕੀ ਨਹੀਂ ਹੋ ਸਕਦਾ? ਸਿਰਫ਼ ਸਰਕਾਰਾਂ ਦੇ ਮੂੰਹ ਵੱਲ ਤੱਕਣ ਨਾਲ ਮਸਲਾ ਹੱਲ ਨਹੀਂ ਹੋਣਾ। ਲੋਕਾਂ ਨੂੰ ਜਲਵਾਯੂ ਪਰਿਵਰਤਨ ਦੇ ਖ਼ਤਰਿਆਂ ਬਾਰੇ ਜਾਗਰੂਕ ਹੋ ਕੇ ਉਨ੍ਹਾਂ ਦੇ ਕਾਰਨਾਂ ਦੇ ਹੱਲ ਲਈ ਖ਼ੁਦ ਵੀ ਅੱਗੇ ਆਉਣਾ ਚਾਹੀਦਾ ਹੈ। ਅਵਾਮ ਨੂੰ ਵਾਤਾਵਰਨ ਨੂੰ ਦੂਸ਼ਿਤ ਕਰਨ ਵਾਲੀਆਂ ਆਦਤਾਂ ਤਿਆਗਣੀਆਂ ਪੈਣਗੀਆਂ। ਵਾਤਾਵਰਨ ਦੀ ਸਾਂਭ-ਸੰਭਾਲ ਲਈ ਸਰਕਾਰਾਂ ਵੱਲੋਂ ਬਣਾਏ ਗਏ ਕਾਇਦੇ-ਕਾਨੂੰਨਾਂ ਦੀ ਬੜੀ ਸ਼ਿੱਦਤ ਨਾਲ ਪਾਲਣਾ ਕਰਨੀ ਪਵੇਗੀ। ਜਦ ਸਰਕਾਰੀ ਅਤੇ ਨਿੱਜੀ ਪੱਧਰ 'ਤੇ ਹਰ ਕੋਈ ਤੇਜ਼ੀ ਨਾਲ ਹੋ ਰਹੇ ਜਲਵਾਯੂ ਪਰਿਵਰਤਨ ਨੂੰ ਰੋਕਣ ਲਈ ਕਮਰ ਕੱਸ ਲਵੇਗਾ ਤਾਂ ਹੌਲੀ-ਹੌਲੀ ਹਾਲਾਤ ਆਮ ਵਰਗੇ ਬਣ ਜਾਣਗੇ।




# ਬ੍ਰਿਕਸ ਮੁਲਕਾਂ ਦੀ ਨਵੀਂ ਕਰੰਸੀ ਦੀ ਰਣਨੀਤੀ ਤੋਂ ਅਮਰੀਕੀ ਡਾਲਰ ਨੂੰ ਚੁਣੌਤੀ

ਹਰਸ਼ਵਿੰਦਰ

ਅਮਰੀਕੀ ਡਾਲਰ ਦੀ ਸਰਦਾਰੀ ਨੂੰ ਚੁਣੌਤੀ ਪੇਸ਼ ਕਰਨ ਵਾਲੇ ਬ੍ਰਿਕਸ ਸੰਗਠਨ ਦੇ ਚਰਚੇ ਪੂਰੀ ਦੁਨੀਆ ਵਿੱਚ ਹੋ ਰਹੇ ਹਨ। ਇਸ ਚੁਣੌਤੀ ਤੋਂ ਜਿੱਥੇ ਸਾਮਰਾਜੀ ਦੇਸ਼ਾਂ ਸਮੇਤ ਡਾਲਰ ਦੀ ਚੌਧਰ ਤੋਂ ਸਤਾਏ ਮੁਲਕਾਂ ਵਿੱਚ ਰਾਹਤ ਦੀ ਆਸ ਝਲਕ ਰਹੀ ਹੈ, ਉੱਥੇ ਦੂਜੇ ਪਾਸੇ ਅਮਰੀਕੀ ਸਾਮਰਾਜ ਬੁਖਲਾਹਟ ਵਿੱਚ ਆ ਕੇ ਬ੍ਰਿਕਸ ਸਮੂਹ ਵਿੱਚ ਸ਼ਾਮਲ ਦੇਸ਼ਾਂ ਨੂੰ ਘੁਰਕੀਆਂ ਦੇ ਰਿਹਾ ਹੈ। ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਤੋਂ ਬਣੇ ਬ੍ਰਿਕਸ ਦਾ ਹੋਰ ਵਿਸਥਾਰ ਹੋਣ ਨਾਲ ਇਹਨਾਂ ਦੇ ਪ੍ਰੋਗਰਾਮ ਵਿੱਚ ਡੀ-ਡਾਲਰੀਕਰਨ ਅਤੇ ਨਵੀਂ ਬ੍ਰਿਕਸ ਮੁਦਰਾ ਉਭਰਵਾਂ ਮੁੱਦਾ ਬਣ ਕੇ ਉੱਭਰ ਰਿਹਾ ਹੈ। ਬੀਤੇ ਬ੍ਰਿਕਸ ਸੰਮੇਲਨ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵੱਲੋਂ ਇੱਕ ਅਗਿਆਤ ਨੋਟ ਲਹਿਰਾਉਣ ਨਾਲ ਬ੍ਰਿਕਸ ਮੁਦਰਾ ਦੀ ਚਰਚਾ ਹੋਰ ਤੇਜ਼ ਹੋ ਗਈ। ਇਸਦੇ ਪ੍ਰਤੀਕਰਮ ਵਜੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬ੍ਰਿਕਸ ਵੱਲੋਂ ਨਵੀਂ ਮੁਦਰਾ ਸ਼ੁਰੂ ਕਰਨ ਦੇ ਇਵਜ਼ 'ਚ 100% ਟੈਰਿਫ ਲਾਉਣ ਦੀ ਘੁਰਕੀ ਦੇ ਦਿੱਤੀ। ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚੱਲਤਿ ਵਪਾਰਕ ਢਾਂਚੇ (ਬੈਕਾਂ, ਵਿੱਤੀ ਸਰਮਾਇਆ, ਡਾਲਰ ਰਿਜ਼ਰਵ, ਟੈਰਿਫ ਫ਼ੀਸਦ, ਸਵਿਫਟ ਕੋਡ ਆਦਿ) ਦੇ ਚਲਣ ਉੱਤੇ ਅੱਜ ਸੰਸਾਰ ਮੁੜ ਵਿਚਾਰ ਕਰ ਰਿਹਾ ਹੈ ਅਤੇ ਇਸ ਦੇ ਬਦਲ ਤਲਾਸ਼ ਕਰ ਰਿਹਾ ਹੈ। ਅਮਰੀਕੀ ਡਾਲਰ ਨੂੰ ਹਥਿਆਰ ਬਣਾ ਕੇ ਜਿਸ ਤਰੀਕੇ ਦੇਸ਼ ਤਬਾਹ ਹੁੰਦੇ ਰਹੇ ਹਨ ਉਸ ਦੇ ਮੱਦੇਨਜ਼ਰ ਡਾਲਰ ਮੁਕਾਬਲੇ ਬਦਲਵੀਂ ਭੁਗਤਾਨ ਪ੍ਰਣਾਲੀ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ।

ਅਮਰੀਕੀ ਸਾਮਰਾਜ ਨੂੰ ਮਜ਼ਬੂਤ ਰੱਖਣ ਲਈ ਟੈਰਿਫਾਂ ਦੀਆਂ ਧਮਕੀਆਂ ਅਤੇ ਆਰਥਿਕ ਨਾਕਾਬੰਦੀਆਂ ਸਮੇਂ-ਸਮੇਂ 'ਤੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਉਦਾਹਰਣ ਵਜੋਂ ਰੂਸ ਨੂੰ ਸਵਿਫਟ ਕੋਡ ਵਿੱਚੋਂ ਬਾਹਰ ਕੱਢਿਆ ਹੋਇਆ ਹੈ। ਸਵਿਫਟ ਅਜਿਹਾ ਅੰਤਰਰਾਸ਼ਟਰੀ ਲੈਣ-ਦੇਣ ਦਾ ਮੈਸੇਜਿੰਗ ਨੈੱਟਵਰਕ ਹੈ ਜੋ 200 ਦੇਸ਼ਾਂ ਅਤੇ 1100 ਬੈਕਾਂ ਨੂੰ ਵਿਸ਼ਵ ਪੱਧਰ 'ਤੇ ਜੋੜਦਾ ਹੈ। ਪੱਛਮੀ ਸਹਿਯੋਗੀ, ਸਵਿਫਟ ਦੇ ਮੁੱਖ ਨਿਗਰਾਨ ਹਨ। ਇਸ ਤੋਂ ਇਲਾਵਾ ਇਹ ਅਸਿੱਧੇ ਤੌਰ 'ਤੇ ਬੈਲਜੀਅਨ ਕਾਨੂੰਨ ਅਤੇ ਯੂਰਪੀਅਨ ਯੂਨੀਅਨ ਦੇ ਹੁਕਮਾਂ ਦੀ ਵੀ ਪਾਲਣਾ ਕਰਦਾ ਹੈ। ਅੰਤਰਰਾਸ਼ਟਰੀ ਲੈਣ-ਦੇਣ 'ਤੇ ਸਵਿਫਟ ਦਾ ਏਕਾਧਿਕਾਰ ਹੈ ਤੇ ਇਸ ਲਈ ਜਦੋਂ ਵੀ ਕੋਈ ਦੇਸ਼ ਪੱਛਮੀ ਵਿਚਾਰਧਾਰਾ ਜਾਂ ਪੱਛਮੀ ਚੌਧਰ ਨੂੰ ਚੁਣੌਤੀ ਦਿੰਦਾ ਹੈ ਤਾਂ ਉਸ ਦੇਸ਼ ਨੂੰ ਸਵਿਫਟ ਪ੍ਰਣਾਲੀ ਤੋਂ ਲਾਂਭੇ ਕਰਕੇ ਆਲਮੀ ਵਿੱਤੀ ਪ੍ਰਣਾਲੀ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਅੱਜ ਸਮੁੱਚੀ ਦੁਨੀਆ ਵਿੱਚ 50 ਤੋਂ ਵੱਧ ਦੇਸ਼ਾਂ ਉੱਪਰ ਆਰਥਿਕ ਪਾਬੰਦੀਆਂ ਲੱਗੀਆਂ ਹੋਈਆਂ ਹਨ। ਰੂਸ-ਯੂਕਰੇਨ ਯੁੱਧ ਕਾਰਨ ਹੁਣ ਤੱਕ ਰੂਸ ਉੱਪਰ 20,000 ਰੋਕਾਂ ਲਗਾ ਦਿੱਤੀਆਂ ਗਈਆਂ। ਆਰਥਿਕ ਰੋਕਾਂ ਦੇ ਬਾਵਜੂਦ ਰੂਸ ਦੀ ਆਰਥਿਕਤਾ ਤੇ ਵਪਾਰ, ਵਿਸ਼ਵ ਵਪਾਰ ਵਿੱਚ ਪ੍ਰਸੰਗਿਕ ਬਣਿਆ ਹੋਇਆ ਹੈ। ਇਹ ਅੱਜ ਸੰਸਾਰ ਦੇ ਬਾਕੀ ਦੇਸ਼ਾਂ ਲਈ ਸਮਝਣ ਵਾਲੀ ਗੱਲ ਹੈ। ਬ੍ਰਿਕਸ ਮੁਲਕਾਂ ਲਈ ਅੱਜ ਡਾਲਰ ਦਾ ਤੋੜ ਅਤੇ ਸਵਿਫਟ ਦਾ ਬਦਲ ਵੱਡੀਆਂ ਚੁਣੌਤੀਆਂ ਹਨ। ਉਹ ਦੋ ਪੱਧਰਾਂ 'ਤੇ ਕੰਮ ਕਰ ਰਹੇ ਹਨ: ਇੱਕ ਤਾਂ ਸਥਾਨਕ ਮੁਦਰਾ ਵਿੱਚ ਵਪਾਰ ਅਤੇ ਦੂਜਾ ਸੋਨੇ ਨਾਲ ਜੁੜੀ ਮੁਦਰਾ ਵੱਲ ਵਧਣਾ।



ਇਹ ਵਰਤਾਰਾ ਡਾਲਰ ਨੂੰ ਚੁਣੌਤੀ ਪੇਸ਼ ਕਰਨ ਵਾਲਾ ਹੈ। ਇਸੇ ਲਈ ਟਰੰਪ ਟੈਕਸ ਦੀਆਂ ਘੁਰਕੀਆਂ ਦੇ ਰਿਹਾ ਹੈ।

ਬ੍ਰਿਕਸ ਦੇਸ਼ਾਂ ਨੇ ਪਹਿਲਾਂ ਹੀ ਡਾਲਰ 'ਤੇ ਨਿਰਭਰਤਾ ਘਟਾਉਣ ਲਈ ਸਥਾਨਕ ਮੁਦਰਾਵਾਂ ਵਿੱਚ ਦੁਵੱਲੇ ਵਪਾਰ ਸਮਝੌਤੇ ਕੀਤੇ ਹਨ ਤਾਂ ਜੋ ਅਮਰੀਕੀ ਆਰਥਿਕ ਪ੍ਰਭਾਵ ਘੱਟ ਕੀਤਾ ਜਾ ਸਕੇ। ਬ੍ਰਾਜ਼ੀਲ ਅਤੇ ਚੀਨ ਨੇ ਮਾਰਚ 2023 ਵਿੱਚ ਅਮਰੀਕੀ ਡਾਲਰ ਦੀ ਬਜਾਏ ਆਪਣੀਆਂ ਮੁਦਰਾਵਾਂ ਰਿਆਲ ਅਤੇ ਯੁਆਨ ਵਿੱਚ ਵਪਾਰ ਕਰਨ ਲਈ ਸਮਝੌਤੇ 'ਤੇ ਦਸਤਖਤ ਕੀਤੇ। ਇਹ ਸਮਝੌਤਾ ਲਾਗਤਾਂ ਨੂੰ ਘਟਾਉਣ, ਵਪਾਰ ਨੂੰ ਉਤਸ਼ਾਹਿਤ ਕਰਨ ਅਤੇ ਨਿਵੇਸ਼ ਦੀ ਸਹੂਲਤ ਲਈ ਹੈ। ਰੂਸ ਅਤੇ ਇਰਾਨ ਨੇ ਦੋਵਾਂ ਦੇਸ਼ਾਂ ਦੀਆਂ ਬੈਂਕਿੰਗ ਉਪ-ਪ੍ਰਣਾਲੀਆਂ ਦਾ ਏਕੀਕਰਨ ਕਰਕੇ ਆਰਥਿਕ ਸਹਿਯੋਗ ਦਿਖਾਇਆ ਅਤੇ ਡੀ-ਡਾਲਰਾਈਜ਼ੇਸ਼ਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ, ਹੁਣ ਦੋਹਾਂ ਦੇਸ਼ਾਂ ਦੇ ਲੋਕ ਆਪਣੇ ਏਟੀਐੱਮ ਦੋਵਾਂ ਦੇਸ਼ਾਂ ਵਿੱਚ ਵਰਤ ਸਕਦੇ ਹਨ। ਭਾਰਤ ਅਤੇ ਰੂਸ ਵਿਚਕਾਰ ਲਗਭਗ 90% ਵਪਾਰ ਹੁਣ ਸਥਾਨਕ ਜਾਂ ਬਦਲਵੀਂ ਮੁਦਰਾਵਾਂ ਦੀ ਵਰਤੋਂ ਕਰ ਕੇ ਕੀਤਾ ਜਾ ਰਿਹਾ ਹੈ। ਚੀਨ-ਅਫਰੀਕਾ ਵਪਾਰ 2023 ਵਿੱਚ $282 ਬਿਲੀਅਨ ਤੱਕ ਪਹੁੰਚ ਗਿਆ, ਜਿਸ ਵਿੱਚੋਂ ਅਫਰੀਕਾ ਨੂੰ ਚੀਨੀ ਨਿਰਯਾਤ $172।8 ਬਿਲੀਅਨ ਸੀ ਅਤੇ ਅਫਰੀਕਾ ਤੋਂ ਇਸ ਦੀ ਦਰਾਮਦ $109।3 ਬਿਲੀਅਨ ਸੀ। ਚੀਨ 15 ਸਾਲਾਂ ਤੋਂ ਅਫਰੀਕਾ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਰਿਹਾ ਹੈ। ਵਧ ਰਹੇ ਵਪਾਰ ਨੇ ਸਰਹੱਦ ਪਾਰ ਲੈਣ-ਦੇਣ ਵਿੱਚ ਚੀਨੀ ਮੁਦਰਾ ਦੀ ਵਰਤੋਂ ਵਿੱਚ ਵਾਧਾ ਕੀਤਾ ਹੈ।

ਭੂ-ਸਿਆਸੀ ਖਤਰਿਆਂ ਨੂੰ ਭਾਂਪਦਿਆਂ ਬ੍ਰਿਕਸ ਆਪਣੇ ਬਲਾਕ ਵਿੱਚ ਆਰਥਿਕ ਪ੍ਰਭੂਸੱਤਾ ਚਾਹੁੰਦਾ ਹੈ ਤਾਂ ਜੋ ਆਰਥਿਕ ਨਾਕਾਬੰਦੀ ਦੇ ਸਮੇਂ ਵਿੱਤੀ ਸਥਿਰਤਾ ਬਣੀ ਰਹੇ। ਸ਼ਾਇਦ ਇਸੇ ਲਈ ਬ੍ਰਿਕਸ ਸੋਨੇ ਦੇ ਇੱਕਤਰੀਕਰਨ ਅਤੇ ਗੋਲਡ ਰਿਜ਼ਰਵ ਉੱਪਰ ਧਿਆਨ ਕੇਂਦਰਿਤ ਕਰ ਰਿਹਾ ਹੈ। 2024 ਦੇ ਦੂਜੇ ਕੁਆਰਟਰ ਵਿੱਚ ਬ੍ਰਿਕਸ ਦੇਸ਼ਾਂ ਨੇ 6200 ਟਨ ਦਾ ਗੋ.ਲਡ ਰਿਜ਼ਰਵ ਇਕੱਠਾ ਕੀਤਾ ਜੋ ਸੰਸਾਰ ਦਾ 24 ਪ੍ਰਤੀਸ਼ਤ ਬਣਦਾ ਹੈ। ਰੂਸ ਕੋਲ 2340 ਟਨ ਅਤੇ ਚੀਨ ਕੋਲ 2260 ਟਨ ਸੋਨਾ ਹੈ। ਭਾਰਤ ਨੇ ਸਿਰਫ਼ ਅਕਤੂਬਰ ਮਹੀਨੇ ਵਿੱਚ ਹੀ 27 ਟਨ ਸੋਨਾ ਖ਼ਰੀਦਿਆ।

ਐਟਲਾਂਟਿਕ ਕੌਂਸਲ ਦੀ ਰਿਪੋਰਟ ਅਨੁਸਾਰ ਭਾਰਤ ਨੇ 2024 ਵਿੱਚ ਸਭ ਤੋਂ ਵੱਧ ਸੋਨਾ ਖ਼ਰੀਦਿਆ। ਇੱਕ ਪਾਸੇ ਤਾਂ ਬ੍ਰਿਟੇਨ ਦੀ ਬੈਂਕ ਵਿੱਚੋਂ 214 ਟਨ ਸੋਨਾ ਵਾਪਸ ਮੰਗਵਾਉਣ ਨਾਲ ਭਾਰਤੀ ਗੋਲਡ ਰਿਜ਼ਰਵ 882 ਟਨ ਹੋ ਗਿਆ ਹੈ, ਦੂਜੇ ਪਾਸੇ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਦਾ ਕਹਿਣਾ ਹੈ ਕਿ ਨਾ ਤਾਂ ਉਹ ਬ੍ਰਿਕਸ ਮੁਦਰਾ ਬਾਰੇ ਸੋਚ ਰਹੇ ਹਨ ਅਤੇ ਨਾ ਹੀ ਡਾਲਰ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। ਇਸ ਕੂਟਨੀਤਕ ਬਿਆਨ ਦਾ ਕਾਰਨ ਭਾਰਤ ਦਾ ਅਮਰੀਕਾ ਨਾਲ ਬਹੁਤ ਵੱਡਾ ਵਪਾਰ ਅਤੇ ਯੁਆਨ ਨੂੰ ਮਜ਼ਬੂਤ ਕਰਨ ਦੀ ਇੱਛਾ ਨਾ ਹੋਣਾ ਹੈ। ਆਰਥਿਕ ਅਨਿਸ਼ਚਿਤਤਾ ਦੌਰਾਨ ਜਦ ਮੁਦਰਾਵਾਂ ਵਿੱਚ ਯਕੀਨ ਘਟਦਾ ਹੈ ਤਾਂ ਸੋਨੇ ਨੂੰ ਸੁਰੱਖਿਅਤ ਵਿਕਲਪ ਮੰਨਿਆ ਜਾਂਦਾ ਹੈ। ਇਸਦੇ ਉਲਟ ਡਾਲਰ ਰਿਜ਼ਰਵ ਦਾ ਅੰਕੜਾ ਸੰਸਾਰ ਭਰ ਵਿੱਚ 70% ਤੋਂ ਘਟ ਕੇ 59% ਰਹਿ ਗਿਆ ਹੈ।

ਟਰੰਪ ਡਾਲਰ ਦੀ ਰੱਖਿਆ ਲਈ ਸਖ਼ਤ ਰਣਨੀਤਕ ਉਪਾਅ ਚਾਹੁੰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਪੌਂਡ ਦੀ ਥਾਂ ਡਾਲਰ ਸਿਰਫ ਦਸ ਸਾਲਾਂ ਵਿੱਚ ਵਿਸ਼ਵ ਮੁਦਰਾ ਬਣ ਗਿਆ ਸੀ। ਅਮਰੀਕਾ ਦਾ ਕਹਿਣਾ ਹੈ ਕਿ ਉਹ ਪੂਰਨ ਟੈਕਸ ਲਾ ਕੇ ਬ੍ਰਿਕਸ ਦੇਸ਼ਾਂ ਨੂੰ ਅਮਰੀਕੀ ਮੰਡੀ ਵਿੱਚੋਂ ਬਾਹਰ ਕੱਢ ਦੇਵੇਗਾ ਪਰੰਤੂ ਅਮਰੀਕਾ ਦੁਆਰਾ ਟੈਰਿਫ ਲਗਾਉਣ ਨਾਲ ਅਮਰੀਕਾ 'ਚ ਵੀ ਸਾਮਾਨ ਮਹਿੰਗਾ ਹੋ ਜਾਵੇਗਾ ਤੇ ਮਹਿੰਗਾਈ ਨਿਯੰਤਰਣ ਤੋਂ ਬਾਹਰ ਚਲੀ ਜਾਵੇਗੀ। ਜੇ ਤੁਲਨਾਤਮਕ ਤੌਰ 'ਤੇ ਅਮਰੀਕਾ ਬ੍ਰਿਕਸ ਦੇ ਗੁਆਂਢੀ ਦੇਸ਼ਾਂ ਤੋਂ ਮਾਲ ਮੰਗਵਾ ਕੇ ਮਾਮਲਾ ਬਰਾਬਰ ਕਰਨ ਦੀ ਸੋਚ ਰਿਹਾ ਹੈ ਤਾਂ ਵੀ ਕੁਝ ਖਾਸ ਉਤਪਾਦ ਹੀ ਇਹਨਾਂ ਦੇਸ਼ਾਂ ਵਿੱਚ ਉਪਲੱਬਧ ਹਨ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਇਹ ਉਹਨਾਂ ਦੇਸ਼ਾਂ ਦੇ ਹੱਥ ਹੋਰ ਮਜ਼ਬੂਤ ਕਰਨ ਅਤੇ ਨਵੀਂ ਮੁਦਰਾ ਨੂੰ ਸਥਾਪਤ ਕਰਨ ਵੱਲ ਵਧਾਵੇਗਾ। ਪੱਛਮੀ ਵਿਚਾਰਧਾਰਾ ਦੇ ਉਲਟ ਬ੍ਰਿਕਸ ਧੜਾ ਕਿਸੇ ਸਿੱਧੇ ਟਕਰਾਅ ਵਿੱਚ ਨਾ ਉਲਝਦੇ ਹੋਏ ਸਹਿਯੋਗ, ਖੁੱਲ੍ਹੇਪਣ, ਵਪਾਰ ਅਤੇ ਸਵੈ-ਨਿਰਭਰ ਅਰਥਚਾਰੇ ਦੇ ਨਿਰਮਾਣ ਵੱਲ ਵੱਧ ਕੇਂਦਰਿਤ ਦਿਖਾਈ ਦਿੰਦਾ ਹੈ।

ਉਨ੍ਹਾਂ ਦੇ ਬੁਲਾਰੇ ਅਕਸਰ ਕਹਿੰਦੇ ਹਨ ਉਹ ਡਾਲਰ ਵਿਰੁੱਧ ਨਹੀਂ ਹਨ ਬਲਕਿ ਆਪਸੀ ਸਹਿਯੋਗ, ਬਹੁ-ਧਰੁਵੀ ਮੁਦਰਾ ਅਤੇ ਸੰਸਾਰ ਨੂੰ ਸਮਰਪਿਤ ਹਨ। ਚਾਹੇ ਬ੍ਰਿਕਸ ਧੜਾ ਆਪਸੀ ਵਿਰੋਧਾਂ, ਅਨਿਸ਼ਚਿਤਤਾ ਅਤੇ ਸੀਮਾਵਾਂ ਵਿੱਚ ਫਸਿਆ ਹੋਇਆ ਹੈ ਪਰ ਫਿਲਹਾਲ ਖ਼ੁਦ ਦੀ ਮਜ਼ਬੂਤੀ ਅਤੇ ਖੁਦਮੁਖ਼ਤਿਆਰੀ ਵੱਲ ਕੇਂਦਰਿਤ ਹੈ। ਭਾਵੇਂ ਅਮਰੀਕੀ ਡਾਲਰ ਨੂੰ ਸਿੱਧੀ ਚੁਣੌਤੀ ਦੇਣਾ ਬ੍ਰਿਕਸ ਧੜੇ ਦਾ ਮੁੱਖ ਏਜੰਡਾ ਨਹੀਂ ਹੈ ਪਰੰਤੂ ਬ੍ਰਿਕਸ ਮੁਲਕਾਂ ਵਿਚਕਾਰ ਦੁਵੱਲੇ ਵਪਾਰ ਦਾ ਆਪਸੀ ਸਥਾਨਕ ਮੁਦਰਾ ਵਿੱਚ ਲੈਣ-ਦੇਣ ਹੋਣ ਨਾਲ ਡਾਲਰ ਨੂੰ ਚੁਣੌਤੀ ਦਰਪੇਸ਼ ਆ ਰਹੀ ਹੈ। ਇਸ ਲਈ ਬ੍ਰਿਕਸ ਅਤੇ ਅਮਰੀਕੀ ਸਾਮਰਾਜ ਆਪੋ-ਆਪਣੇ ਹਿੱਤਾਂ ਦੇ ਬਚਾਅ ਲਈ ਆਹਮੋ-ਸਾਹਮਣੇ ਹਨ। ਮੁਦਰਾ ਦੀ ਸਰਦਾਰੀ, ਵਿਸ਼ਵ ਵਪਾਰ ਅਤੇ ਵਿਸ਼ਵ ਚੌਧਰ ਦੀ ਇਸ ਨੂਰਾ ਕੁਸ਼ਤੀ ਵਿੱਚ ਸੰਸਾਰ ਭਰ ਦੇ ਲੋਕ ਪਿਸਣ ਲਈ ਮਜਬੂਰ ਹਨ।

# ਜਾਰਜੀਆ 'ਚ ਹੋਏ ਹਾਦਸੇ ਦਾ ਸਬਕ

ਜਾਰਜੀਆ 'ਚ 11 ਭਾਰਤੀਆਂ ਸਣੇ 12 ਲੋਕਾਂ ਦੀ ਮੌਤ ਨੇ ਝੰਜੋੜ ਕੇ ਰੱਖ ਦਿੱਤਾ ਹੈ। ਖ਼ਬਰ ਮੁਤਾਬਕ ਇਹ 12 ਲਾਸ਼ਾਂ ਸਾਬਕਾ ਸੋਵੀਅਤ ਸੂਬੇ ਦੇ ਰਿਜ਼ਾਰਟ ਗੁਦੌਰੀ ਦੇ ਇਕ ਰੈਸਟੋਰੈਂਟ ਦੇ 'ਤੇ ਸੌਣ ਵਾਲੀ ਥਾਂ ਤੋਂ ਮਿਲੀਆਂ ਹਨ। ਇਨ੍ਹਾਂ ਮੌਤਾਂ ਦਾ ਕਾਰਨ ਕਾਰਬਨ ਮੋਨੋਆਕਸਾਈਡ ਦਾ ਜ਼ਹਿਰ ਦੱਸਿਆ ਜਾ ਰਿਹਾ ਹੈ। ਪੰਜਾਬ ਲਈ ਇਹ ਮੌਤਾਂ ਇਸ ਲਈ ਵੀ ਚਿੰਤਾਜਨਕ ਹਨ ਕਿਉਂਕਿ ਇਸ ਗੈਸ ਦੀ ਭੇਟ ਚੜ੍ਹਨ ਵਾਲਿਆਂ ਵਿਚ ਸੁਨਾਮ ਦੇ ਰਹਿਣ ਵਾਲੇ ਰਵਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਗੁਰਵਿੰਦਰ ਕੌਰ ਤੋਂ ਇਲਾਵਾ ਖੰਨਾ ਵਾਸੀ ਸਮੀਰ ਕੁਮਾਰ ਵੀ ਸ਼ਾਮਲ ਹਨ। ਮੁੱਢਲੇ ਤੌਰ 'ਤੇ ਇਹ ਮਾਮਲਾ ਹਾਦਸਾ ਲੱਗ ਰਿਹਾ ਹੈ। ਅਧਿਕਾਰੀਆਂ ਮੁਤਾਬਕ ਸ਼ੁੱਕਰਵਾਰ ਨੂੰ ਬਿਜਲੀ ਗੁੱਲ ਹੋਣ ਮਗਰੋਂ ਜਨਰੇਟਰ ਚਾਲੂ ਕੀਤਾ ਗਿਆ ਸੀ। ਇਸ ਪਿੱਛੋਂ ਹੀ ਇਹ ਹਾਦਸਾ ਵਾਪਰਿਆ।

ਇਸ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੀ ਹਿੰਸਾ ਦੇ ਕੋਈ ਸੰਕੇਤ ਨਹੀਂ ਮਿਲੇ ਹਨ। ਦੂਜੇ ਪਾਸੇ ਜਾਰਜੀਆ ਦੀ ਰਾਜਧਾਨੀ ਤਬਲਿਸੀ ਸਥਿਤ ਭਾਰਤੀ ਦੂਤਘਰ ਨੇ ਆਪਣੇ ਐਕਸ ਅਕਾਊਂਟ 'ਤੇ ਬਿਆਨ ਜਾਰੀ ਕਰ ਕੇ ਲਿਖਿਆ ਹੈ ਕਿ ਇਸ ਘਟਨਾ ਵਿਚ ਮਾਰੇ ਜਾਣ ਵਾਲੇ ਭਾਰਤੀ ਨਾਗਰਿਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਹੈ। ਮ੍ਰਿਤਕਾਂ ਦੇ ਪਰਿਵਾਰ ਵੀ ਇਸ ਘਟਨਾ ਤੋਂ ਬਾਅਦ ਸੁੰਨ ਹਨ। ਮ੍ਰਿਤਕ ਰਵਿੰਦਰ ਸਿੰਘ ਦੇ ਪਰਿਵਾਰ ਮੁਤਾਬਕ ਉਹ ਤੇ ਉਸ ਦੀ ਘਰਵਾਲੀ ਗੁਰਵਿੰਦਰ ਕੌਰ ਸੁਨਾਮ ਤੋਂ ਮਾਰਚ 'ਚ 13 ਲੱਖ ਰੁਪਏ ਖ਼ਰਚ ਕੇ ਜਾਰਜੀਆ ਗਏ ਸਨ ਪਰ ਇਸ ਹਾਦਸੇ ਨਾਲ ਸਭ ਖਿਡ-ਪੁੰਡ ਗਿਆ ਹੈ।

ਇਹ ਕੋਈ ਪਹਿਲਾ ਮਾਮਲਾ ਨਹੀਂ ਹੈ, ਠੰਢ ਦੇ ਦਿਨਾਂ ਵਿਚ ਇਹੋ ਜਿਹੇ ਹਾਦਸੇ ਅਕਸਰ ਸੋਚਣ ਲਈ ਮਜਬੂਰ ਕਰਦੇ ਹਨ। ਜਲੰਧਰ ਲਾਗੇ ਭੋਗਪੁਰ ਦੇ ਪਿੰਡ ਲੜੋਈ ਵਿਚ ਵੀ ਦੋ ਸਕੀਆਂ ਭੈਣਾਂ ਦੀ ਵਾਟਰ ਗੀਜ਼ਰ ਦੀ ਗੈਸ ਚੜ੍ਹਨ ਕਰ ਕੇ ਮੌਤ ਹੋ ਗਈ। ਇਹ ਦੋਵੇਂ ਪੰਜਵੀਂ ਤੇ ਸੱਤਵੀਂ ਜਮਾਤ ਦੀਆਂ ਵਿਦਿਆਰਥਣਾਂ ਸਨ।

ਪਿਛਲੇ ਸਾਲ 6 ਦਸੰਬਰ ਨੂੰ ਉੱਤਰ ਪ੍ਰਦੇਸ਼ ਦੇ ਸ਼ਾਮਲੀ 'ਚ ਅੰਗੀਠੀ ਬਾਲ ਕੇ ਸੌਂ ਰਹੇ ਵਿਅਕਤੀ ਇਸ ਕਾਰਨ ਲੱਗੀ ਅੱਗ 'ਚ ਝੁਲਸ ਕੇ ਮੌਤ ਦੇ ਮੂੰਹ ਜਾ ਪਏ ਸਨ। ਅਠਾਰਾਂ ਦਸੰਬਰ ਨੂੰ ਅਨੰਤਨਾਗ 'ਚ ਇਕ ਮਜ਼ਦੂਰ ਦੀ ਠੰਢ ਤੋਂ ਬਚਣ ਲਈ ਕਮਰੇ 'ਚ ਬਾਲੀ ਅੱਗ ਦੇ ਧੂੰਏਂ ਨਾਲ ਸਾਹ ਘੁਟਣ ਕਾਰਨ ਮੌਤ ਹੋ ਗਈ ਸੀ।

ਜਿਵੇਂ-ਜਿਵੇਂ ਠੰਢ ਵਧ ਰਹੀ ਹੈ, ਗਰਮ ਪਾਣੀ ਤੇ ਰਾਤ ਵੇਲੇ ਨਿੱਘੇ ਕਮਰਿਆਂ ਦੀ ਲੋੜ ਵੱਧ ਮਹਿਸੂਸ ਹੋਵੇਗੀ। ਪਾਣੀ ਗਰਮ ਕਰਨ ਤੇ ਸੌਣ ਵਾਲੇ ਕਮਰਿਆਂ ਨੂੰ ਗਰਮ ਰੱਖਣ ਲਈ ਲੋਕ ਕਈ ਤਰ੍ਹਾਂ ਦੇ ਢੰਗ-ਤਰੀਕੇ ਵਰਤਦੇ ਹਨ। ਕਮਰਿਆਂ 'ਚ ਕੋਲੇ ਵਾਲੀ ਅੰਗੀਠੀ ਆਮ ਵਰਤੀ ਜਾਂਦੀ ਹੈ ਪਰ ਇਸ ਤੋਂ ਵੀ ਸਚੇਤ ਰਹਿਣ ਦੀ ਲੋੜ ਹੈ। ਕੋਲੇ ਦੀ ਅੰਗੀਠੀ ਕਾਰਨ ਕਈ ਥਾਈਂ ਮੌਤਾਂ ਦੇ ਮਾਮਲੇ ਸਾਹਮਣੇ ਆਉਂਦੇ ਹੀ ਰਹੇ ਹਨ।

ਹੀਟਰਾਂ, ਗੈਸ ਗੀਜ਼ਰਾਂ ਦੀ ਬਾਜ਼ਾਰ 'ਚ ਭਰਮਾਰ ਹੈ ਤੇ ਇਨ੍ਹਾਂ ਦੀ ਵਰਤੋਂ ਬਹੁਤ ਸੰਭਲ ਕੇ ਕਰਨ ਦੀ ਲੋੜ ਹੈ। ਮਾਹਿਰਾਂ ਮੁਤਾਬਕ ਘਰ ਦੇ ਬਾਥਰੂਮ 'ਚ ਗੀਜ਼ਰ ਉਦੋਂ ਹੀ ਲਗਾਇਆ ਜਾਵੇ ਜਦੋਂ ਬਾਥਰੂਮ 'ਚ ਹਵਾ ਆਰ-ਪਾਰ ਜਾਣ ਦਾ ਮੁਕੰਮਲ ਪ੍ਰਬੰਧ ਹੋਵੇ। ਇਸ ਦੇ ਨਾਲ ਹੀ ਜੇ ਗੈਸ ਗੀਜ਼ਰ ਦੀ ਰੋਜ਼ਾਨਾ ਵਰਤੋਂ ਕੀਤੀ ਜਾਂਦੀ ਹੈ ਤਾਂ ਗੀਜ਼ਰ ਤੇ ਗੈਸ ਸਿਲੰਡਰ ਨੂੰ ਬਾਥਰੂਮ ਤੋਂ ਬਾਹਰ ਕਿਸੇ ਸੁਰੱਖਿਅਤ ਥਾਂ 'ਤੇ ਰੱਖਿਆ ਜਾਣਾ ਚਾਹੀਦਾ ਹੈ।

ਇਕ ਮੈਂਬਰ ਦੇ ਨਹਾਉਣ ਤੋਂ ਬਾਅਦ ਕੁਝ ਦੇਰ ਲਈ ਬਾਥਰੂਮ ਦਾ ਦਰਵਾਜ਼ਾ ਖੋਲ੍ਹ ਦੇਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਜਾਨਲੇਵਾ ਗੈਸ ਦਾ ਨਿਕਾਸ ਚੰਗੀ ਤਰ੍ਹਾਂ ਹੋ ਜਾਵੇ। ਗੈਸ ਗੀਜ਼ਰ, ਹੀਟਰ ਤੇ ਕੋਲੇ ਵਾਲੀ ਅੰਗੀਠੀ ਦੀ ਵਰਤੋਂ ਤੋਂ ਪਹਿਲਾਂ ਇਸ ਨਾਲ ਜੁੜੀਆਂ ਸਾਵਧਾਨੀਆਂ ਨੂੰ ਵੀ ਚੰਗੀ ਤਰ੍ਹਾਂ ਧਿਆਨ 'ਚ ਰੱਖਣਾ ਚਾਹੀਦਾ ਹੈ।

# ਕਿਸਾਨਾਂ ਦੀਆਂ ਮੰਗਾਂ ਤੇ ਸੁਝਾਵਾਂ ਲਈ ਸਾਡੇ ਦਰ ਹਮੇਸ਼ਾ ਖੁੱਲ੍ਹੇ: ਸੁਪਰੀਮ ਕੋਰਟ

ਨਵੀਂ ਦਿੱਲੀ- ਸੁਪਰੀਮ ਕੋਰਟ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਅਤੇ ਸੁਝਾਵਾਂ ਲਈ ਉਨ੍ਹਾਂ ਦੇ ਦਰ ਹਮੇਸ਼ਾ ਖੁੱਲ੍ਹੇ ਹਨ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਉੱਜਲ ਭੂਈਆਂ ਦੇ ਬੈਂਚ ਨੇ ਕਿਹਾ ਕਿ ਕਿਸਾਨ ਸਿੱਧੇ ਜਾਂ ਫਿਰ ਆਪਣੇ ਅਧਿਕਾਰਤ ਨੁਮਾਇੰਦਿਆਂ ਰਾਹੀਂ ਸੁਪਰੀਮ ਕੋਰਟ ਤੱਕ ਪਹੁੰਚ ਕਰ ਸਕਦੇ ਹਨ। ਸੁਪਰੀਮ ਕੋਰਟ ਨੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਵਿਗੜਦੀ ਸਿਹਤ ਦਾ ਵੀ ਨੋਟਿਸ ਲਿਆ ਅਤੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ ਬਿਨਾਂ ਦੇਰੀ ਦੇ ਉਨ੍ਹਾਂ ਨੂੰ ਮੈਡੀਕਲ ਸਹਾਇਤਾ ਮੁਹਈਆ ਕਰਾਏ। ਸਿਖਰਲੀ ਅਦਾਲਤ ਨੇ ਡੱਲੇਵਾਲ ਦੀ ਗੰਭੀਰ ਹਾਲਤ 'ਤੇ ਟਿੱਪਣੀ ਉਸ ਸਮੇਂ ਕੀਤੀ ਜਦੋਂ ਪੰਜਾਬ ਸਰਕਾਰ ਨੇ ਅੱਜ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਨ੍ਹਾਂ ਜਗਜੀਤ ਸਿੰਘ ਡੱਲੇਵਾਲ (ਜੋ ਪਿਛਲੇ 23 ਦਿਨਾਂ ਤੋਂ ਮਰਨ ਵਰਤ ਉਪਰ ਬੈਠੇ ਹਨ) ਅਤੇ ਹੋਰ ਕਿਸਾਨ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਹਨ ਪਰ ਉਨ੍ਹਾਂ ਸੁਪਰੀਮ ਕੋਰਟ ਵੱਲੋਂ ਕਾਇਮ ਕੀਤੀ ਉੱਚ-ਤਾਕਤੀ ਕਮੇਟੀ ਨਾਲ ਗੱਲਬਾਤ ਤੋਂ ਨਾਂਹ ਕਰ ਦਿੱਤੀ ਹੈ। ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਬੈਂਚ ਨੂੰ ਦੱਸਿਆ ਕਿ ਕਮੇਟੀ ਨੇ ਕਿਸਾਨਾਂ ਨੂੰ 17 ਦਸੰਬਰ ਨੂੰ ਗੱਲਬਾਤ ਦਾ ਸੱਦਾ ਦਿੱਤਾ ਸੀ ਪਰ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਮੀਟਿੰਗ ਤੋਂ ਇਨਕਾਰ ਕਰ ਦਿੱਤਾ। ਐਡਵੋਕੇਟ ਜਨਰਲ ਨੇ ਕਿਹਾ ਕਿ ਸੂਬਾ ਸਰਕਾਰ ਨਿਯਮਤ ਆਧਾਰ ਉੱਤੇ ਕਿਸਾਨਾਂ ਨੂੰ ਗੱਲਬਾਤ ਵਾਸਤੇ ਮਨਾ ਰਹੀ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਕਿਸਾਨਾਂ ਦੀਆਂ ਮੰਗਾਂ ਸਿੱਧੇ ਅਦਾਲਤ 'ਚ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਸੁਪਰੀਮ ਕੋਰਟ ਨੇ ਕਿਹਾ, ''ਅਸੀਂ ਸਪੱਸਟ ਕਰ ਦੇਣਾ ਚਾਹੁੰਦੇ ਹਾਂ ਕਿ ਕਿਸਾਨਾਂ ਦੀਆਂ ਮੰਗਾਂ ਜਾਂ ਕਿਸੇ ਵੀ ਸੁਝਾਅ ਲਈ ਕੋਰਟ ਦੇ ਦਰ ਹਮੇਸ਼ਾ ਖੁੱਲ੍ਹੇ ਹਨ। ਕਿਸਾਨ ਸਿੱਧੇ ਜਾਂ ਆਪਣੇ ਅਧਿਕਾਰਤ ਨੁਮਾਇੰਦੇ ਰਾਹੀਂ ਸਾਡੇ ਨਾਲ ਰਾਬਤਾ ਕਰ ਸਕਦੇ ਹਨ।'' ਬੈਂਚ ਵੱਲੋਂ ਡੱਲੇਵਾਲ ਦੀ ਵਿਗੜਦੀ ਸਿਹਤ 'ਤੇ ਚਿੰਤਾ ਜਤਾਉਣ 'ਤੇ ਪੰਜਾਬ ਦੇ ਐਡਵੋਕੇਟ ਜਨਰਲ ਨੇ ਕਿਹਾ ਕਿ ਸੂਬੇ ਦੇ ਅਧਿਕਾਰੀਆਂ ਅਤੇ ਕੇਂਦਰ ਦੇ ਨੁਮਾਇੰਦੇ ਨੇ ਕਿਸਾਨ ਆਗੂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਸਿਹਤ ਦਾ ਜਾਇਜ਼ਾ ਲਿਆ ਸੀ ਪਰ ਉਨ੍ਹਾਂ ਮੈਡੀਕਲ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਨੇ ਡੱਲੇਵਾਲ ਦੀ ਸਿਹਤ-ਸੰਭਾਲ 'ਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਾ ਵਰਤਣ ਦਾ ਸੁਝਾਅ ਦਿੰਦਿਆਂ ਕਿਹਾ, ''ਡੱਲੇਵਾਲ ਦੀ ਸਿਹਤ ਦਾ ਧਿਆਨ ਰੱਖਣ 'ਚ ਦੇਰੀ ਨਾ ਕਰੋ। ਉਹ ਇਕ ਜਨਤਕ ਹਸਤੀ ਹਨ, ਲੋਕਾਂ ਦੇ ਗ਼ੈਰ-ਸਿਆਸੀ ਆਗੂ ਹਨ। ਉਹ ਕਿਸਾਨਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੇ ਹਨ। ਇਕ ਚੁਣੀ ਹੋਈ ਸਰਕਾਰ ਅਤੇ ਸੰਵਿਧਾਨਕ ਅੰਗ ਵਜੋਂ ਤੁਸੀਂ ਇਹ ਦੋਸ਼ ਨਹੀਂ ਲੱਗਣ ਦੇਵੋਗੇ ਕਿ ਕੁਝ ਹੋ ਗਿਆ ਹੈ।'' ਪਿਛਲੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਡੱਲੇਵਾਲ ਨੂੰ ਫੌਰੀ ਮੈਡੀਕਲ ਸਹਾਇਤਾ ਦੇਣ ਦੇ ਹੁਕਮ ਦਿੱਤੇ ਸਨ। ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨੇ ਸੂਬੇ ਵਿੱਚ ਰੇਲਾਂ ਦਾ ਚੱਕਾ ਜਾਮ ਕਰਨ ਮਗਰੋਂ ਹੁਣ ਅਗਲੇ ਐਕਸ਼ਨ ਵਜੋਂ 30 ਦਸੰਬਰ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਹੈ। ਸ਼ੰਭੂ ਬਾਰਡਰ 'ਤੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਕਿਸਾਨ ਨੇਤਾ ਸੁਰਜੀਤ ਸਿੰਘ ਫੂਲ, ਜਸਵਿੰਦਰ ਸਿੰਘ ਲੌਂਗੋਵਾਲ, ਸੁਵਿੰਦਰ ਸਿੰਘ ਚੌਤਾਲਾ, ਅਸ਼ੋਕ ਬੁਲਾਰਾ, ਤੇਜਵੀਰ ਸਿੰਘ ਪੰਜੋਖਰਾ, ਗੁਰ ਅਮਨੀਤ ਸਿੰਘ ਮਾਂਗਟ, ਪਰਮਜੀਤ ਸਿੰਘ ਜੰਗ ਸਿੰਘ ਭਟੇੜੀ ਅਤੇ ਚਮਕੌਰ ਸਿੰਘ ਨੇ ਕਿਹਾ ਕਿ ਹਕੂਮਤ 23 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਨੂੰ ਵੀ ਨਜ਼ਰਅੰਦਾਜ਼ ਕਰ ਰਹੀ ਹੈ। ਉਨ੍ਹਾਂ ਦੇਸ਼ ਭਰ ਦੀਆਂ ਕਿਸਾਨ ਮਜ਼ਦੂਰ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਏਕਾ ਬਣਾ ਕੇ ਸੰਘਰਸ਼ ਨੂੰ ਹੋਰ ਵਿਆਪਕ ਬਣਾਉਣ।



ਉਨ੍ਹਾਂ ਕਿਹਾ ਕਿ ਜੇ ਸ੍ਰੀ ਡੱਲੇਵਾਲ ਦਾ ਜਾਨੀ ਨੁਕਸਾਨ ਹੁੰਦਾ ਹੈ ਤਾਂ ਸਰਕਾਰ ਨੂੰ ਖਾਮਿਆਜ਼ਾ ਭੁਗਤਣਾ ਪਵੇਗਾ। ਪਿਛਲੇ ਦਿਨੀਂ ਸ਼ੰਭੂ ਬਾਰਡਰ 'ਤੇ ਸਲਫਾਸ ਖਾਣ ਵਾਲੇ 57 ਸਾਲਾ ਰਣਜੋਧ ਸਿੰਘ (ਜੋਧਾ ਭੰਗੂ) ਨਾਂ ਦੇ ਕਿਸਾਨ ਦੀ ਚਾਰ ਦਿਨਾਂ ਬਾਅਦ ਅੱਜ ਇੱਥੇ ਮੌਤ ਹੋ ਗਈ। ਉਸ ਨੇ ਇੱਥੋਂ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਅੱਜ ਸਵੇਰੇ 7 ਵਜੇ ਆਖਰੀ ਸਾਹ ਲਿਆ। ਉਹ ਜ਼ਿਲ੍ਹਾ ਲੁਧਿਆਣਾ ਦੇ ਖੰਨਾ ਨੇੜਲੇ ਪਿੰਡ ਰਤਨਹੇੜੀ ਦਾ ਵਸਨੀਕ ਸੀ, ਜੋ ਆਪਣੇ ਪਿਛੇ ਪਤਨੀ, ਪੁੱਤਰ ਅਤੇ ਧੀ ਛੱਡ ਗਿਆ ਹੈ। ਪਰਿਵਾਰ ਦੇ ਵਿੱਤੀ ਹਾਲਤ ਬਹੁਤੀ ਵਧੀਆ ਨਹੀਂ ਹੈ। ਰਣਜੋਧ ਸਿੰਘ 'ਸ਼ੇਰੇ ਪੰਜਾਬ ਕਿਸਾਨ ਯੂਨੀਅਨ' ਦਾ ਨੁਮਾਇੰਦਾ ਸੀ। ਇਸ ਜਥੇਬੰਦੀ ਦੇ ਸੂਬਾਈ ਪ੍ਰਧਾਨ ਗੁਰਿੰਦਰ ਸਿੰਘ ਭੰਗੂ (ਚਮਕੌਰ ਸਾਹਿਬ) ਨੇ ਦੱਸਿਆ ਕਿ ਉਹ ਦਸ ਮਹੀਨਿਆਂ ਤੋਂ ਸ਼ੰਭੂ ਬਾਰਡਰ 'ਤੇ ਡਟਿਆ ਹੋਇਆ ਸੀ ਤੇ ਇੱਥੇ ਮੁੱਖ ਤੌਰ 'ਤੇ ਉਹ ਲੰਗਰ 'ਚ ਹੀ ਸੇਵਾ ਕਰਦਾ ਸੀ।

# ਅੱਗੇ ਵਧਣ ਵਿਚ ਅਸਲ ਅੜਿੱਕਾ ਹੈ ਨੌਕਰਸ਼ਾਹੀ

ਅਜੈ ਵੀਰ ਜਾਖੜ

ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਵਜੋਂ ਮੇਰੇ ਕਾਰਜਕਾਲ (6 ਅਪਰੈਲ, 2017 ਤੋਂ 20 ਸਤੰਬਰ, 2021) ਬਾਬਤ ਮੈਥੋਂ ਅਕਸਰ ਸਵਾਲ ਪੁੱਛੇ ਜਾਂਦੇ ਹਨ। ਇਸ ਲਈ ਕਿਉਂ ਨਾ ਇਸ ਦੀ ਸ਼ੁਰੂਆਤ ਮੁੱਢ ਤੋਂ ਹੀ ਕੀਤੀ ਜਾਵੇ? ਉਸ ਮਹੱਤਵਪੂਰਨ ਜਾਂ ਕਹੋ ਭਾਗਾਂ ਭਰੇ ਦਿਨ, ਵਿੱਤ ਕਮਿਸ਼ਨਰ (ਮਾਲ) ਅਤੇ ਪੰਜਾਬ ਸਰਕਾਰ ਦਾ ਸਕੱਤਰ ਅਤੇ ਕਮਿਸ਼ਨ ਦੇ ਮੈਂਬਰ ਸਕੱਤਰ ਮੈਨੂੰ ਕਮਿਸ਼ਨਰ ਦੀ ਕੁਰਸੀ ’ਤੇ ਬਿਠਾ ਕੇ ਚਲਦੇ ਬਣੇ। ਮੈਂ ਇੱਕ ਵੱਡੇ ਦਫ਼ਤਰ ਵਿੱਚ ਬੈਠਾ ਹੋਇਆ ਸਾਂ ਅਤੇ ਕਿਸੇ ਨੇ ਮੈਨੂੰ ਦੱਸਣ ਦੀ ਉੱਕਾ ਕੋਈ ਜ਼ਹਿਮਤ ਨਾ ਕੀਤੀ ਕਿ ਮੇਰਾ ਕੰਮ ਕੀ ਹੋਵੇਗਾ। ਮੈਂ ਹੈਰਾਨ ਜ਼ਰੂਰ ਸਾਂ ਪਰ ਦਿਲ ਨਾ ਛੱਡਿਆ। ਮੈਂ ਝੱਟ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਨੂੰ ਚਿੱਠੀ ਲਿਖੀ ਕਿ ਰਾਜ ਵਿੱਚ ਕੀਟਨਾਸ਼ਕਾਂ, ਬੀਜਾਂ ਅਤੇ ਖਾਦਾਂ ਦੇ ਫੇਲ੍ਹ ਹੋਏ ਸੈਂਪਲਾਂ ਬਾਰੇ ਜਾਣਕਾਰੀ ਦਿੱਤੀ ਜਾਵੇ। ਪ੍ਰਾਈਵੇਟ ਖੇਤਰ ਵਿੱਚ ਇਸ ਤਰ੍ਹਾਂ ਦੇ ਅੰਕੜੇ ਲੈਣ ਲਈ ਮਸਾਂ ਦੋ ਘੰਟੇ ਲੱਗਣੇ ਸਨ ਪਰ ਉੱਥੇ ਇਸ ਕੰਮ ਨੂੰ ਦੋ ਸਾਲ ਲੱਗ ਗਏ, ਉਹ ਵੀ ਲਗਾਤਾਰ ਪੈਰਵੀ ਅਤੇ ਮੰਨ ਮਨਾਈ ਤੋਂ ਬਾਅਦ। ਕਮਿਸ਼ਨ ਨੂੰ ਆਪਣੇ ਕੰਮ ਵਿੱਚ ਮਦਦ ਵਾਸਤੇ ਵਿਭਾਗ ਤੋਂ ਇੱਕ ਅਫ਼ਸਰ ਲੈਣ ਲਈ ਛੇ ਮਹੀਨੇ ਲੱਗ ਗਏ। ਮੈਂ ਕਦੇ ਕਿਸੇ ਸਰਕਾਰੀ ਵਿਭਾਗ ਵਿੱਚ ਕੰਮ ਨਹੀਂ ਕੀਤਾ ਸੀ ਜਿਸ ਕਰ ਕੇ ਮੈਨੂੰ ਇੱਕ ਵੱਡਾ ਸਬਕ ਮਿਲਿਆ ਕਿ ਅਸਲ ਸਮੱਸਿਆ ਸਰਕਾਰ ਨਹੀਂ ਸਗੋਂ ਨੌਕਰਸ਼ਾਹੀ ਹੈ। ਉਹ ਮੇਰਾ ਪਹਿਲਾ ਸਬਕ ਸੀ।

ਲੰਮੀ ਕਹਾਣੀ ਪਾਉਣ ਦੀ ਬਜਾਏ ਸੰਖੇਪ ਸਾਰ ਇਹ ਹੈ ਕਿ ਕਮਿਸ਼ਨ ਨੂੰ ਅਜਿਹੀਆਂ ਕਈ ਮਿਸਾਲਾਂ ਮਿਲੀਆਂ ਜਿਨ੍ਹਾਂ ਵਿੱਚ ਕੀਟਨਾਸ਼ਕ, ਖਾਦਾਂ ਅਤੇ ਬੀਜਾਂ ਦੇ ਫੇਲ੍ਹ ਹੋਏ ਸੈਂਪਲਾਂ ਦੇ ਮਾਮਲੇ ਵਿੱਚ ਦਸ-ਦਸ ਸਾਲ ਤੱਕ ਕੋਈ ਕੇਸ ਦਰਜ ਨਹੀਂ ਕੀਤਾ ਗਿਆ ਜਾਂ ਜਿਨ੍ਹਾਂ ਦੀ ਮਿਆਦ ਹੀ ਪੁੱਗ ਗਈ ਸੀ। ਨਤੀਜਨ, ਕਰੀਬ 150 ਅਫ਼ਸਰਾਂ ਨੂੰ ਚਾਰਜਸ਼ੀਟ ਕੀਤਾ ਗਿਆ। ਕਮਿਸ਼ਨ ਨੇ ਯਕੀਨੀ ਬਣਾਇਆ ਕਿ ਕਿਸੇ ਨੂੰ ਸਜ਼ਾ ਨਾ ਦਿੱਤੀ ਜਾਵੇ ਪਰ ਉਸ ਤੋਂ ਬਾਅਦ ਸੌ ਫ਼ੀਸਦੀ ਪਾਲਣਾ ਕੀਤੀ ਜਾਵੇ। ਮੈਨੂੰ ਦੱਸਿਆ ਗਿਆ ਕਿ ਅਫ਼ਸਰਾਂ ਨੇ ਸੰਘਰਸ਼ ਵਿੱਢਣ ਦੀ ਧਮਕੀ ਦਿੱਤੀ ਹੈ। ਇਹ ਗੱਲ ਉਦੋਂ ਵੀ ਹੋਈ ਸੀ ਜਦੋਂ ਥੋੜ੍ਹੇ ਸਮੇਂ ਬਾਅਦ ਸਰਕਾਰ ਨੇ ਐੱਫਸੀਆਈ ਤੋਂ ਅਨਾਜ ਦੀ ਖਰੀਦ ਬਦਲੇ ਆੜ੍ਹਤੀਆਂ ਨੂੰ ਮਿਲਦੇ ਖਰਚਿਆਂ ਉੱਪਰ 20 ਫ਼ੀਸਦੀ ਫੀਸ ਲਾ ਕੇ ਦੁੱਧ, ਅਨਾਜ ਅਤੇ ਸਬਜ਼ੀਆਂ ਲਈ ਕੀਮਤ ਸਥਿਰਤਾ ਫੰਡ ਬਣਾਇਆ ਸੀ। ਆੜ੍ਹਤੀਆਂ ਨੇ ਆਪਣੇ ਕਾਫ਼ੀ ਤਾਅ ਤੇਵਰ ਦਿਖਾਏ। ਮੈਂ ਹੱਸ ਕੇ ਆਖਿਆ ਕਿ ਜੇ ਆੜ੍ਹਤੀਏ ਮੇਰੇ ਦਰਾਂ ’ਤੇ ਬਹਿ ਕੇ ਅੰਦੋਲਨ ਕਰਨਗੇ ਤਾਂ ਉਨ੍ਹਾਂ ਦਾ ਸਵਾਗਤ ਹੈ ਕਿਉਂਕਿ ਇਸ ਨਾਲ ਕਮਿਸ਼ਨ ਦੀ ਦਿੱਖ ਹੀ ਨਿੱਖਰੇਗੀ। ਉਹ ਉਂਝ ਵੀ ਚੁਸਤ ਚਲਾਕ ਸਨ ਜਿਸ ਕਰ ਕੇ ਉਨ੍ਹਾਂ ਮੇਰੀ ਸਲਾਹ ਨਜ਼ਰਅੰਦਾਜ਼ ਕਰਨ ਲਈ ਆਸਾਨੀ ਨਾਲ ਸਰਕਾਰ ਨੂੰ ਰਾਜ਼ੀ ਕਰ ਲਿਆ।

ਇਹ ਸਮਝਣ ਲਈ ਕਿ ਸਿਸਟਮ ਕਿਵੇਂ ਕੰਮ ਕਰਦਾ ਹੈ, ਉਨ੍ਹਾਂ ਦੇ ਕੰਮਕਾਜ ਅਤੇ ਮੁੱਦਿਆਂ ਦੀ ਜਾਣਕਾਰੀ ਦੇਣ ਲਈ ਵੱਖ-ਵੱਖ ਵਿਭਾਗਾਂ ਨੂੰ ਸੱਦਿਆ ਜਾਂਦਾ ਸੀ। ਇਸ ਦੀ ਬਜਾਏ ਕਮਿਸ਼ਨ ਨੇ ਫ਼ੈਸਲਾ ਕੀਤਾ ਕਿ ਸਾਰੇ ਵਿਭਾਗਾਂ ਦਾ ਦੌਰਾ ਕਰ ਕੇ ਅਫ਼ਸਰਾਂ ਅਤੇ ਉਨ੍ਹਾਂ ਦੇ ਜੂਨੀਅਰ ਅਮਲੇ ਨੂੰ ਵਿਭਾਗਾਂ ਵਿੱਚ ਹੀ ਮਿਲਿਆ ਜਾਵੇ। ਇਹ ਅੱਖਾਂ ਖੋਲ੍ਹਣ ਵਾਲਾ ਤਜਰਬਾ ਸੀ ਜਿਵੇਂ ਕਿਸੇ ਦੇ ਸਿਰ ਵਿੱਚ ਬੱਲਾ ਵੱਜਿਆ ਹੋਵੇ। ਅਗਲਾ ਗਿਆਨ ਇਹ ਸੀ ਕਿ ਚਾਰੇ ਪਾਸੇ ‘ਨਾਅਹਿਲ ਸ਼ਾਸਨ’ ਪੱਸਰਿਆ ਹੋਇਆ ਸੀ ਜਿਸ ਕਰ ਕੇ ਪ੍ਰਗਤੀ ਰੁਕੀ ਹੋਈ ਸੀ। ਸਿੱਟੇ ਵਜੋਂ ਖੇਤੀਬਾੜੀ ਨੀਤੀ ਦੇ ਖਰੜੇ ਵਿੱਚ ਪਹਿਲਾ ਅਧਿਆਏ ‘ਸ਼ਾਸਨ’ ਉੱਪਰ ਹੀ ਸੀ। ਇਹ ਪਹਿਲੀ ਅਜਿਹੀ ਨੀਤੀ ਸੀ ਜਿਸ ਵਿੱਚ ਸ਼ਾਸਨ ਦੀ ਸਮੱਸਿਆ ਅਤੇ ਹੱਲ ਦੇ ਰੂਪ ਵਿੱਚ ਨਿਸ਼ਾਨਦੇਹੀ ਕੀਤੀ ਗਈ ਸੀ। ਕਈਆਂ ਨੂੰ ਇਹ ਗੱਲ ਹਜ਼ਮ ਨਾ ਹੋਈ ਪਰ ਸਮਾਂ ਪਾ ਕੇ ਮੇਰੀ ਧਾਰਨਾ ਦੀ ਪ੍ਰੋੜ੍ਹਤਾ ਹੋ ਗਈ।

ਕਮਿਸ਼ਨ ਦੀ ਭੂਮਿਕਾ ਸਲਾਹਕਾਰੀ ਸੀ। ਫਿਰ ਵੀ ਮੈਨੂੰ ਕੁਝ ਗੱਲਾਂ ਦਾ ਅਫ਼ਸੋਸ ਹੈ। ਕਿਸੇ ਕੀਤੇ ਦਾ ਕੋਈ ਅਫ਼ਸੋਸ ਨਹੀਂ, ਸਗੋਂ ਅਫ਼ਸੋਸ ਉਨ੍ਹਾਂ ਦਾ ਸੀ ਜੋ ਫ਼ੈਸਲੇ ਕੀਤੇ ਨਹੀਂ ਗਏ ਜਾਂ ਕਰਨ ਤੋਂ ਟਾਲ਼ਾ ਵੱਟਿਆ ਗਿਆ। ਕੀਤੇ ਗਏ ਸਾਰੇ ਕੰਮਾਂ ਦਾ ਵੇਰਵਾ ਇੱਕ ਲੇਖ ਵਿੱਚ ਸਮੇਟਣਾ ਔਖਾ ਹੈ ਪਰ ਜਿਹੜੇ ਕੁਝ ਕਾਨੂੰਨ ਪਾਸ ਕੀਤੇ ਗਏ, ਉਹ ਵਾਕਈ ਲਾਮਿਸਾਲ ਸਨ। ਮੈਨੂੰ ਇਸ ਗੱਲ ਦਾ ਸੰਦੇਹ ਹੈ ਕਿ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਰੱਕ ਯੂਨੀਅਨਾਂ ’ਤੇ ਪਾਬੰਦੀ ਲਾਉਣ ਲਈ ਸਹਿਮਤੀ ਦਿੱਤੀ ਹੋਵੇਗੀ ਪਰ ਉਨ੍ਹਾਂ ਦੀ ਬਾਕਮਾਲ ਪ੍ਰਸ਼ਾਸਕੀ ਲਿਆਕਤ ਦੇ ਹੁੰਦਿਆਂ ਸੁੰਦਿਆਂ, ਟਰੱਕ ਯੂਨੀਅਨਾਂ ’ਤੇ ਪਾਬੰਦੀ ਲਗਾ ਦਿੱਤੀ ਗਈ! ਹਾਲਾਂਕਿ ਬਠਿੰਡਾ ਜਿਹੀਆਂ ਕੁਝ ਥਾਵਾਂ ’ਤੇ ਟਰੱਕ ਯੂਨੀਅਨਾਂ ਚਲਦੀਆਂ ਰਹੀਆਂ।

ਤੀਜਾ ਸਬਕ ਇਹ ਸੀ ਕਿ ਆਪਣੇ ਤਾਣ ਨਾਲੋਂ ਵਧ ਕੇ ਮੁੱਕਾ ਜੜਨ ਤੋਂ ਕਦੇ ਨਾ ਡਰੋ। ਆਰਥਿਕ ਤੌਰ ’ਤੇ ਸਰਦੇ ਪੁੱਜਦੇ ਕਿਸਾਨਾਂ ਨੂੰ ਖੇਤੀ ਟਿਊਬਵੈੱਲਾਂ ’ਤੇ ਦਿੱਤੀ ਜਾਂਦੀ ਮੁਫ਼ਤ ਬਿਜਲੀ ਸਹੂਲਤ ਨੂੰ ਤਰਕਸੰਗਤ ਬਣਾਉਣ ਦੀ ਤਜਵੀਜ਼ ’ਤੇ ਮੁੱਖ ਮੰਤਰੀ ਦੇ ਦਫ਼ਤਰ ਵੱਲੋਂ ਉਨ੍ਹਾਂ ਨੂੰ ਇਸ ਗੱਲ ਲਈ ਮਨਾ ਲਿਆ ਗਿਆ ਕਿ ਇਹ ਸਿਆਸੀ ਤੌਰ ’ਤੇ ਵਿਵਾਦਪੂਰਨ ਰਾਹ ਹੈ ਜਿਸ ਉੱਪਰ ਸੰਭਲ ਕੇ ਕਦਮ ਪੁੱਟਣ ਦੀ ਲੋੜ ਹੈ, ਹਾਲਾਂਕਿ ਕਿਸਾਨ ਜਥੇਬੰਦੀਆਂ ਨੇ ਇਸ ਨਾਲ ਸਹਿਮਤੀ ਪ੍ਰਗਟ ਕਰ ਦਿੱਤੀ ਸੀ।

ਮੈਂ ਇਹ ਪ੍ਰਵਾਨ ਕਰਦਾ ਹਾਂ ਕਿ ਕਿਸਾਨ ਜਥੇਬੰਦੀਆਂ ਨੇ ਨੀਤੀ ਘੜਨ ਵਿੱਚ ਕਮਿਸ਼ਨ ਦੇ ਯਤਨਾਂ ਵਿੱਚ ਪੂਰਾ ਸਹਿਯੋਗ ਦਿੱਤਾ। ਪੰਜਾਬ ਰਾਜ ਕਿਸਾਨ ਨੀਤੀ ਦਾ ਖਰੜਾ ਤਿਆਰ ਕਰਦਿਆਂ ਸਾਨੂੰ ਜੋ ਚੌਥੀ ਸਿੱਖਿਆ ਮਿਲੀ, ਉਹ ਇਹ ਸੀ ਕਿ ਨੀਤੀ ਦੇ ਹਾਂਦਰੂ ਸਿੱਟੇ ਕੱਢਣ ਲਈ ਸਲਾਹ ਮਸ਼ਵਰੇ ਦੀ ਇੱਕ ਪਾਰਦਰਸ਼ੀ ਪ੍ਰਕਿਰਿਆ ਅਪਣਾਉਣੀ ਜ਼ਰੂਰੀ ਹੈ। ਇਸ ਤੋਂ ਇਲਾਵਾ ਅਸੀਂ ਇਹ ਯਕੀਨੀ ਬਣਾਇਆ ਕਿ ਪੰਜਾਬ ਵਿੱਚ ਨਦੀਨਨਾਸ਼ਕ ਗਲਾਇਫਿਾਸਫੇਟ ਦੀ ਵਿਕਰੀ ਉੱਪਰ ਪਾਬੰਦੀ ਲਾਈ ਜਾਵੇ ਅਤੇ ਅਜਿਹਾ ਕਰਨ ਵਾਲਾ ਪੰਜਾਬ ਇਕਲੌਤਾ ਰਾਜ ਸੀ।

ਕਈ ਹੋਰ ਬੇਮਿਸਾਲ ਜਿੱਤਾਂ ਵੀ ਹਨ। ਸਾਲ 2002 ਵਿੱਚ ਸਰਕਾਰ ਨੇ ਲੁਧਿਆਣਾ ਨੇੜੇ ਲਾਢੋਵਾਲ ’ਚ ਖੇਤੀ ਨੂੰ ਠੁੰਮਣਾ ਦੇਣ ਲਈ ਇੱਕ ਕਾਰੋਬਾਰੀ ਗਰੁੱਪ ਨੂੰ 2,000 ਰੁਪਏ ਪ੍ਰਤੀ ਏਕੜ ਦੇ ਨਿਗੂਣੇ ਜਿਹੇ ਭਾਅ ’ਤੇ 300 ਏਕੜ ਤੋਂ ਵੱਧ ਜ਼ਮੀਨ ਅਲਾਟ ਕੀਤੀ ਸੀ। ਇਹ ਪਤਾ ਲੱਗਣ ’ਤੇ ਕਿ ਜ਼ਮੀਨ ਨੂੰ ਢੁੱਕਵੇਂ ਮੰਤਵ ਲਈ ਨਹੀਂ ਵਰਤਿਆ ਜਾ ਰਿਹਾ, ਕਮਿਸ਼ਨ ਨੇ ਵਿਸ਼ੇ ਦਾ ਅਧਿਐਨ ਕਰ ਕੇ ਰਿਪੋਰਟ ਦਿੱਤੀ ਜਿਸ ਦੇ ਆਧਾਰ ’ਤੇ ਗਰੁੱਪ ਨੇ ਸਰਕਾਰ ਨਾਲ ਕੇਸ ਲੜੇ ਬਿਨਾਂ ਜ਼ਮੀਨ ਵਾਪਸ ਕਰ ਦਿੱਤੀ ਸੀ। ਇਹ ਪ੍ਰਾਈਵੇਟ ਸੈਕਟਰ ਲਈ ਪਹਿਲਾ ਇਤਿਹਾਸਕ ਕਦਮ ਹੋ ਸਕਦਾ ਹੈ। ਇਹ ਪੰਜਵਾਂ ਸਬਕ ਸੀ: ਸਫ਼ਲਤਾ ਤਾਂ ਹੀ ਸੰਭਵ ਹੈ ਜੇ ਆਪੋ-ਆਪਣੇ ਪੱਧਰ ਦੀ ਬਜਾਏ ਇਕ ਟੀਮ ਵਜੋਂ ਕੰਮ ਕੀਤਾ ਜਾਵੇ ਜਿਵੇਂ ਕਿ ਕਮਿਸ਼ਨ ਨੇ ਕੀਤਾ। ਅਬੋਹਰ ’ਚ ਮੇਰੀ ਖੇਤੀ ਤੋਂ ਮੈਨੂੰ ਹੋਏ ਤਜਰਬੇ ਨੇ ਕਮਿਸ਼ਨ ਨਾਲ ਕੰਮ ਕਰਨ ਵਿੱਚ ਮੇਰੀ ਮਦਦ ਕੀਤੀ। ਖੇਤੀਬਾੜੀ ਕਾਲਜ ਦੇ ਵਿਦਿਆਰਥੀ ਆਪਣੇ ਡਿਗਰੀ ਕੋਰਸ ਦੇ ਹਿੱਸੇ ਵਜੋਂ ਸਾਡੇ ਫਾਰਮ ’ਤੇ ਸਿਖਲਾਈ ਲੈਂਦੇ ਹਨ। ਉਨ੍ਹਾਂ ਦਾ ਵਿਹਾਰਕ ਗਿਆਨ ਕਈ ਪਹਿਲੂਆਂ ਤੋਂ ਤਸੱਲੀਬਖਸ਼ ਨਹੀਂ ਹੁੰਦਾ। ਕਮਿਸ਼ਨ ’ਚ ਆਉਣ ਤੋਂ ਬਾਅਦ ਮੈਂ ਇਹ ਜਾਣ ਕੇ ਹੈਰਾਨ ਹੋਇਆ ਕਿ ਮੈਡੀਕਲ ਕਾਲਜਾਂ ਵਾਂਗ ਖੇਤੀਬਾੜੀ ਕਾਲਜ ਨੇਮਬੱਧ ਨਹੀਂ ਹੁੰਦੇ, ਜਿਵੇਂ ਕੇਂਦਰ ਸਰਕਾਰ ਮੈਡੀਕਲ ਕਾਲਜਾਂ ਲਈ ਨਿਯਮ ਬਣਾਉਂਦੀ ਹੈ, ਉਸ ਤਰ੍ਹਾਂ ਇਨ੍ਹਾਂ ਕਾਲਜਾਂ ਲਈ ਨਹੀਂ ਹੁੰਦਾ। ਖੇਤੀ ਰਾਜ ਦਾ ਵਿਸ਼ਾ ਹੈ ਤੇ ਰਾਜ ਵਿੱਚ ਇਸ ਤਰ੍ਹਾਂ ਦਾ ਕੋਈ ਕਾਨੂੰਨ ਨਹੀਂ ਹੈ। ਕਮਿਸ਼ਨ ਦੇ ਸੁਝਾਅ ’ਤੇ ਰਾਜ ਸਰਕਾਰ ਨੇ ‘ਪੰਜਾਬ ਸਟੇਟ ਕਾਊਂਸਿਲ ਫਾਰ ਹਾਇਰ ਐਜੂਕੇਸ਼ਨ ਐਕਟ 2017’ ਬਣਾਇਆ।

ਰਾਜ ਦੇ 112 ਕਾਲਜਾਂ ਵਿੱਚੋਂ, ‘ਪੰਜਾਬ ਸਟੇਟ ਕਾਊਂਸਿਲ ਫਾਰ ਹਾਇਰ ਐਜੂਕੇਸ਼ਨ’ (ਪੀਐੱਸਸੀਐਈ) ਨੇ ਵਿਦਿਆਰਥੀਆਂ ਨੂੰ ਬੀਐੱਸਸੀ (ਖੇਤੀਬਾੜੀ) ਕਰਵਾ ਰਹੇ ਉਨ੍ਹਾਂ ਕਾਲਜਾਂ ਵਿਚ ਦਾਖਲਾ ਨਾ ਲੈਣ ਲਈ ਕਿਹਾ ਜਿਹੜੇ ਇਸ ਐਕਟ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਰਹੇ ਸਨ। ਇਸ ਨੇ ਉਨ੍ਹਾਂ ਸੰਸਥਾਵਾਂ ਦੀ ਸੂਚੀ ਵੀ ਜਾਰੀ ਕੀਤੀ ਜਿਹੜੇ ਦੱਸੇ ਗਏ ਘੱਟੋ-ਘੱਟ ਮਿਆਰਾਂ ’ਤੇ ਖਰੇ ਉੱਤਰ ਰਹੇ ਸਨ। ਸੂਚੀ ਵਿੱਚ ਸਿਰਫ 15 ਨਾਮ ਸਨ। ਇਹ ਵੱਖਰੀ ਗੱਲ ਹੈ ਕਿ ਇਸ ਤੋਂ ਬਾਅਦ ਇੱਕ ਵੀ ਕਾਲਜ ਨੇ ਕਿਸਾਨਾਂ ਦੇ ਕਮਿਸ਼ਨ ਨੂੰ ਕਾਲਜ ਵਿਦਿਆਰਥੀਆਂ ਨਾਲ ਰੂ-ਬ-ਰੂ ਹੋਣ ਲਈ ਨਹੀਂ ਸੱਦਿਆ!

ਖੇਤੀ ’ਚੋਂ ਹੋਏ ਤਜਰਬੇ ਨੇ ਮੈਨੂੰ ਵਿਹਾਰਕ ਰੂਪ ’ਚ ਇੱਕ ਗਰੀਨਹਾਊਸ ਚਲਾਉਣ ਵਿੱਚ ਆਉਂਦੀਆਂ ਦਿ-ੱਕਤਾਂ ਤੋਂ ਜਾਣੂ ਕਰਾਇਆ। ਅਸੀਂ ਉਸ ਹਰੇਕ ਗਰੀਨਹਾਊਸ ਦੀ ਸੂਚੀ ਬਣਾਉਣ ਦਾ ਫ਼ੈਸਲਾ ਕੀਤਾ ਜਿਸ ਨੂੰ ਸਰਕਾਰੀ ਏਜੰਸੀਆਂ ਤੋਂ ਸਬਸਿਡੀ ਮਿਲਦੀ ਹੈ। ਕਮਿਸ਼ਨ ਨੂੰ ਇਹ ਦਰਜ ਕਰਦਿਆਂ ਹੈਰਾਨੀ ਹੋਈ ਕਿ 90 ਪ੍ਰਤੀਸ਼ਤ ਤੋਂ ਵੱਧ ਗਰੀਨਹਾਊਸ ਤਿੰਨ ਤੋਂ ਚਾਰ ਸਾਲ ਦੇ ਅੰਦਰ ਕੰਮ ਕਰਨਾ ਬੰਦ ਕਰ ਗਏ ਸਨ। ਚੱਢਾ ਡਿਸਟਿਲਰੀ ਤੋਂ ਬਿਆਨ ਦਰਿਆ ਵਿੱਚ ਹੁੰਦੇ ਨਹਿਰੀ ਪਾਣੀ ਦੇ ਪ੍ਰਦੂਸ਼ਣ ’ਤੇ ਖ਼ੁਦ ਨੋਟਿਸ ਲੈ ਕੇ ਕੀਤੀ ਗਈ ਪੜਤਾਲ ਦੇ ਮਾਮਲੇ ਵਿੱਚ ਵੀ ਕਮਿਸ਼ਨ ਨੂੰ ਅਜਿਹਾ ਹੀ ਤਜਰਬਾ ਹੋਇਆ।

ਛੇਵੀਂ ਸਿੱਖਿਆ ਇਹ ਸੀ ਕਿ ਤੰਤਰ ਬਹੁਤਾ ਕਰ ਕੇ ਨਾਕਾਮੀਆਂ ਤੋਂ ਅੱਖਾਂ ਫੇਰੀ ਰੱਖਦਾ ਹੈ ਤੇ ਸਬੂਤਾਂ-ਅਧਾਰਿਤ ਖੋਜਬੀਨ, ਨੀਤੀ ਨਿਰਧਾਰਨ ਅਤੇ ਕਾਰਵਾਈ ਦਾ ਅਧਾਰ ਬਣਨੀ ਚਾਹੀਦੀ ਹੈ। ਇਸ ਲਈ ਅਸੀਂ ਸਿਫ਼ਾਰਿਸ਼ ਕੀਤੀ ਕਿ ਅਸਲ ਲਾਭਪਾਤਰੀਆਂ ਨੂੰ ਯੋਜਨਾਵਾਂ ਦੇ ਨਤੀਜਿਆਂ ਦਾ ਮੁਲਾਂਕਣ ਕਰਨ ਦਿੱਤਾ ਜਾਵੇ। ਕਿਸਾਨ ਖ਼ੁਦਕੁਸ਼ੀਆਂ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਪੁਨਰਵਾਸ ਬਾਰੇ ਜਾਣਕਾਰੀ ਲੈਣ ਲਈ ਜਦੋਂ ਕਮਿਸ਼ਨ ਨੇ ਜ਼ਿਲ੍ਹਾ ਪ੍ਰਸ਼ਾਸਨਾਂ ਕੋਲ ਪਹੁੰਚ ਕੀਤੀ ਤਾਂ ਪਤਾ ਲੱਗਾ ਕਿ ਦੂਜੇ ਕਾਨੂੰਨ ਵਾਂਗ ਇਹ ਵੀ ਉਨ੍ਹਾਂ ਦੇ ਏਜੰਡੇ ਉੱਤੇ ਹੈ ਹੀ ਨਹੀਂ।

ਕਮਿਸ਼ਨ ਦੇ ਹੋਰ ਉੱਦਮ, ਜਿਨ੍ਹਾਂ ’ਚ ਜ਼ਮੀਨ ’ਚ ਖਾਰੇ ਦੀ ਮਿਕਦਾਰ ਤੇ ਵਿਸਤਾਰ ਨੂੰ ਨਾਪਣ ਲਈ ਪਹਿਲਾ ਪ੍ਰਾਜੈਕਟ ਅਤੇ ਡੇਅਰੀ ਖੇਤਰ ਨੂੰ ਹੁਲਾਰਾ ਦੇਣ ਦੀ ਯੋਜਨਾ ਸੀ, ਨੇ ਧੂੜ ਹੀ ਫੱਕੀ। ਇਸ ਨੇ ਮੈਨੂੰ ਸੱਤਵਾਂ ਅਹਿਮ ਸਬਕ ਦਿੱਤਾ: ਕਿਸੇ ਵੀ ਨੀਤੀ ਨੂੰ ਸਫ਼ਲਤਾ ਨਾਲ ਅਪਣਾਉਣ ਲਈ ਬੰਦੇ ਨੂੰ ਰਾਜਨੀਤਕ ਅਰਥਸ਼ਾਸਤਰ ਤੇ ਲੀਡਰਸ਼ਿਪ ਦੇ ਮੁੜ ਚੁਣ ਕੇ ਸੱਤਾ ਵਿੱਚ ਆਉਣ ਦੀ ਲੋਭੀ ਖ਼ਾਹਿਸ਼ ਦਾ ਖ਼ਿਆਲ ਰੱਖਣਾ ਚਾਹੀਦਾ ਹੈ।

ਕੀ ਇਹ ਨਿਰਾਸ਼ਾਜਨਕ ਸੀ? ਹਾਂ। ਕੀ ਇਸ ਦਾ ਕੋਈ ਲਾਭ ਹੋਇਆ? ਬਿਲਕੁਲ। ਇਹ ਰੋਚਕ ਤੇ ਅਰਥਪੂਰਨ ਢੰਗ ਨਾਲ ਤਸੱਲੀਬਖਸ਼ ਸੀ।

# ਕਿਸਾਨ-ਮਜ਼ਦੂਰ ਦੀ ਹਾਲਤ, ਸੂਬੇ ਬਨਾਮ ਭਾਰਤ ਸਰਕਾਰ !

ਕੇਵਲ ਸਿੰਘ

ਕੁਦਰਤ ਨਾਲ ਤ-ਪੋਤ ਹੋ ਕੇ ਕਿਰਤ ਕਰਨ ਵਾਲੇ ਕਿਰਤੀ ਖੇਤ ਮਜ਼ਦੂਰ ਤੇ ਕਿਸਾਨ ਹਨ। ਅੱਤ ਦੀ ਸਖ਼ਤ ਘਾਲਣਾ ਖੇਤੀ ਦੀ ਕਿਰਤ ਮੰਨੀ ਜਾਂਦੀ ਰਹੀ ਹੈ। ਕਿਸਾਨੀ ਨਾ ਸ਼ਾਹੂਕਾਰਾ ਹੈ, ਨਾ ਹੋਰ ਕਿਸੇ ਕਿਸਮ ਦਾ ਵਾਪਾਰ। ਕਿਸਾਨੀ ਮਨੁੱਖੀ ਜ਼ਿੰਦਗੀ ਲਈ ਭੋਜਨ ਪਦਾਰਥ ਪੈਦਾ ਕਰਨ ਵਾਲਾ ਸੱਚਾ-ਸੁੱਚਾ ਕਰਮ ਹੈ ਕਰਮ! ਸਮੇਂ ਦੇ ਗੇੜ ਨਾਲ ਖੇਤੀ ਕਰਨ ਦੇ ਸੰਦਾਂ ਵਿਚ ਤਬਦੀਲੀ ਆ ਗਈ ਹੈ। ਪੁਰਾਣੇ ਸੰਦ ਭਾਰਤ ਦੇ ਵੱਡੇ ਖੇਤੀ ਵਾਲਿਆਂ ਲਈ ਵਰਤੋਂ ਦਾ ਹਿੱਸਾ ਨਹੀਂ ਹਨ। ਇਸੇ ਤਰ੍ਹਾਂ ਹੀ ਫ਼ਸਲਾਂ ਦਾ ਗੇੜ ਹੈ। ਖੇਤ ਖਿਲਵਾੜ ਵਿਚ ਹਰ ਰੋਜ਼ਮੱਰਾ ਵਰਤੋਂ ਵਿਚ ਆਉਣ ਵਾਲੇ ਢੇਰ ਸਾਰੇ ਅਨਾਜਾਂ ਦੀ ਉਪਜ ਬਹੁਤੇ ਕਿਸਾਨਾਂ ਦੀ ਕਿਰਤ ਹੈ। ਪਹਿਲਾਂ ਘਰ ਦੀ ਰੂੜੀ ਹੀ ਖੇਤ ਦੀ ਖ਼ੁਰਾਕ ਸੀ। ਇਸ ਨੂੰ ਖੋਤਿਆਂ-ਗੱਡਿਆਂ ‘ਤੇ ਖੇਤਾਂ ਵਿਚ ਲੈ ਕੇ ਜਾਂਦਾ ਸੀ ਕਿਸਾਨ। ਆ-ਪਣੀਆਂ ਮੱਝਾਂ-ਗਾਵਾਂ ਤੇ ਬਲਦ ਪਾਲਦਾ ਸੀ ਕੁਦਰਤ ਦੇ ਨੇੜੇ ਦਾ ਰਾਜ਼ਦਾਰ ਕਿਸਾਨ!

ਵੇਖਦਿਆਂ ਹੀ ਵੇਖਦਿਆਂ ਇਸ ਨੂੰ ਭਰਮਾ ਲਿਆ ਗਿਆ। ਭਰਮਾਉਣ ਵਾਲੇ ਜਾਣਦੇ ਸਨ ਆਪਣੀ ਅਸਲ ਮਨਸ਼ਾ ਮਗਰ ਕਿਸਾਨ ਬੇਖ਼ਬਰ ਸੀ ਇਨ੍ਹਾਂ ਭਰਮਾਉਣ ਵਾ-ਲਿਆਂ ਦੀਆਂ ਗੁੱਝੀਆਂ ਚਾਲਾਂ ਤੋਂ। ਨਹੀਂ ਸੀ ਪਤਾ ਉਸ ਵਕਤ ਕਿਸਾਨ ਨੂੰ ਕਿ ਇਸ ਨੂੰ ਖੇਤੀ ਆਮਦਨੀ ਵਧ ਜਾਣ ਦੀ ਗੋਟੀ ਪਾ ਰਹੇ ਇਨ੍ਹਾਂ ਮਨਾਂ ਅੰਦਰ ਮੇਰੀ ਤਬਾਹੀ ਦਾ ਮਾਰੂ ਭੇਤ ਵੀ ਹੈ। ਸਾਦੇ ਤੇ ਸਰਲ ਸੁਭਾਅ ਵਾਲੇ ਸਨ ਕਿਸਾਨ ਤੇ ਇਨ੍ਹਾਂ ਦਾ ਪੱਕਾ ਸਾਥੀ ਖੇਤ ਮਜ਼ਦੂਰ।

ਆਮਦਨ ਕੀ ਵਧੀ, ਕੀ ਨਹੀਂ ਵਧੀ? ਇਹ ਤਾਂ ਮਾਹਿਰ ਅੰਕੜੇ ਪੇਸ਼ ਕਰ ਸਕਦੇ ਹਨ। ਅੱਜ ਕਿਸਾਨ ਤੇ ਖੇਤ ਮਜ਼ਦੂਰ ਦੀ ਹਾਲਤ ਕਿੰਨੀ ਕੁ ਤਰਸਯੋਗ ਹੈ? ਇਸ ਦੀ ਵਿਆਖਿਆ ਅਤਿ ਕਠਿਨ ਹੈ। ਭਾਰਤੀ ਕੇਂਦਰੀ ਹਕੂਮਤ ਕਿਸਾਨ ਤੇ ਮਜ਼ਦੂਰ ਹਿਤੂ ਹੋਈ ਹੀ ਨਹੀਂ ਸੀ ਤੇ ਨਾ ਹੀ ਹੈ। ਵਰਤਮਾਨ ਭਾਰਤੀ ਹਕੂਮਤ ਇਸ ਤਰ੍ਹਾਂ ਕੰਮ ਕਰ ਰਹੀ ਜਿਵੇਂ ਕਿਸਾਨ ਤੇ ਮਜ਼ਦੂਰ ਦਾ ਇਸ ਦੇਸ਼ ਅੰਦਰ ਜਿਉਣ ਦਾ ਅਧਿਕਾਰ ਨਾ ਹੋਵੇ? ਕਿਸਾਨ ਆਪਣੇ ਹੱਕਾਂ ਲਈ ਜਾਨ ਹੂਲਣੀ ਲੜਾਈ ਲੜਨ ਲਈ ਮਜਬੂਰ ਹੈ। ਤੇਰਾਂ ਮਹੀਨਿਆਂ ਦਾ ਸੰਘਰਸ਼ ਦਿੱਲੀ ਹਕੂਮਤ ਨਾਲ ਟਿੱਕਰੀ ਤੇ ਗਾਜ਼ੀਪੁਰ ’ਚ ਦਿੱਲੀ ਦੀਆਂ ਬਰੂਹਾਂ ’ਤੇ ਲੜਿਆ। ਉਸ ਵਿਚ ਏਕਾ ਸੀ, ਭਰੋਸਾ ਸੀ। ਦੂਜਾ ਪੱਖ ਇਹ ਹੈ ਕਿ ਕਿਸਾਨਾਂ, ਮਜ਼ਦੂਰਾਂ ਦਾ ਜੋ ਏਕਾ-ਇਤਫ਼ਾਕ ਪਹਿਲੇ ਜਿੱਤੇ ਅੰਦੋਲਨ ਵੇਲੇ ਸੀ, ਉਹ ਅੱਜ ਸਿਆਸੀ ਤੇ ਗ਼ੈਰ-ਸਿਆਸੀ ਖਾਈਆਂ ਵਿਚ ਗੋਤੇ ਖਾ ਰਿਹਾ ਹੈ। ਪੀੜਤ ਸਾਰੇ ਅੱਜ ਖੱਖੜੀ ਕਰੇਲੇ ਹੋ ਗਏ ਹਨ। ਨਵਾਂ ਅੰਦੋਲਨ ਪੂਰੀ ਕਿਸਾਨੀ ਤੇ ਮਜ਼ਦੂਰ ਜਮਾਤ ਦਾ ਨਾ ਹੋ ਕੇ ਧੜਿਆਂ ਵਾਲਿਆਂ ਦਾ ਅਲੱਗ-ਅਲੱਗ ਡਫਲੀ ਵਜਾਉਣ ਵਾਲੀ ਖੇਡ ਹੀ ਬਣ ਗਿਆ। ਜੀਵਨ ਲਈ ਅੰਨ ਪੈਦਾ ਕਰਨ ਵਾਲੇ ਕਿਸਾਨਾਂ ਦੇ ਇਕ ਆਗੂ ਨੂੰ ਗ਼ੈਰ ਗੁਰਮਤੀ ਤਰੀਕਾ ਮਰਨ ਵਰਤ ਦਾ ਅਪਣਾਉਣ ਲਈ ਮਜਬੂਰ ਹੋਣਾ ਪਿਆ ਹੈ। ਹੁਣ ਹਾਲਾਤ ਪੀੜਾਜਨਕ ਹਨ। ਮਰਨ ਵਰਤ ’ਤੇ ਬੈਠੇ ਆਗੂ ਦੀ ਜਾਨ ਕਸ਼ਟ ਵਿਚ ਹੈ। ਕੇਂਦਰੀ ਹਕੂਮਤ ਕਿਸਾਨ ਤੇ ਮਜ਼ਦੂਰ ਵਿਰੋਧੀ ਸੋਚ ਦੀ ਕਰੂਰ ਨੀਤੀ ਨਾਲ ਖੜ੍ਹੀ ਹੈ। ਅਦਾਲਤੀ ਦਖ਼ਲਅੰਦਾਜ਼ੀ ਨਾਲ ਹਕੂਮਤ ਨੂੰ ਝੰਜੋੜਨ ਦੀ ਕਾਰਵਾਈ ਦੀਆਂ ਖ਼ਬਰਾਂ ਹਨ। ਜ਼ਿੰਦਗੀ ਦਾ ਸਵਾਲ ਸਾਹਮਣੇ ਹੈ।

ਕਿਸਾਨ-ਮਜ਼ਦੂਰ ਸੰਘਰਸ਼ ਦਾ ਮੌਜੂਦਾ ਵਰਤਾਰਾ ਸਭ ਨੂੰ ਇਸ ਨਾਲ ਹਮਦਰਦੀ ਲਈ ਮਜਬੂਰ ਕਰ ਰਿਹਾ ਹੈ। ਸੰਤੁਸ਼ਟੀ ਵੀ ਹੈ ਕਿ ਉਹ ਸਮਾਜਿਕ ਵਰਗ ਜੋ ਇਸ ਵਾਰ ਦੇ ਚੱਲਦੇ ਅੰਦੋਲਨ ਨਾਲ ਵਿਚਾਰ ਪੱਖੋਂ ਅਸਹਿਮਤ ਸੀ, ਮੁੜ ਇਸ ਮੌਕੇ ਇਨਸਾਨੀ ਨਾਤੇ ਨਾਲ ਖੜ੍ਹਾ ਹੋ ਗਿਆ ਹੈ ਜਾਂ ਕੁਝ ਹੋ ਰਿਹਾ ਹੈ। ਦੁਖਦਾਈ ਪੱਖ ਹੈ ਕਿਸਾਨ ਜੱਥੇਬੰਦੀਆਂ ਦੇ ਪੁੱਠੇ-ਸਿੱਧੇ ਬੇਤੁਕੇ ਬਿਆਨਾਂ ਦਾ। ਜੋ ਨਹੀਂ ਬੋਲਣਾ ਚਾਹੀਦਾ, ਉਹ ਬੋਲੀ ਤੁਰੇ ਜਾ ਰਹੇ ਹਨ। ਅੱਜ-ਕੱਲ੍ਹ ਖ਼ਬਰਾਂ ਵਾਲਿਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਹਰ ਇਕ ਮੂੰਹ ਸਾਹਮਣੇ ਬੋਲਣ ਲਈ ਮਜਬੂਰ ਕਰਦਾ ਧੂਤੂ (ਮਾਇਕ) ਹੈ। ਅੱਜ-ਕੱਲ੍ਹ ਆਪਣੀ ਮੂਰਤ ਵਿਖਾਉਣ ਲਈ ਹਰ ਬੰਦਾ ਹੀ ਬੋਲਣ ਵਾਸਤੇ ਬੇਸਬਰਾ ਦਿਖਾਈ ਦੇਂਦਾ ਹੈ ਦਾਸ ਸਮੇਤ। ਹੱਲ ਲਈ ਕੁਝ ਹੋਵੇਗਾ, ਇਹ ਕਹਿਣਾ ਅਤਿ ਕਠਿਨ ਹੈ।

ਜੋ ਹਕੂਮਤ ਕਿਸਾਨੀ ਮਾਰ ਕੇ ਸਭ ਕੁਝ ਚੋਣਵੇਂ ਕਾਰੋਬਾਰੀ ਘਰਾਣਿਆਂ ਦੇ ਹੱਥ ਦੇਣ ਲਈ ਹੀ ਉਪਰਾਲੇ ਕਰ ਰਹੀ ਹੋਵੇ, ਉਹ ਕਿਵੇਂ ਆਪਣੀ ਨੀਤੀ ਦੇ ਵਿਰੁੱਧ ਜਾਵੇਗੀ? ਹਾਂ, ਸਰਬਉੱਚ ਅਦਾਲਤ ਦੀ ਨੇਕ-ਨੀਅਤੀ ਗਰਜਵੀਂ ਹੋ ਜਾਵੇ ਤਾਂ ਵਿਗੜਿਆਂ-ਤਿਗੜਿਆਂ ਦਾ ਡੰਡਾ ਪੀਰ ਵਾਲੀ ਗੱਲ ਹੋਵੇਗੀ ਜੋ ਹੱਲ ਕਰਨ ਲਈ ਮਜਬੂਰ ਕਰ ਸਕਦਾ ਹੈ। ਸਮਾਜ ਦੇ ਪੜ੍ਹੇ-ਲਿਖੇ ਲੋਕ ਹਿਤੂ ਦਾਨਿਸ਼ਵਰਾਂ ਨੂੰ ਸਾਹਮਣੇ ਆਉਣ ਦੀ ਲੋੜ ਹੈ। ਇਹ ਸਨਮਾਨਤ ਵਰਗ ਨਿਰਭਉ ਨਿਰਵੈਰ ਹੋ ਕੇ ਕਿਸਾਨ ਤੇ ਮਜ਼ਦੂਰ ਆਗੂਆਂ ਦੀ ਹਉਮੈ ਨੂੰ ਕਿਧਰੇ ਦਲੀਲ ਨਾਲ ਕੁਰੇਦ ਕੇ ਠੀਕ ਰਸਤੇ ਤੋਰ ਸਕਦਾ ਹੈ ਜਿਸ ਦੀ ਪੰਜਾਬ ਤੇ ਪੂਰੇ ਭਾਰਤੀ ਕਿਸਾਨ ਮਜ਼ਦੂਰ ਦੀ ਆਵਾਜ਼ ਨੂੰ ਜ਼ਿੰਦਾ ਰੱਖਣ ਲਈ ਬਹੁਤ ਵੱਡੀ ਲੋੜ ਹੈ। ਇਹ ਜਾਗਦੇ ਪੁਰਖਾਂ ਦਾ ਸਮੂਹ ਧੜਿਆਂ ਤੋਂ ਉੱਪਰ ਉੱਠ ਕੇ ਸਿਆਸੀ ਜਮਾਤਾਂ ਨੂੰ ਅਕਲ ਤੋਂ ਕੰਮ ਲੈਣ ਲਈ ਮਜਬੂਰ ਕਰ ਸਕਦਾ ਹੈ। ਭਾਰਤੀ ਮੀਡੀਆ ਨੂੰ ਸੱਚ ਸੁਣਾ ਕੇ ਸੰਤੁਲਿਤ ਬੋਲਣ ਲਾ ਸਕਦਾ ਹੈ। ਕਿਸਾਨ ਤੇ ਮਜ਼ਦੂਰ ਦਾ ਜੀਵਨ ਠੀਕ ਤਰ੍ਹਾਂ ਬਸਰ ਹੋਵੇ, ਇਸ ਭਾਰਤੀ ਹਕੂਮਤ ਨੂੰ ਹਿਕਮਤ ਤੋਂ ਉੱਪਰ ਪ੍ਰਵਾਨਤ ਦੀ ਲੋੜ ਹੈ। ਕਿਸਾਨੀ ਤੇ ਮਜ਼ਦੂਰੀ ਦੇ ਨਾਲ ਸਬੰਧਤ ਮਸਲੇ ਐਸੇ ਪੱਕੇ ਇਨ੍ਹਾਂ ਕਿਰਤੀਆਂ ਦੇ ਹੱਕ ਵਿਚ ਕਰਨੇ ਚਾਹੀਦੇ ਹਨ ਕਿ ਮੁੜ ਇਹ ਕੁਦਰਤ ਦੇ ਨੇੜੇ ਹੋ ਕੇ ਜਿਉਣ ਵਾਲਾ ਅੰਨਦਾਤਿਆਂ ਦਾ ਭਾਈਚਾਰਾ ਕਿਸੇ ਕਿਸਮ ਦੇ ਹੋਰ ਸੰਤਾਪ ਦੇ ਸਾਹਮਣੇ ਖੜ੍ਹਾ ਹੋਣ ਲਈ ਮਜਬੂਰ ਨਾਂ ਰਹੇ।

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

TANVIR Tour & Travels FRESNO

(559) 803-0055

Where journey don't cost the world
Cheap Fares For Airline Tickets all around the world
Best Deals to India England, Pakistan, Canada and Europe

Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal

B.R. Joshi, Prop.

5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

# ਪੰਜਾਬ ਲੋਕ ਰੰਗ ਕੈਲੀਫੋਰਨੀਆ ਭਾਰਤ ਦੌਰੇ ’ਤੇ


ਪੰਜਾਬ ਲੋਕ ਰੰਗ ਕੈਲੇਫੋਰਨੀਆ,ਦੀ ਟੀਮ ਬਾਬਾ ਸੁਰਿੰਦਰ ਸਿੰਘ ਜੀ ਦੇ ਨਾਲ






ਪਟਿਆਲੇ ਦੇ ਥੀਏਟਰ ਵਿਚ ਸੁਨੀਤਾ ਧੀਰ ਨਾਲ ਨਾਟਕ ਦੀ ਟੀਮ







ਅਭਿਨਵ ਥੀਏਟਰ ਜੰਮੂ ਵਿਖੇ ਇੱਕ ਖੱਚਾ ਖੱਚ ਭਰੇ ਹਾਲ ਵਿਚ ਜ਼ਫਰਨਾਮਾ ਦਾ ਮੰਚਨ ਬਾਦ ਦੁਪਹਿਰ ਕੀਤਾ ਗਿਆ। ਨਾਟਕ ਦੀ ਸਫਲਤਾ ਦਾ ਅੰਦਾਜ਼ਾ ਇਸ ਗੱਲ ਤੋ ਲਗਾਇਆ ਜਾ ਸਕਦਾ ਹੈ ਕਿ ਨਾਟਕ ਖ਼ਤਮ ਹੋਣ ਉਪਰੰਤ ਦਰਸ਼ਕ ਕਲਾਕਾਰਾ ਨੂੰ ਜੱਫੀਆਂ ਪਾਉਣ ਲਈ ਸਟੇਜ ਤੇ ਆ ਚੜ੍ਹੇ ਤੇ ਕਿੰਨੇ ਸਮੇਂ ਤੱਕ ਤਾਰੀਫ਼ਾਂ ਕਰਦੇ ਰਹੇ। ਰਣਜੀਤ ਸਿੰਘ ਟੌਹੜਾ ਪ੍ਰਧਾਨ ਡਿਸਟ੍ਰਿਕਟ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਖ਼ਾਸ ਤੀਰ ਤੇ ਪੰਜਾਬ ਲੋਕ ਰੰਗ ਦਾ ਧੰਨਵਾਦ ਕੀਤਾ।

**ਰਿਪੋਰਟ – ਪਰਮਪਾਲ ਸਿੰਘ**

ਪੰਜਾਬ ਲੋਕ ਰੰਗ ਕੈਲੇਫੋਰਨੀਆ ਦੀ ਟੀਮ ਵੱਲੋਂ ਅੱਜ ਕੱਲ ਪੰਜਾਬ ਦੇ ਵੱਖੋ ਵੱਖੇ ਸ਼ਹਿਰਾਂ ਤੇ ਕਸਬਿਆਂ ਵਿੱਚ ਅਪਣਾ ਅਜ਼ੀਮ ਸ਼ਾਹਕਾਰ ਨਾਟਕ “ਜ਼ਫਰਨਾਮਾ” ਖੇਡਿਆ ਜਾ ਰਿਹਾ ਹੈ। ਇਹ ਟੀਮ ਹਰ ਸਾਲ ਇੱਕ ਨਾਟਕ ਦਰਸ਼ਕਾਂ ਨੂੰ ਸਮਰਪਤ ਕਰਦੀ ਹੈ। ਪਿਛਲੇ 12 ਸਾਲਾਂ ਵਿੱਚ ਇਸੇ ਟੀਮ ਨੇ 11 ਨਾਟਕ ਦਰਸ਼ਕਾਂ ਦੀ ਝੋਲੀ ਪਾਏ। ਪਿੱਛਲੇ ਸਾਲਾਂ ਦੌਰਾਨ ਖੇਡੇ ਗਏ ਦੋ ਨਾਟਕ “ਮਿਟੀ ਧੁੰਦ ਜੱਗ ਚਾਨਣ ਹੋਆ” ਅਤੇ “ਮਹਾਰਣੀ ਜਿੰਦਾਂ” ਅਮਰੀਕਾ ਤੇ ਕਨੇਡਾ ਵਿੱਚ ਬਹੁਤ ਮਕਬੂਲ ਹੋਏ। ਇਸ ਸਾਲ ਇਸ ਟੀਮ ਵੱਲੋਂ ਸਰਦਾਰ ਸੁਰਿੰਦਰ ਸਿੰਘ ਧਨੋਆ ਵੱਲੋਂ ਲਿਖਿਆ ਤੇ ਨਿਰਦੇਸ਼ਤ ਨਾਟਕ “ਜ਼ਫਰਨਾਮਾ” ਦੇ 34 ਸ਼ੋ ਖੇਡੇ ਜਾ ਚੁੱਕੇ ਹਨ ਜਿਨਾ ਵਿਚ ਪੰਜਾਬ ਦੇ 11 ਸ਼ੋ ਵੀ ਸ਼ਾਮਲ ਹਨ। ਸਤਿਕਾਰ ਰੰਗ ਮੰਚ ਮੁਹਾਲੀ ਦੇ ਦੇ ਸਰਬਰਾਹ ਜਸਬੀਰ ਸਿੰਘ ਗਿੱਲ ਹੋਰੀਂ ਇੰਨਾ ਨਾਟਕਾਂ ਦੇ ਖੇਡੇ ਜਾਣ ਲਈ ਉਚੇਚੇ ਤੋਰ ਤੇ ਸਹਾਇਤਾ ਕਰ ਰਹੇ ਨੇ।

ਲਾਈਟ ਅਤੇ ਸਾਊਂਡ ਦੀ ਜੁੰਮੇਵਾਰੀ ਸ ਪਰਮਜੀਤ ਸਿੰਘ ਨਿਭਾ ਰਹੇ ਨੇ ਜੋ ਹਮੇਸ਼ਾ ਆਪਣੇ ਟਰੱਕ ਨੂੰ ਕਲਾਕਾਰਾਂ ਦੀ ਚਾਰਟਡ ਬਸ ਦੇ ਨਾਲ ਰੱਖਦੇ ਹੋਏ ਚਲਦੇ ਨੇ। ਇਸ ਇਤਹਾਸਿਕ ਨਾਟਕ ਨੂੰ ਦਰਸ਼ਕਾਂ ਵੱਲੋਂ ਬਹੁਤ ਜ਼ਿਆਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸ਼ਇਦ ਇਹ ਪਹਿਲੀ ਵਾਰ ਹੋਵੇਗਾ ਕਿ ਕੈਲੇਫੋਰਨੀਆ ਯੂ ਐਸ ਏ ਤੋਂ ਕੋਈ ਟੀਮ ਨਾਟਕ ਲੈਕੇ ਆਈ ਹੋਵੇ ਅਤੇ ਉਸ ਦੀ ਪੇਸ਼ਕਾਰੀ ਦੀ ਕੋਈ ਟਿਕਟ ਨਾ ਹੋਵੇ ਯਾਨੀ ਫ੍ਰੀ ਐਂਟਰੀ। ਪੰਜਾਬ ਲੋਕ ਰੰਗ ਕੈਲੇਫੋਰਨੀਆ ਵੱਲੋਂ ਖੇਡੇ ਜਾ ਰਹੇ ਇਸ ਨਾਟਕ ਜ਼ਫਰਨਾਮਾ ਵਿਚ ਦਸਮੇਂ ਪਾਤਸ਼ਾਹ ਦੇ ਜੀਵਨ ਵਿੱਚ ਵਾਪਰੀਆਂ ਘਟਨਾਵਾ ਨੂੰ ਪ੍ਰਦਰਸ਼ਿਤ ਕੀਤਾ ਜਾ ਰਿਹਾ ਹੈ। 5 ਦਸੰਬਰ ਨੂੰ ਅਨੰਦਪੁਰ ਸਾਹਿਬ ਤੋਂ ਸ਼ੁਰੂ ਕਰਕੇ 20 ਦਸੰਬਰ ਤੱਕ ਚੱਲ ਰਹੀ ਲੜੀ ਵਿੱਚ ਇਸ ਨਾਟਕ ਦੇ 15 ਸ਼ੋ ਦਰਸ਼ਕਾਂ ਦੇ ਸਨਮੁੱਖ ਖੇਡੇ ਜਾਣਗੇ। ਵਿਰਾਸਤ-ਏ-ਖ਼ਾਲਸਾ ਦੇ ਆਡੀਟੋਰੀਅਮ ਵਿੱਚ ਖੇਡੇ ਗਏ ਇਸ ਪਹਿਲੇ ਸ਼ੋ ਵਿੱਚ ਸਿੱਖ ਵਿਦਵਾਨ ਤੇ ਤਖ਼ਤ ਸ੍ਰੀ ਅਨੰਦਪੁਰ ਸਾਹਿਬ ਦੀਆਂ ਪ੍ਰਮੁੱਖ ਸਕਸ਼ੀਅਤਾਂ ਸ਼ਾਮਲ ਹੋਈਆਂ। 6 ਦਸੰਬਰ ਨੂੰ ਇਸ ਨਾਟਕ ਦਾ ਮੰਚਨ ਰਾਮਲੀਲਾ ਗਰਾਊਂਡ ਖਮਾਣੋਂ ਦੇ ਖੁਲ੍ਹੇ ਮਦਾਨ ਦੀ ਸਟੇਜ ਤੇ ਕੀਤਾ ਗਿਆ ਜਿਸ ਵਿਚ 4000 ਤੋਂ ਜਿਆਦਾ ਪੰਜਾਬੀਆਂ ਨੂੰ ਆਪਣੇ ਵਿਰਸੇ ਨਾਲ ਜੋੜੀ ਰਖਿਆ। 7 ਦਸੰਬਰ ਨੂੰ ਜਲੰਧਰ ਦੇ ਦੇਸ਼ ਭਗਤ ਯਾਦਗਾਰੀ ਹਾਲ ਵਿਚ ਇਸ ਨਾਟਕ ਦਾ ਆਯੋਜਨ ਕੀਤਾ ਗਿਆ। ਨਾਟਕ ਨੂੰ ਦੇਖਣ ਵਾਲੀਆਂ ਪ੍ਰਮੁੱਖ ਸ਼ਕਸ਼ੀਅਤਾਂ ਵਿਚ ਸ ਬਲਜੀਤ ਸਿੰਘ ਸਟੇਸ਼ਨ ਡਾਇਰੈਕਟਰ ਦੂਰਦਰਸ਼ਨ ਕੇਂਦਰ (ਰਿਟਾਇਰਡ) ਵੀ ਸ਼ਾਮਲ ਸਨ।

ਨਾਟਕ ਦੇ ਅੰਤ ਵਿੱਚ ਸਟੇਜ ਤੇ ਆ ਕੇ ਛੋਟੀ ਜਿਹੀ ਤਕਰੀਰ ਵਿੱਚ ਨਾਟਕ ਦੇ ਉਨਾਂ ਦ੍ਰਿਸ਼ਾਂ ਦਾ ਜ਼ਿਕਰ ਕੀਤਾ ਜਿੱਥੇ ਉਹ ਜਜ਼ਬਾਤੀ ਹੋਏ ਬਿਨਾ ਨਹੀਂ ਰਹਿ ਸਕੇ। ਸੰਤ ਸੁਰਿੰਦਰ ਸਿੰਘ ਜੀ ਦੇ ਸੱਦੇ ਤੇ ਉਸੇ ਦਿਨ ਰਾਤ ਦਾ ਲੰਗਰ ਗੁਰੂ ਘਰ ਅਕਾਲ ਬੁੰਗਾ ਸਾਹਿਬ (ਸੁਭਾਨਾ) ਜਲੰਧਰ ਕੈਂਟ ਵਿੱਖੇ ਕੀਤਾ। ਬਾਬਾ ਸੁਰਿੰਦਰ ਸਿੰਘ ਜੀ ਨੇ ਆਪ ਤੇ ਸੰਗਤ ਵਲੋਂ ਫੁੱਲਾਂ ਦੀ ਵਰਖਾ ਕਰਕੇ ਅਤੇ ਟੀਮ ਦੇ ਹਰ ਕਲਾਕਾਰ ਦੇ ਫੁੱਲਾਂ ਦੇ ਹਾਰ ਪਾ ਕੇ ਇਸਤਕਬਾਲ ਇੱਕ ਵੱਖਰੇ ਅੰਦਾਜ਼ ਵਿਚ ਕੀਤਾ ਜਿਹੜਾ ਕਿ ਪਿਆਰ ਭਰੇ ਸਵਾਗਤ ਦੀ ਇਕ ਮਿਸਾਲ ਬਣ ਗਿਆ। ਯਾਦਗਾਰੀ ਵਜੋਂ ਉਨਾਂ ਪੰਜਾਬ ਲੋਕ ਰੰਗ ਦੀ ਟੀਮ ਦੇ ਸਾਰੇ ਮੈਂਬਰਾਂ ਨੂੰ ਇੱਕ ਇੱਕ ਸ਼ਾਲ ਜਿਸ ਤੇ ਪੰਜਾਬ ਦਾ ਨਕਸ਼ਾ ਅਤੇ ਪੰਜਬੀ ਦੇ 35 ਅੱਖਰ ਉਕਰੇ ਹੋਏ ਸਨ, ਦਿੱਤੇ।

9 ਦਸੰਬਰ ਨੂੰ ਇਹ ਨਾਟਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਦਸ਼ਮੇਸ਼ ਆਡੀਟੋਰੀਅਮ ਦੀ ਸਟੇਜ ਤੇ ਖੇਡਿਆ ਗਿਆ। ਖ਼ਾਲਸਾ ਕਾਲਜ ਯੂਨੀਵਰਸਿਟੀ ਦੇ ਉਪਕੁਲਪਤੀ ਮਹਿਲ ਸਿੰਘ ਜੀ ਆਪਣੇ ਸਟਾਫ ਨਾਲ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਅੰਤ ਵਿਚ ਉਨਾਂ ਆਪਣੇ ਵੱਡਮੁੱਲੇ ਵਿਚਾਰਾਂ ਨਾ.ਲ ਨਵਾਜਿਆ।

10 ਦਸੰਬਰ ਨੂੰ ਨਾਟਕ ਜ਼ਫਰਨਾਮਾ ਦਾ ਆਯੋਜਨ ਪਿੰਡ ਬਰੌਲੀ ਦੇ ਸਪੋਰਟਸ ਸਟੇਡੀਅਮ ਵਿਚ ਕੀਤਾ ਗਿਆ। ਆਸੇ ਪਾਸੇ ਦੇ ਕਈ ਪਿੰਡਾਂ ਦੇ ਲੋਕ ਵਹੀਰਾਂ ਘਤੀ ਇਸ ਇਤਹਾਸਿਕ ਨਾਟਕ ਨੂੰ ਦੇਖਣ ਆਏ। ਨਾਟਕ ਖੇਡੇ ਜਾਣ ਦੇ ਦੌਰਾਨ ਕਈ ਵਾਰ ਲੋਕ ਭਾਵਕ ਹੋਏ ਤੇ ਬੋਲੇ ਸੋ ਨਿਹਾਲ ਦੇ ਜਕਾਰਿਆਂ ਨਾਲ ਕਲਾਕਾਰਾ ਨੂੰ ਉਤਸਾਹਿਤ ਕਰਦੇ ਰਹੇ।

11 ਦਸੰਬਰ ਨੂੰ “ਜ਼ਫਰਨਾਮਾ” ਰੋਪੜ ਵਿਖੇ ਗੁਰੂ ਘਰ ਸਿੰਘ ਸਭਾ ਦੇ ਵੱਡੇ ਹਾਲ ਵਿੱਚ ਭਰਪੂਰ ਦਰਸ਼ਕਾਂ ਦੇ ਸਾਮਣੇ ਖੇਡਿਆ ਗਿਆ। ਗੁਰੂ ਘਰ ਦੀ ਪ੍ਰਬੰਧਗੀ ਕਮੇਟੀ ਨੇ ਮੋਮੈਂਟੋ ਦੇ ਕੇ ਟੀਮ ਦੀ ਹੌਂਸਲਾ ਅਫਜ਼ਾਈ ਕੀਤੀ।

13 ਦਸੰਬਰ ਦੀ ਸ਼ਾਮ ਇਹ ਨਾਟਕ ਬਲਵੰਤ ਗਾਰਗੀ ਐਡੀਟੋਰੀਅਮ ਬਠਿੰਡਾ ਵਿੱਚ ਖੇਡਿਆ ਗਿਆ। ਦਰਸ਼ਕਾਂ ਨਾਲ ਖਚਾ ਖੱਚ ਭਰੇ ਇਸ ਨਵੇਂ ਬਣੇ ਥੀਏਟਰ ਵਿੱਚ ਬਠਿੰਡਾ ਦੇ ਕਮਿਸ਼ਨਰ, ਸਿਵਲ ਤੇ ਪੁਲਿਸ ਅਫ਼ਸਰ, ਨਗਰ ਨਿਗਮ ਦੇ ਅਫ਼ਸਰ ਤੇ ਸਟਾਫ਼, ਵਿਦਿਅਕ ਅਦਾਰਿਆਂ ਦੇ ਅਧਿਆਪਕ, ਡਾਕਟਰ ਤੇ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਸ਼ਾਮਲ ਹੋਈਆਂ। ਤਖ਼ਤ ਤਲਵੰਡੀ ਸਾਬੋ, ਗੁਰੂ ਘਰ ਜ਼ਫਰਨਾਮਾ ਸਾਹਿਬ ਦੀਨਾ ਕਾਂਗੜ ਤੇ ਗੁਰੂ ਘਰ ਕਿਲਾ ਮੁਬਾਰਕ ਬਠਿੰਡਾ ਤੋਂ ਸਿੱਖ ਸਖਸ਼ੀਅਤਾਂ ਉਚੇਚੇ ਤੌਰ ਤੇ ਸ਼ਾਮਲ ਹੋਈਆਂ। ਉੱਘੇ ਲੇਖਕ ਜਗਤਾਰ ਸਿੰਘ ਭੰਗੂ ਹੋਰਾਂ ਸਟੇਜ ਸੰਭਾਲੀ। ਕੈਲੀਫੋਰਨੀਆ ਤੋਂ ਆਏ ਪੰਜਾਬ ਲੋਕ ਰੰਗ ਦੇ ਕਲਾਕਾਰ ਪਰਮਪਾਲ ਸਿੰਘ ਜੀ ਇਸੇ ਸ਼ਹਿਰ ਦੇ ਸਨ। ਉਨਾਂ ਆਏ ਹੋਏ ਦਰਸ਼ਕਾਂ ਤੇ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ।

14 ਦਸੰਬਰ ਨੂੰ ਇਸ ਨਾਟਕ ਦਾ ਮੰਚਨ ਚੱਪੜ ਚਿੜੀ, ਮੋਹਾਲੀ ਦੇ ਪਨ ਏਅਰ ਥੀਏਟਰ ਵਿਖੇ ਕੀਤਾ ਗਿਆ। ਇਹ ਸ਼ੋ ਬੰਦਾ ਬਹਾਦਰ ਦੀ ਬਹਾਦਰੀ ਨੂੰ ਸਮਰਪਤ ਸੀ ਜਿਸ ਨੂੰ ਮੁਹਾਲੀ ਦੇ ਆਸ ਪਾਸ ਦੀਆਂ ਸੰਗਤਾਂ ਨੇ ਬੜੀ ਸ਼ਿੱਦਤ ਨਾਲ ਦੇਖਿਆ।

15 ਦਸੰਬਰ ਨੂੰ ਇਸ ਨਾਟਕ ਦੀ ਪੇਸ਼ਕਾਰੀ ਮੋਰਿੰਡਾ ਦੀ ਦਾਣਾ ਮੰਡੀ ਦੇ ਵਿਸ਼ਾਲ ਮੈਦਾਨ ਵਿੱਚ ਟੈਂਟ-ਕੁਰਸੀਆਂ ਲਾ ਕੇ ਕੀਤੀ ਗਈ। ਦੋ ਹਜ਼ਾਰ ਤੋਂ ਵੱਧ ਦਰਸ਼ਕ ਨਾਟਕ ਦੇ ਵੇਗ ਨਾਲ ਚੱਲਦੇ ਹੋਏ ਕਲਾਕਰਾਂ ਦੀ ਪ੍ਰਸੰਸਾ ਤਾੜੀਆਂ ਤੇ ਜਕਾਰਿਆਂ ਨਾਲ ਕਰਦੇ ਰਹੇ। ਫ਼ਿਲਮ ਐਕਟਰ ਸਰਦਾਰ ਮਲਕੀਤ ਸਿੰਘ ਰੌਣੀ ਪੂਰਾ ਸਮਾਂ ਨਾਟਕ ਦੇਖਣ ਉਪਰੰਤ ਟੀਮ ਨੂੰ ਸਫ਼ਲ ਪੇਸ਼ਕਾਰੀ ਲਈ ਵਧਾਈਆਂ ਦਿੰਦੇ ਦੇਖੇ ਗਏ ਵਰਨਣ ਯੋਗ ਹੈ ਕਿ ਇੱਥੇ ਹਰ ਕਲਾਕਾਰ ਨੂੰ ਸਿਰੋਪਾ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਪੰਜਾਬ ਲੋਕ ਰੰਗ ਦੀ ਸਮੁੱਚੀ ਟੀਮ ਨੇ ਸੋਨੂੰ ਰਾਣਾ ਜੀ ਦੇ ਇਸ ਸ਼ਹਿਰ ਨੂੰ ਆਪਣਾ ਮੁੱਖ ਆਵਾਸ ਵੀ ਬਣਾਇਆ ਹੋਇਆ ਹੈ।

16 ਦਸੰਬਰ ਨੂੰ ਨਾਟਕ ਜ਼ਫਰਨਾਮਾ ਨੂੰ ਪਟਿਆਲਾ ਦੇ ਹਰਪਾਲ ਟਿਵਾਣਾ ਆਡੀਟੋਰੀਅਮ ਦੀ ਸਟੇਜ ਤੇ ਖੇਡਿਆ ਗਿਆ। ਪੜ੍ਹੇ ਲਿਖੇ ਦਰਸ਼ਕਾਂ ਨੇ ਇਸ ਨਾਟਕ ਦਾ ਅਨੰਦ ਸਹਿਜ ਮਤੇ ਨਾਲ ਲਿਆ। ਕਿਸੇ ਸ਼ੋਰ ਸ਼ਰਾਬੇ ਤੋਂ ਬਗੈਰ ਇੱਕ ਮਨ ਇਕ ਚਿੱਤ ਹੋ ਕੇ ਇਹ ਨਾਟਕ ਦੇਖਿਆ। ਪਟਿਆਲਾ ਰੇਂਜ ਦੇ ਧੀਘ ਸ ਮਨਦੀਪ ਸਿੰਘ, ਫ਼ਿਲਮ ਐਕਟਰਸ ਸੁਨੀਤਾ ਧੀਰ, ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਅਤੇ ਕਲਾਕਾਰਾ ਦੀ ਪ੍ਰਸੰਸਾ ਵੀ ਕੀਤੀ। ਹਰਪਾਲ ਟਿਵਾਣਾ ਟਰੱਸਟ ਦੇ ਚੇਅਰਮੈਨ ਹੋਣ ਦੇ ਨਾਤੇ ਹਰਪਾਲ ਟਿਵਾਣਾ ਜੀ ਦੇ ਸਪੁੱਤਰ ਮਨਰਾਜ ਟਿਵਾਣਾ ਜੀ ਇਸ ਨਾਟਕ ਤੋਂ ਇੰਨਾ ਪ੍ਰਭਾਵਤ ਹੋਏ ਕਿ ਉਨਾਂ ਨੇ ਸਟੇਜ ਤੇ ਆ ਕੇ ਇਸ ਥੀਏਟਰ ਦਾ ਦਿੱਤਾ ਹੋਇਆ ਕਰਾਇਆ ਵਾਪਸ ਕਰਨ ਦਾ ਐਲਾਨ ਕਰ ਦਿੱਤਾ।

17 ਦਸੰਬਰ ਨੂੰ ਇਸ ਨਾਟਕ ਦਾ ਮੰਚਨ ਲੁਧਿਆਣਾ ਦੇ ਸੋਹਣ ਲਾਲ ਪਾਹਵਾ ਆਡੀਟੋਰੀਅਮ ਵਿਚ ਹੋਇਆ। ਨਾਟਕ ਦੇ ਕਈ ਦ੍ਰਿਸ਼ਾਂ ਨੇ ਦਰਸ਼ਕਾਂ ਦੇ ਦਿਲ ਦਿਮਾ.ਗ ਤੇ ਐਸੀ ਦਸਤਕ ਦਿਤੀ ਕਿ ਉਹ ਆਪਣੇ ਹੰਝੂ ਵਗਣੋਂ ਨਹੀਂ ਟੋਕ ਸਕੇ। ਲੁਧਿਆਣਾ ਦੀਆਂ ਦੋ ਪ੍ਰਮੁੱਖ ਸਖਸ਼ੀਅਤਾਂ ਨਿਰਮਲ ਸਿੰਘ ਜੋੜਾ ਬਲਕੌਰ ਸਿੰਘ ਜੀ ਨੇ ਸਟੇਜ ਤੇ ਆਕੇ ਕਲਾਕਾਰਾਂ ਦੀ ਤਾਰੀਫ਼ ਕੀਤੀ। ਇਸ ਸਮੇਂ ਤੇ ਪੰਜਾਬ ਲੋਕ ਰੰਗ ਦੇ ਕਲਾਕਾਰ ਮੁਕੇਸ਼ ਸ਼ਰਮਾ ਜੀ ਦੀ ਲਿਖੀ ਕਿਤਾਬ “ਆਪੇ ਨਾਲ ਬਾਤ“ ਦੀ ਘੁੰਡ ਚਕਾਈ ਇਸ ਕਿਤਾਬ ਦੇ ਸੰਪਾਦਕ ਸਤੀਸ਼ ਗੁਲਾਟੀ ਦੀ ਮਜ਼ੂਦਗੀ ‘ਚ ਕੀਤੀ ਗਈ। 18 ਦਸੰਬਰ ਨੂੰ ਇਹ ਨਾਟਕ ਟੈਗੋਰ ਥੀਏਟਰ ਚੰਡੀਗੜ੍ਹ ਵਿਚ ਖੇਡਿਆ ਗਿਆ। 18 ਤੋਂ 21 ਤੱਕ ਜੰਮੂ, ਫਤਿਹਗੜ ਸਾਹਿਬ ਤੇ ਚੰਡੀਗੜ ਵਿਖੇ ਵੀ ਖੇਡਿਆ ਗਿਆ।

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਪ੍ਰਸਿੱਧ ਸਮਾਜ ਸੇਵਕ ਅਤੇ ਭਾਰਤੀ ਭਾਈਚਾਰੇ ਵਿਚ ਜਾਣੀ ਪਹਿਚਾਣੀ ਸ਼ਖਸੀਅਤ



**Dr Harmesh Kumar**

ਸਾਈਕਾਲੋਜਿਸਟ

**925-285-9881**

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਸੁਰਜੀਤ ਸਿੰਘ ਅਟਵਾਲ ਕੁਲਦੀਪ ਸਿੰਘ ਅਟਵਾਲ

ਮਰਸਡ, ਕੈਲੀਫੋਰਨੀਆ

ਐਲਮੰਡ ਫਾਰਮਰਜ਼ ਆਫ ਕੈਲੀਫੋਰਨੀਆ

(209-769-4784)

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

OFFICIAL LAMP ADJUSTING STATION

**Quick Lube & Smog**

OFFICIAL BRAKE ADJUSTING STATION



ਸੁਖਵਿੰਦਰ ਸਿੰਘ (ਗੋਗੀ ਭੇਲਾ) ਅਤੇ ਪਰਿਵਾਰ

**510 757 6775**

691 W. Tennyson Rd Hayward, CA 94544

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**Charanjit S Uppal**

**D.D.S.**

**UPPAL DENTAL CARE**



1191 W Tennyson Rd. # 4, Hayward. (CA) 94544
510-786-1780

1750 CLEAR LAKE AVE Milpitas, CA 95035
408-942-4400

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**Quik Sings**

ਹਰ ਤਰ੍ਹਾਂ ਦੇ ਸਟੋਰਾਂ ਦੇ ਸਾਈਨ, ਟਰੱਕਾਂ ਦੇ ਸਾਈਨ, ਬੈਨਰ, ਫੁੱਲ ਕਲਰ ਪੋਸਟਰ, ਵਿਆਹ ਦੇ ਕਾਰਡ, ਬਿਜ਼ਨਸ ਕਾਰਡ, ਮੈਗਨੈਟਿਕ ਸਾਈਨ, ਫਲਾਇਰਜ਼, ਰੈਸਟੋਰੈਂਟਾਂ ਦੇ ਮੈਨਿਊ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਕਾਲ ਕਰੋ

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

ਸੰਪਰਕ ਕਰੋ: 661.703.8795, 661.900.7357

**Manmit Singh Saggu, Tanjit Singh Saggu**

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਅਵਤਾਰ ਸਿੰਘ ਸਹੋਤਾ (ਵਿਚਕਾਰ) ਆਪਣੇ ਦੋਸਤਾਂ-ਮਿੱਤਰਾਂ ਨਾਲ

**Alien Transport LLC**
**Yuba City (CA)**

**ਅਵਤਾਰ ਸਿੰਘ ਸਹੋਤਾ**

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਕਸ਼ਮੀਰ ਸਿੰਘ ਧੁੱਗਾ



ਐਲਾਮੀਡਾ ਕਾਊਂਟੀ ਕਮਿਸ਼ਨਰ

**ਕੈਸ਼ ਫੈਬਰਿਕਸ**

29576 Mission Blvd Hayward. CA 94544

**510-538-1138**

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**CALIFORNIA**
**IMMIGRATION SERVICES INC.**
Your Registered & Bonded 'Immigration-Consultants'



**ROSY (Kanwal) KAUR**
Immigration Consultant
**408-422-8585**
**510-573-3666**
website:- www.caials.com email:- rosy@caials.com


- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

## ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

# ਜਸਬੀਰ ਸਿੰਘ ਕੁਲਾਰ



ਕਿਵੀ ਕਿੰਗ

(Business) 530-846-5103

1484, Larkin Road Gridley, California-95948



## ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

# Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435

Gurpreet Singh Padam 510-962-2593

email: padambuilders@gmail.com

Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545



## ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



# GRAND OPENING FAIRWAY AUTO CENTRE BODY SHOP

ਸੋਮਵਾਰ ਤੋਂ ਸ਼ੁੱਕਰਵਾਰ 9 ਤੋਂ 5, ਸ਼ਨਿਚਰਵਾਰ ਨੂੰ 9 ਤੋਂ 2 ਵਜੇ ਤੱਕ

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

Our Expertise Services.. As offers below

15% Off Any Selected Servises Until January 30, 2025

* All Accicents Insurance Claims are accepted it.
* Repairs Fiber Glasses for Trucks & Cars.
* Straighten Frames & Scratch Removal from cars
* Build Customs Design Cars per cust
* Replace Brakes & Rooters for cars
* Engine Lights & Car Maintenances
* Body Repairs & Paint Restoration

Our Services Hours
Monday to Friday (9:00 AM to 5:00 PM)
Saturday 9:00 AM to 2:00 PM and Sunday (Closed)



Gurdial Aujla

510-552-0856

1620 doolittle Dr, San Leandro, CA 94577

510-538-2983

Email: 1fairwayautocenter@gmail.com



## ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ





lunch buffet everyday
fresh jalebian every day

DEVINDER SINGH PABLA (OWNER) 510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



**ਅਵਨਿੰਦਰ ਸਿੰਘ**

(ਆਲ ਸਟੇਟ)
510-441-7490

**30042 MISSION BLVD.**
**SUITE 221 HAYWARD, CA 94544**



MOON indian cuisine

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**Moon Indian Cuisine**

**510-780-9233**

Over 30 Years Experience in Restaurant & Catering Business



www.moonindiancuisine.net
Phone (510) 780-9233
Fax (510) 780-9812
600 West Harder Rd. Hayward, CA 94544

**Paul 510-978-7170**



ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**AAA**
**AUTO AND BODY WORKS INC.**

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



**ਜਸਬੀਰ ਸਿੰਘ ਤੱਖਰ**
**510-755-2132**
593 Industrial PKWY West
Hayward, CA 94544



ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**DR.**
**BHUPINDER**
**BHANDARI**



ਸਮਾਜ ਸੇਵਕ ਤੇ ਗੁਰੂ ਘਰਾਂ ਵਿਚ ਵੀ ਮੁਫਤ ਸੇਵਾ ਪ੍ਰਦਾਨ ਕਰਨ ਵਾਲੇ ਮਿੱਠੇ ਸੁਭਾਅ ਦੇ ਮਾਲਕ

**ਫਰੀਮਾਂਟ (ਕੈਲੇਫੋਰਨੀਆ)**




## ਦਹੀਂ ਨਾਲ ਮਿਲਾ ਕੇ ਪਾਚਨ ਨੂੰ ਖਰਾਬ ਕਰ ਸਕਦੀਆਂ ਹਨ 8 ਚੀਜ਼ਾਂ

ਦਹੀਂ ਬਹੁਤ ਪੌਸ਼ਟਿਕ ਹੁੰਦਾ ਹੈ। ਇਹ ਕੈਲਸ਼ੀਅਮ, ਪ੍ਰੋਟੀਨ ਅਤੇ ਚੰਗੇ ਬੈਕਟੀਰੀਆ (ਪ੍ਰੋਬਾਇ ਟਿਕਸ) ਨਾਲ ਭਰਪੂਰ ਹੁੰਦਾ ਹੈ। ਇਹ ਸਾਡੇ ਸਰੀਰ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਕੈਲਸ਼ੀਅਮ ਸਾਡੀਆਂ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ, ਪ੍ਰੋਟੀਨ ਸਰੀਰ ਦੀ ਮੁਰੰਮਤ ਕਰਦਾ ਹੈ ਅਤੇ ਚੰਗੇ ਬੈਕਟੀਰੀਆ ਸਾਡੇ ਪੇਟ ਨੂੰ ਸਿਹਤਮੰਦ ਰੱਖਦੇ ਹਨ। ਇਸ ਲਈ ਦਹੀਂ ਹਰ ਘਰ ਵਿੱਚ ਪਸੰਦ ਕੀਤਾ ਜਾਂਦਾ ਹੈ ਅਤੇ ਇਸ ਨੂੰ ਖਾਣ ਦੇ ਕਈ ਤਰੀਕੇ ਹਨ ਜਿਵੇਂ ਦਹੀਂ, ਰਾਇਤਾ, ਢੋਕਲਾ ਆਦਿ। ਅਜਿਹੀ ਸਥਿਤੀ ਵਿੱਚ, ਕੀ ਤੁਸੀਂ ਜਾਣਦੇ ਹੋ ਕਿ ਦਹੀਂ ਨੂੰ ਹਰ ਚੀਜ਼ ਦੇ ਨਾਲ ਨਹੀਂ ਖਾਣਾ ਚਾਹੀਦਾ? ਕੁਝ ਅਜਿਹੇ ਭੋਜਨ ਹਨ ਜਿਸ ਦੇ ਨਾਲ ਦਹੀਂ ਖਾਣ ਨਾਲ ਸਾਡਾ ਪੇਟ ਖਰਾਬ ਹੋ ਸਕਦਾ ਹੈ ਅਤੇ ਹੋਰ ਬਿਮਾਰੀਆਂ ਵੀ ਹੋ ਸਕਦੀਆਂ ਹਨ। ਆ ਜਾਣਦੇ ਹਾਂ ਦਹੀਂ ਦੇ ਨਾਲ ਕਿਹੜੀਆਂ ਚੀਜ਼ਾਂ ਨਹੀਂ ਖਾਣੀਆਂ ਚਾਹੀਦੀਆਂ।



1) ਮਿੱਠੀਆਂ ਚੀਜ਼ਾਂ- ਦਹੀਂ ਦੇ ਨਾਲ ਚਾਹ, ਕੌਫੀ, ਖੀਰ, ਵਰਮਸੀਲੀ ਜਾਂ ਮਠਿਆਈ ਵਰਗੀਆਂ ਮਿੱਠੀਆਂ ਚੀਜ਼ਾਂ ਖਾਣ ਨਾਲ ਪਾਚਨ ਤੰਤਰ ਖਰਾਬ ਹੋ ਸਕਦਾ ਹੈ। ਇੰਨਾ ਹੀ ਨਹੀਂ, ਇਹ ਭਾਰ ਵਧਣ ਅਤੇ ਬਲੱਡ ਸ਼ੂਗਰ ਦੇ ਪੱਧਰ ਵਿੱਚ ਅਸੰਤੁਲਨ ਦਾ ਕਾਰਨ ਵੀ ਬਣ ਸਕਦਾ ਹੈ। ਮਿੱਠੀਆਂ ਚੀਜ਼ਾਂ ਦੇ ਨਾਲ ਦਹੀਂ ਦਾ ਜ਼ਿਆਦਾ ਮਾਤਰਾ 'ਚ ਸੇਵਨ ਕਰਨ ਨਾਲ ਇਨ੍ਹਾਂ ਸਮੱਸਿਆਵਾਂ ਦਾ ਖਤਰਾ ਹੋਰ ਵਧ ਜਾਂਦਾ ਹੈ।

2) ਹਾਈ ਫੈਟ ਵਾਲੇ ਫੂਡਜ਼- ਮੱਖਣ, ਦੇਸੀ ਘਿ ਜਾਂ ਹੋਰ ਜ਼ਿਆਦਾ ਚਰਬੀ ਵਾਲੀਆਂ ਚੀਜ਼ਾਂ ਦੇ ਨਾਲ ਦਹੀਂ ਦਾ ਸੇਵਨ ਕਰਨ ਨਾਲ ਪਾਚਨ ਕਿਰਿਆ ਹੌਲੀ ਹੋ ਜਾਂਦੀ ਹੈ। ਇਸ ਨਾਲ ਸਰੀਰ ਵਿਚ ਵਾਧੂ ਚਰਬੀ ਜਮ੍ਹਾ ਹੋ ਸਕਦੀ ਹੈ, ਜਿਸ ਨਾਲ ਕੋਲੈਸਟ੍ਰੋਲ ਦਾ ਪੱਧਰ ਵੀ ਵਧ ਸਕਦਾ ਹੈ।

3) ਮਸਾਲੇਦਾਰ ਚੀਜ਼ਾਂ- ਮਸਾਲੇਦਾਰ ਭੋਜਨ ਅਤੇ ਦਹੀਂ ਦੇ ਮਿਸ਼ਰਣ ਨਾਲ ਪਾਚਨ ਪ੍ਰਣਾਲੀ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਮਸਾਲਾ ਗਰਮ ਅਤੇ ਦਹੀਂ ਠੰਡਾ ਹੁੰਦਾ ਹੈ। ਇਨ੍ਹਾਂ ਦੋਵਾਂ ਦੇ ਮਿਲਾਨ ਨਾਲ ਪੇਟ ਦੀ ਜਲਣ, ਬਦਹਜ਼ਮੀ ਅਤੇ ਗੈਸ ਦੀ ਸਮੱਸਿਆ ਹੋ ਸਕਦੀ ਹੈ।

4) ਨਮਕੀਨ ਸਨੈਕਸ- ਨਮਕੀਨ ਅਤੇ ਦਹੀਂ ਇਕੱਠੇ ਖਾਣ ਨਾਲ ਸਰੀਰ ਵਿੱਚ ਸੋਡੀਅਮ ਦਾ ਪੱਧਰ ਅਸੰਤੁਲਿਤ ਹੋ ਜਾਂਦਾ ਹੈ। ਇਸ ਨਾਲ ਬਦਹਜ਼ਮੀ, ਗੈਸ ਅਤੇ ਹੋਰ ਪਾਚਨ ਸਮੱਸਿਆਵਾਂ ਹੋ ਸਕਦੀਆਂ ਹਨ।

5) ਖੱਟੇ ਫਲ- ਨਿੰਬੂ ਅਤੇ ਸੰਤਰੇ ਵਰਗੇ ਖੱਟੇ ਫਲਾਂ ਦੇ ਨਾਲ ਦਹੀਂ ਖਾਣ ਨਾਲ ਪੇਟ ਵਿੱਚ ਐਸੀਡਿਟੀ ਵਧ ਸਕਦੀ ਹੈ ਅਤੇ ਪਾਚਨ ਪ੍ਰਣਾਲੀ ਖਰਾਬ ਹੋ ਸਕਦੀ ਹੈ।

6) ਗਰਮ ਭੋਜਨ- ਦਹੀਂ ਠੰਡਾ ਹੈ ਅਤੇ ਗਰਮ ਭੋਜਨ ਗਰਮ ਹੈ। ਜਦੋਂ ਅਸੀਂ ਦੋਵੇਂ ਇਕੱਠੇ ਖਾਂਦੇ ਹਾਂ, ਤਾਂ ਸਾਡੇ ਸਰੀਰ ਨੂੰ ਇਹ ਸਮਝਣ ਵਿੱਚ ਮੁਸ਼ਕਲ ਹੁੰਦੀ ਹੈ ਕਿ ਕੀ ਕਰਨਾ ਹੈ। ਇਸ ਕਾਰਨ ਸਾਡਾ ਪੇਟ ਖਰਾਬ ਹੋ ਸਕਦਾ ਹੈ ਜਾਂ ਸਾਨੂੰ ਪੇਟ ਦਰਦ ਵੀ ਹੋ ਸਕਦਾ ਹੈ।

7) ਕੌੜੀਆਂ ਚੀਜ਼ਾਂ- ਕਰੇਲੇ ਵਰਗੀਆਂ ਕੌੜੀਆਂ ਸਬਜ਼ੀਆਂ ਦੇ ਨਾਲ ਦਹੀਂ ਦਾ ਸੇਵਨ ਪਾਚਨ ਕਿਰਿਆ ਵਿੱਚ ਵਿਘਨ ਪਾ ਸਕਦਾ ਹੈ ਅਤੇ ਪੇਟ ਖਰਾਬ ਹੋ ਸਕਦਾ ਹੈ।

8) ਤਿਲ- ਤਿਲ ਅਤੇ ਦਹੀਂ ਇਕੱਠੇ ਖਾਣ ਨਾਲ ਸਰੀਰ ਵਿਚ ਗਰਮੀ ਵਧ ਜਾਂਦੀ ਹੈ ਅਤੇ ਪੇਟ ਵਿਚ ਜਲਣ ਜਾਂ ਪਾਚਨ ਸੰਬੰਧੀ ਹੋਰ ਸਮੱਸਿਆਵਾਂ ਹੋ ਸਕਦੀਆਂ ਹਨ।

## ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਨੂੰ ਕੰਟਰੋਲ ਕਰਨ 'ਚ ਮਦਦਗਾਰ ਨੇ ਇਹ 5 ਬੀਜ

ਹਾਈ ਬਲੱਡ ਪ੍ਰੈਸ਼ਰ ਇੱਕ ਆਮ ਸਿਹਤ ਸਮੱਸਿਆ ਹੈ ਜੋ ਦਿਲ ਦੇ ਦੌਰੇ ਤੇ ਸਟ੍ਰੋਕ ਵਰਗੇ ਗੰਭੀਰ ਸਿਹਤ ਜੋਖ਼ਮਾਂ ਨੂੰ ਵਧਾ ਸਕਦਾ ਹੈ। ਸਰਦੀਆਂ ਵਿੱਚ ਬਲੱਡ ਪ੍ਰੈਸ਼ਰ ਵਧਣ ਦਾ ਖਤਰਾ ਕਾਫ਼ੀ ਵੱਧ ਜਾਂਦਾ ਹੈ। ਸਰੀਰ ਤੋਂ ਗਰਮੀ ਦੀ ਕਮੀ ਨੂੰ ਘੱਟ ਕਰਨ ਲਈ ਖ਼ੂਨ ਦੀਆਂ ਨਾੜੀਆਂ ਸੰਕੁਚਿਤ ਹੋ ਜਾਂਦੀਆਂ ਹਨ, ਜਿਸ ਕਾਰਨ ਬਲੱਡ ਪ੍ਰੈਸ਼ਰ ਵਧ ਜਾਂਦਾ ਹੈ। ਹਾਲਾਂਕਿ ਕਈ ਲੋਕਾਂ ਨੂੰ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਦਵਾਈਆਂ ਦਾ ਸਹਾਰਾ ਵੀ ਲੈਣਾ ਪੈਂਦਾ ਹੈ ਪਰ ਦਵਾਈਆਂ ਦੇ ਨਾਲ-ਨਾਲ ਲਾਈਫਸਟਾਈਲ ਤੇ ਖਾਣ-ਪੀਣ ਦੀਆਂ ਆਦਤਾਂ 'ਚ ਵੀ ਬਦਲਾਅ ਕਰਨਾ ਜ਼ਰੂਰੀ ਹੈ।

ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਭੋਜਨ 'ਚ ਕੁਝ ਬੀਜਾਂ ਨੂੰ ਸ਼ਾਮਲ ਕਰਨਾ ਬਹੁਤ ਫਾਇਦੇਮੰਦ ਹੋ ਸਕਦਾ ਹੈ। ਇੱਥੇ ਅਸੀਂ ਤੁਹਾਨੂੰ ਅਜਿਹੇ 5 ਬੀਜਾਂ ਬਾਰੇ ਦੱਸਣ ਜਾ ਰਹੇ ਹਾਂ, ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

ਕਈ ਤਰ੍ਹਾਂ ਦੇ ਬੀਜਾਂ 'ਚ ਫਾਈਬਰ, ਪੋਟਾਸ਼ੀਅਮ, ਮੈਗਨੀਸ਼ੀਅਮ ਤੇ ਮੇਗਾ-3 ਫੈਟੀ ਐਸਿਡ ਵਰਗੇ ਪੋਸ਼ਕ ਤੱਤ ਭਰਪੂਰ ਮਾਤਰਾ 'ਚ ਪਾਏ ਜਾਂਦੇ ਹਨ। ਇਹ ਪੌਸ਼ਟਿਕ ਤੱਤ ਖ਼ੂਨ ਦੀਆਂ ਨਾੜੀਆਂ ਨੂੰ ਆਰਾਮ ਦਿੰਦੇ ਹਨ, ਸੋਜਸ਼ ਨੂੰ ਘੱਟ ਕਰਦੇ ਹਨ ਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੇ ਹਨ।

**ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਬੀਜ**

ਅਲਸੀ ਦੇ ਬੀਜ - ਅਲਸੀ ਦੇ ਬੀਜ ਮੇਗਾ-3 ਫੈਟੀ ਐਸਿਡ ਨਾਲ ਭਰਪੂਰ ਹੁੰਦੇ ਹਨ, ਜੋ ਖ਼ੂਨ ਦੀਆਂ ਨਾੜੀਆਂ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦੇ ਹਨ। ਇਹ ਬੀਜ ਬਲੱਡ ਪ੍ਰੈਸ਼ਰ ਨੂੰ ਘਟਾਉਣ ਤੇ ਦਿਲ ਦੀ ਸਿਹਤ ਨੂੰ ਸੁਧਾਰਨ



ਵਿੱਚ ਵੀ ਮਦਦ ਕਰ ਸਕਦੇ ਹਨ।

ਕੱਦੂ ਦੇ ਬੀਜ - ਕੱਦੂ ਦੇ ਬੀਜ ਮੈਗਨੀਸ਼ੀਅਮ ਤੇ ਜ਼ਿੰਕ ਨਾਲ ਭਰਪੂਰ ਹੁੰਦੇ ਹਨ। ਮੈਗਨੀਸ਼ੀਅਮ ਖ਼ੂਨ ਦੀਆਂ ਨਾੜੀਆਂ ਨੂੰ ਆਰਾਮ ਦਿੰਦਾ ਹੈ ਤੇ ਬਲੱਡ ਪ੍ਰੈਸ਼ਰ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਜ਼ਿੰਕ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ।

ਚਿਆ ਦੇ ਬੀਜ - ਚਿਆ ਦੇ ਬੀਜ ਫਾਈਬਰ ਤੇ ਓਮੇਗਾ-3 ਫੈਟੀ ਐਸਿਡ ਨਾਲ ਭਰਪੂਰ ਹੁੰਦੇ ਹਨ। ਇਹ ਬੀਜ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਤੇ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿੱਚ ਮਦਦ ਕਰ ਸਕਦੇ ਹਨ।

ਸੂਰਜਮੁਖੀ ਦੇ ਬੀਜ - ਸੂਰਜਮੁਖੀ ਦੇ ਬੀਜ ਵਿਟਾਮਿਨ ਈ ਅਤੇ ਸੇਲੇਨਿਅਮ ਨਾਲ ਭਰਪੂਰ ਹੁੰਦੇ ਹਨ। ਇਹ ਪੌਸ਼ਟਿਕ ਤੱਤ ਦਿਲ ਦੀ ਸਿਹਤ ਨੂੰ ਸੁਧਾਰਨ ਤੇ ਬਲੱਡ ਪ੍ਰੈਸ਼ਰ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।

ਤੁਲਸੀ ਦੇ ਬੀਜ - ਤੁਲਸੀ ਦੇ ਬੀਜ ਐਂਟੀ-ਆਕਸੀਡੈਂਟਸ ਨਾਲ ਭਰਪੂਰ ਹੁੰਦੇ ਹਨ, ਜੋ ਸੋਜ਼ ਨੂੰ ਘੱਟ ਕਰਨ ਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿਚ ਮਦਦ ਕਰਦੇ ਹਨ।

**ਕਿਵੇਂ ਕਰੀਏ ਖ਼ੁਰਾਕ 'ਚ ਸ਼ਾਮਲ**

* ਬੀਜਾਂ ਨੂੰ ਦਹੀਂ ਜਾਂ ਸਮੂਦੀ ਵਿੱਚ ਮਿਲਾ ਸਕਦੇ ਹੋ।
* ਸਲਾਦ 'ਤੇ ਇਨ੍ਹਾਂ ਬੀਜਾਂ ਨੂੰ ਰੋਸਟ ਕਰ ਕੇ ਛਿੜਕ ਸਕਦੇ ਹੋ।
* ਦਲੀਆਂ ਜਾਂ ਅਨਾਜ ਵਿੱਚ ਬੀਜਾਂ ਨੂੰ ਮਿਲਾ ।
* ਬੇਕਿੰਗ ਕਰਦੇ ਸਮੇਂ ਆਟੇ ਵਿੱਚ ਇਨ੍ਹਾਂ ਬੀਜਾਂ ਨੂੰ ਮਿਲਾ ।
* ਬੀਜਾਂ ਨੂੰ ਪਾਣੀ ਵਿੱਚ ਭਿ ਕੇ ਖਾ ।

ਹਾਲਾਂਕਿ ਬੀਜ ਬਲੱਡ ਪ੍ਰੈਸ਼ਰ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ ਪਰ ਇਹ ਦਵਾਈਆਂ ਦਾ ਵਿਕਲਪ ਨਹੀਂ ਹੈ।

ਜੇ ਤੁਸੀਂ ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਹੋ ਤਾਂ ਆਪਣੇ ਡਾਕਟਰ ਦੀ ਸਲਾਹ ਜ਼ਰੂਰ ਲ । ਕੋਈ ਨਵੀਂ ਰੁਟੀਨ ਡਾਈਟ ਜਾਂ ਫਰੂਟ ਆਈਟਮਸ ਨੂੰ ਆਪਣੀ ਰੁਟੀਨ ਵਿੱਚ ਸ਼ਾਮਲ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਲ ।

## ਸਰਦੀਆਂ 'ਚ ਬਾਥੂ ਖਾਣਾ ਹੈ ਫ਼ਾਇਦੇਮੰਦ

ਬਾਥੂ ਸਰਦੀਆਂ 'ਚ ਖਾਧੀ ਜਾਣ ਵਾਲੀ ਪੌਸ਼ਟਿਕ ਹਰੀ ਪੱਤੇਦਾਰ ਸਬਜ਼ੀ ਹੈ। ਇਸ ਨੂੰ ਸਰਦੀਆਂ ਦਾ ਸੁਪਰਫੂਡ ਵੀ ਕਿਹਾ ਜਾ ਸਕਦਾ ਹੈ। ਇਸ ਤੋਂ ਬਣੇ ਪਰੌਂਠੇ, ਰਾਇਤਾ, ਸੂਪ ਅਤੇ ਸਬਜ਼ੀਆਂ ਬਹੁਤ ਸੁਆਦੀ ਹੁੰਦੀਆਂ ਹਨ। ਬਾਥੂ ਦਾ ਸਾਗ ਨਾ ਸਿਰਫ਼ ਪੌਸ਼ਟਿਕ ਤੱਤ ਪ੍ਰਦਾਨ ਕਰਦਾ ਹੈ ਸਗੋਂ ਇਮਿਊਨ ਸਿਸਟਮ ਨੂੰ ਮਜ਼ਬੂਤ ਕਰ ਕੇ ਸਰੀਰ ਨੂੰ ਸਿਹਤਮੰਦ ਤੇ ਫਿੱਟ ਰੱਖਦਾ ਹੈ।

ਕਈ ਤਰ੍ਹਾਂ ਦੇ ਪੋਸ਼ਕ ਤੱਤ, ਜਿਵੇਂ ਕਈ ਵਿਟਾਮਿਨਾਂ ਦਾ ਸਰੋਤ ਹੋਣ ਦੇ ਨਾਲ-ਨਾਲ ਇਹ ਖਣਿਜ ਅਤੇ ਫਾਈਬਰ ਨਾਲ ਵੀ ਭਰਪੂਰ ਹੁੰਦਾ ਹੈ। ਇਹ ਨਾ ਸਿਰਫ਼ ਸੁਆਦੀ ਹੁੰਦਾ ਹੈ ਸਗੋਂ ਇਸ ਨੂੰ ਨਿਯਮਿਤ ਤੌਰ 'ਤੇ ਖਾਣ ਨਾਲ ਕਈ ਸਿਹਤ ਲਾਭ ਵੀ ਹੁੰਦੇ ਹਨ। ਜਾਣਦੇ ਹਾਂ ਬਾਥੂ 'ਚ ਕਿਹੜੇ-ਕਿਹੜੇ ਵਿਟਾਮਿਨ ਪਾਏ ਜਾਂਦੇ ਹਨ ਤੇ ਇਸ ਦੇ ਕੀ ਫਾਇਦੇ ਹਨ।

ਵਿਟਾਮਿਨ-ਏ- ਬਾਥੂ ਵਿਟਾਮਿਨ-ਏ ਦਾ ਮੁੱਖ ਸਰੋਤ ਹੈ। ਇਹ ਅੱਖਾਂ ਦੀ ਰੋਸ਼ਨੀ ਨੂੰ ਬਿਹਤਰ ਬਣਾਉਣ, ਚਮੜੀ ਦੀ ਚਮਕ ਨੂੰ ਬਣਾਈ ਰੱਖਣ ਤੇ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ 'ਚ ਮਦਦ ਕਰਦਾ ਹੈ।

ਵਿਟਾਮਿਨ-ਸੀ- ਇਸ 'ਚ ਭਰਪੂਰ ਮਾਤਰਾ ਵਿਚ ਵਿਟਾਮਿਨ-ਸੀ ਹੁੰਦਾ ਹੈ, ਜੋ ਇਮਿਊਨਿਟੀ ਨੂੰ ਮਜ਼ਬੂਤ ਕਰਦਾ ਹੈ, ਸਰੀਰ ਨੂੰ ਇਨਫੈਕਸ਼ਨ ਤੋਂ ਬਚਾਉਂਦਾ ਹੈ ਤੇ ਚਮੜੀ ਨੂੰ ਸਿਹਤਮੰਦ ਅਤੇ ਜਵਾਨ ਰੱਖਦਾ ਹੈ।

ਵਿਟਾਮਿਨ-ਕੇ- ਵਿਟਾਮਿਨ ਕੇ ਖ਼ੂਨ ਦੀ ਕਲੌਟਿੰਗ ਤੇ ਹੱਡੀਆਂ ਦੀ ਮਜ਼ਬੂਤੀ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਹੱਡੀਆਂ ਨੂੰ ਮਜ਼ਬੂਤ ਬਣਾਈ ਰੱਖਣ 'ਚ ਮਦਦਗਾਰ ਹੁੰਦਾ ਹੈ।

ਵਿਟਾਮਿਨ-ਬੀ ਕੰਪਲੈਕਸ- ਬਾਥੂ 'ਚ ਵਿਟਾਮਿਨ-ਬੀ6, ਫੋਲੇਟ ਅਤੇ ਥਿਆਮੀਨ ਹੁੰਦਾ ਹੈ, ਜੋ ਦਿਮਾਗ ਦੇ ਵਿਕਾਸ ਤੇ ਨਰਵਸ ਸਿਸਟਮ ਦੇ ਕੰਮਕਾਜ ਨੂੰ ਬਿਹਤਰ ਬਣਾਉਣ 'ਚ ਮਦਦਗਾਰ ਹੁੰਦੇ ਹਨ।

ਵਿਟਾਮਿਨ-ਈ- ਇਹ ਚਮੜੀ ਨੂੰ ਨਰਮ ਅਤੇ ਚਮਕਦਾਰ ਬਣਾਉਂਦਾ ਹੈ ਅਤੇ ਵਧਦੀ ਉਮਰ ਦੇ ਪ੍ਰਭਾਵ ਨੂੰ ਘਟਾਉਂਦਾ ਹੈ।

**ਬਾਥੂ ਦੇ ਲਾਭ**

ਪਾਚਨ ਕਿਰਿਆ ਨੂੰ ਬਿਹਤਰ ਬਣਾਉਣ 'ਚ ਮਦਦਗਾਰ : ਬਾਥੂ ਫਾਈਬਰ ਨਾਲ ਭਰਪੂਰ ਹੁੰਦਾ ਹੈ, ਜੋ ਪਾਚਨ ਤੰਤਰ ਨੂੰ ਠੀਕ ਰੱਖਦਾ ਹੈ। ਇਸ ਦੇ ਸੇਵਨ ਨਾਲ ਕਬਜ਼, ਬਦਹਜ਼ਮੀ ਤੇ ਪੇਟ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲਦਾ ਹੈ।

ਚਮੜੀ ਦੀ ਕਰੇ ਦੇਖਭਾਲ : ਇਸ 'ਚ ਮੌਜੂਦ ਵਿਟਾਮਿਨ-ਏ ਅਤੇ ਸੀ ਚਮੜੀ ਨੂੰ ਕੁਦਰਤੀ ਨਮੀ ਦਿੰਦਾ ਹੈ। ਇਸ 'ਚ ਮੌਜੂਦ ਐਂਟੀਆਕਸੀਡੈਂਟ ਚਮੜੀ ਨੂੰ ਸਿਹਤਮੰਦ ਤੇ ਚਮਕਦਾਰ ਬਣਾਉਂਦੇ ਹਨ।

ਡਾਇਬਟੀਜ਼ 'ਚ ਫਾਇਦੇਮੰਦ : ਐਂਟੀ-ਡਾਇਬੀਟਿਕ ਗੁਣਾਂ ਨਾਲ ਭਰਪੂਰ ਬਾਥੂ ਦਾ ਸੇਵਨ ਬਲੱਡ ਸ਼ੂਗਰ ਲੈਵਲ ਨੂੰ ਕੰਟਰੋਲ ਕਰਦਾ ਹੈ। ਇਹ ਸ਼ੂਗਰ ਦੇ ਮਰੀਜ਼ਾਂ ਲਈ ਸ਼ਾਨਦਾਰ ਸ਼ਾਕਾਹਾਰੀ ਬਦਲ ਹੈ, ਜੋ ਕਿ ਕਈ ਤਰੀਕਿਆਂ ਨਾਲ ਫਾਇਦੇਮੰਦ ਹੁੰਦਾ ਹੈ।

ਹੱਡੀਆਂ ਦੀ ਮਜ਼ਬੂਤੀ : ਬਾਥੂ ਵਿਚ ਕੈਲਸ਼ੀਅਮ ਤੇ ਵਿਟਾਮਿਨ-ਕੇ ਦੀ ਚੰਗੀ ਮਾਤਰਾ ਪਾਈ ਜਾਂਦੀ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ ਤੇ ਸਟੀ ਪੋਰੋਸਿਸ ਵਰਗੀਆਂ ਸਮੱਸਿਆਵਾਂ ਤੋਂ ਬਚਾਉਂਦਾ ਹੈ।

ਅੱਖਾਂ ਲਈ ਫਾਇਦੇਮੰਦ : ਬਾਥੂ 'ਚ ਮੌਜੂਦ ਵਿਟਾਮਿਨ-ਏ ਤੇ ਬੀਟਾ ਕੈਰੋਟੀਨ ਅੱਖਾਂ ਦੀ ਰੋਸ਼ਨੀ ਵਧਾਉਣ 'ਚ ਮਦਦ ਕਰਦਾ ਹੈ। ਇਹ ਮੋਤੀਆਬਿੰਦ ਅਤੇ ਰਾਤ ਦੇ ਅੰਨ੍ਹੇਪਣ ਵਰਗੀਆਂ ਸਮੱਸਿਆਵਾਂ ਨੂੰ ਰੋਕਣ ਵਿਚ ਮਦਦਗਾਰ ਹੈ।

ਡੀਟੌਕਸੀਫਿਕੇਸ਼ਨ : ਬਾਥੂ ਸਰੀਰ ਨੂੰ ਡੀਟੌਕਸਫਾਈ ਕਰਦਾ ਹੈ। ਇਹ ਖ਼ੂਨ ਨੂੰ ਸ਼ੁੱਧ ਕਰਦਾ ਹੈ ਤੇ ਚਮੜੀ 'ਤੇ ਚਮਕ ਲਿਆਉਂਦਾ ਹੈ।

ਭਾਰ ਘਟਾਉਣ 'ਚ ਮਦਦਗਾਰ : ਘੱਟ ਕੈਲੋਰੀ ਅਤੇ ਜ਼ਿਆਦਾ ਫਾਈਬਰ ਨਾਲ ਭਰਪੂਰ ਬਾਥੂ ਭਾਰ ਘਟਾਉਣ 'ਚ ਮਦਦਗਾਰ ਹੈ।

## ਚਿਹਰੇ 'ਤੇ ਕੁਦਰਤੀ ਚਮਕ ਲਿਆਉਂਦਾ ਹੈ ਅਮਰੂਦ ਦਾ ਜੂਸ

ਸਰਦੀਆਂ ਦਾ ਮੌਸਮ ਸਿਹਤਮੰਦ ਫਲਾਂ ਅਤੇ ਸਬਜ਼ੀਆਂ ਦਾ ਭੰਡਾਰ ਲਿਆਉਂਦਾ ਹੈ। ਲੋਕ ਇਸ ਨੂੰ ਆਪਣੀ ਡਾਈਟ ਵਿੱਚ ਸ਼ਾਮਿਲ ਕਰਦੇ ਹਨ। ਇਸ ਨਾਲ ਸਿਹਤ ਨੂੰ ਕਈ ਫਾਇਦੇ ਹੁੰਦੇ ਹਨ। ਲੋਕ ਇਨ੍ਹਾਂ ਫਲਾਂ ਦੀ ਵਰਤੋਂ ਕਈ ਤਰ੍ਹਾਂ ਨਾਲ ਕਰਦੇ ਹਨ। ਕੁਝ ਆਪਣੀ ਖੁਰਾਕ ਵਿੱਚ ਸਲਾਦ ਦੇ ਰੂਪ ਵਿੱਚ ਫਲ ਸ਼ਾਮਲ ਕਰਦੇ ਹਨ ਜਦੋਂ ਕਿ ਕੁਝ ਸਮੂਦੀ ਜਾਂ ਜੂਸ ਪੀਣਾ ਪਸੰਦ ਕਰਦੇ ਹਨ। ਅੱਜ ਅਸੀਂ ਤੁਹਾਨੂੰ ਅਮਰੂਦ ਦੇ ਜੂਸ ਬਾਰੇ ਦੱਸਣ ਜਾ ਰਹੇ ਹਾਂ। ਸਰਦੀਆਂ ਵਿੱਚ ਜੇਕਰ ਤੁਸੀਂ ਰੋਜ਼ਾਨਾ ਅਮਰੂਦ ਦਾ ਜੂਸ ਪੀਂਦੇ ਹੋ ਤਾਂ ਤੁਹਾਨੂੰ ਕਈ ਫਾਇਦੇ ਮਿਲ ਸਕਦੇ ਹਨ। ਸਰਦੀਆਂ ਦੇ ਦਿਨਾਂ ਵਿੱਚ ਬਾਜ਼ਾਰਾਂ ਵਿੱਚ ਚੰਗੇ ਅਮਰੂਦ ਦੇਖੇ ਜਾ ਸਕਦੇ ਹਨ। ਆ ਜਾਣਦੇ ਹਾਂ ਅਮਰੂਦ ਦੇ ਫਾਇਦਿਆਂ ਬਾਰੇ-

ਸਰਦੀਆਂ ਵਿੱਚ ਮੌਸਮੀ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਅਮਰੂਦ ਤੁਹਾਡੀ ਇਮਿਊਨਿਟੀ ਨੂੰ ਮਜ਼ਬੂਤ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ। ਅਮਰੂਦ ਵਿੱਚ ਵਿਟਾਮਿਨ ਸੀ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਇਹ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ 'ਚ ਮਦਦਗਾਰ ਹੈ। ਸਰਦੀਆਂ ਵਿੱਚ ਅਮਰੂਦ ਦਾ ਜੂਸ ਪੀਣ ਨਾਲ ਸਰੀਰ ਨੂੰ ਕਿਸੇ ਵੀ ਤਰ੍ਹਾਂ ਦੇ ਇਨਫੈਕਸ਼ਨ ਨਾਲ ਲੜਨ ਵਿੱਚ ਮਦਦ ਮਿਲਦੀ ਹੈ।

**ਕਬਜ਼ ਤੋਂ ਰਾਹਤ**

ਜੇਕਰ ਤੁਸੀਂ ਕਬਜ਼ ਦੀ ਸਮੱਸਿਆ ਨਾਲ ਜੂਝ ਰਹੇ ਹੋ ਤਾਂ ਸਰਦੀਆਂ 'ਚ ਅਮਰੂਦ ਦਾ ਜੂਸ ਜ਼ਰੂਰ ਪੀਣਾ ਚਾਹੀਦਾ ਹੈ। ਅਮਰੂਦ ਵਿੱਚ ਫਾਈਬਰ ਦੀ ਚੰਗੀ ਮਾਤਰਾ ਪਾਈ ਜਾਂਦੀ ਹੈ। ਇਸ ਕਾਰਨ ਇਹ ਪਾਚਨ ਕਿਰਿਆ ਨੂੰ ਠੀਕ ਰੱਖਣ 'ਚ ਮਦਦ ਕਰਦਾ ਹੈ। ਇਸ ਫਲ ਦਾ ਰਸ ਪੀਣ ਨਾਲ ਪੇਟ ਦਰਦ, ਸੋਜ ਅਤੇ ਗੈਸ ਵਰਗੀਆਂ ਸਮੱਸਿਆਵਾਂ ਤੋਂ ਵੀ ਰਾਹਤ ਮਿਲਦੀ ਹੈ।

**ਚਮੜੀ ਨੂੰ ਨਰਮ ਬਣਾਵੇ**

ਸਰਦੀਆਂ ਵਿੱਚ ਚਮੜੀ ਖੁਸ਼ਕ ਅਤੇ ਬੇਜਾਨ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਅਮਰੂਦ ਦਾ ਰਸ ਸਾਡੀ ਚਮੜੀ ਨੂੰ ਜ਼ਰੂਰੀ ਪੋਸ਼ਣ ਪ੍ਰਦਾਨ ਕਰਦਾ ਹੈ। ਇਹ ਚਮੜੀ ਦੀ ਨਮੀ ਨੂੰ ਬਣਾਈ ਰੱਖਣ ਅਤੇ ਇਸ ਨੂੰ ਚਮਕਦਾਰ ਬਣਾਉਣ ਵਿੱਚ ਮਦਦਗਾਰ ਹੈ। ਜੇਕਰ ਤੁਸੀਂ ਰੋਜ਼ਾਨਾ ਅਮਰੂਦ ਦਾ ਜੂਸ ਪੀਂਦੇ ਹੋ ਤਾਂ ਇਸ ਨਾਲ ਚਿਹਰੇ 'ਤੇ ਕੁਦਰਤੀ ਨਿਖਾਰ ਆਉਂਦਾ ਹੈ।

**ਭਾਰ ਘਟਾਉਣ ਵਿੱਚ ਮਦਦਗਾਰ**

ਆਮ ਤੌਰ 'ਤੇ ਸਰਦੀਆਂ ਵਿੱਚ ਭਾਰ ਵਧਣ ਦੀ ਸਮੱਸਿਆ ਹੁੰਦੀ ਹੈ। ਅਜਿਹੇ 'ਚ ਅਮਰੂਦ ਦਾ ਜੂਸ ਭਾਰ ਘਟਾਉਣ 'ਚ ਮਦਦਗਾਰ ਹੋ ਸਕਦਾ ਹੈ। ਇਸ ਵਿੱਚ ਘੱਟ ਕੈਲੋਰੀ ਸਮੱਗਰੀ ਹੁੰਦੀ ਹੈ ਅਤੇ ਤੁਹਾਨੂੰ ਲੰਬੇ ਸਮੇਂ ਤੱਕ ਪੂਰਾ ਮਹਿਸੂਸ ਹੁੰਦਾ ਹੈ। ਨਾਲ ਹੀ, ਇਹ ਮੈਟਾਬੋਲਿਜ਼ਮ ਨੂੰ ਤੇਜ਼ ਕਰਦਾ ਹੈ, ਜੋ ਭਾਰ ਘਟਾਉਣ ਵਿੱਚ ਮਦਦ ਕਰਦਾ ਹੈ।

**ਕਿਵੇਂ ਬਣਾਉਣਾ ਹੈ ਅਮਰੂਦ ਦਾ ਜੂਸ**

ਅਮਰੂਦ ਦਾ ਰਸ ਬਣਾਉਣ ਲਈ ਤਾਜ਼ੇ ਅਤੇ ਪੱਕੇ ਅਮਰੂਦ ਲਓ। ਉਹਨਾਂ ਨੂੰ ਛੋਟੇ ਟੁਕੜਿਆਂ ਵਿੱਚ ਕੱਟੋ। ਮਿਕਸਰ ਵਿੱਚ ਸੁਆਦ ਲਈ ਥੋੜ੍ਹਾ ਪਾਣੀ ਅਤੇ ਸ਼ਹਿਦ ਪਾ । ਇਸ ਨੂੰ ਫਿਲਟਰ ਕਰੋ। ਤੁਸੀਂ ਇਸ ਵਿਚ ਪੁਦੀਨਾ ਜਾਂ ਕਾਲਾ ਨਮਕ ਵੀ ਮਿਲਾ ਸਕਦੇ ਹੋ।

# ਸੂਰਜ ਤੋਂ ਬਿਜਲੀ ਪੈਦਾ ਕਰਕੇ ਸੜਕਾਂ ਉੱਤੇ ਗੱਡੀਆਂ ਚਾਰਜ ਕਰਨ, ਘਰਾਂ ਦੀਆਂ ਬਿਜਲੀ ਲੋੜਾਂ ਪੂਰਾ ਕਰਨ ਵਾਲਾ ਸੀਮਿੰਟ

ਕੰਕਰੀਟ ਸ਼ਾਇਦ ਇਮਾਰਤ ਉਸਾਰੀ ਵਿੱਚ ਸਭ ਤੋਂ ਆਮ ਵਰਤੀ ਜਾਣ ਵਾਲੀ ਸਮੱਗਰੀ ਹੈ। ਥੋੜ੍ਹੇ ਜਿਹੇ ਫੇਰ ਬਦਲ ਨਾਲ ਇਹ, ਸਾਡੇ ਘਰਾਂ ਨੂੰ ਬਿਜਲੀ ਭੰਡਾਰਨ ਦੇ ਯੋਗ ਵੀ ਕਰ ਸਕੇਗੀ। ਅਮਰੀਕਾ ਦੇ ਮੈਸਾਚਿਊਸਿਟਸ ਦੇ ਕੈਂਬਰਿਜ ਸ਼ਹਿਰ ਦੀ ਇੱਕ ਪ੍ਰਯੋਗਸ਼ਾਲਾ ਦੇ ਬੈਂਚ ਉੱਤੇ ਕਾਲੇ ਕੰਕਰੀਟ ਦੀਆਂ ਵੇਲਣਾਕਾਰ ਸਿੱਲਾਂ ਤਰਲ ਵਿੱਚ ਪਈਆਂ ਹਨ। ਉੱਪਰ ਤਾਰਾਂ ਦਾ ਜਾਲ ਹੈ।   ਪਰੀ ਨਜ਼ਰੇ ਇਹ ਬਹੁਤਾ ਕੁਝ ਕਰਦੇ ਮਾਲੂਮ ਨਹੀਂ ਹੁੰਦੇ। ਲੇਕਿਨ ਜਿਵੇਂ ਹੀ ਡੇਮੀਅਨ ਸਟੇਫਾਨੁਕ ਇੱਕ ਸਵਿੱਚ ਦਬਾਉਂਦੇ ਹਨ, ਮਨੁੱਖ ਦੇ ਬਣਾਏ ਇਹ ਪੱਥਰਾਂ ਨਾਲ ਤਾਰ ਰਾਹੀਂ ਜੁੜੀ ਇੱਕ ਐੱਲਈਡੀ ਜਗ ਉੱਠਦੀ ਹੈ। ਐੱਲਈਡੀ ਜਗਦੀ ਦੇਖਣ ਦੇ ਪਹਿਲੇ ਪਲ ਨੂੰ ਯਾਦ ਕਰਕੇ ਡੇਮੀਅਨ ਕਹਿੰਦੇ ਹਨ, "ਪਹਿਲੀ ਵਾਰ ਮੈਨੂੰ ਇਸ ਉੱਤੇ ਵਿਸ਼ਵਾਸ ਨਹੀਂ ਹੋਇਆ। ਮੈਂ ਸਮਝਿਆ, ਮੈਂ ਬਿਜਲੀ ਦਾ ਬਾਹਰੀ ਸਰੋਤ ਬੰਦ ਨਹੀਂ ਕੀਤਾ। ਇਸੇ ਕਰਕੇ ਐੱਲਈਡੀ ਚੱਲ ਰਹੀ ਸੀ।"

ਉਸੇ ਰਵਾਨੀ ਵਿੱਚ ਉਹ ਅੱਗੇ ਦੱਸਦੇ ਹਨ, "ਇਹ ਬਹੁਤ ਵਧੀਆ ਦਿਨ ਸੀ। ਅਸੀਂ ਵਿਦਿਆਰਥੀਆਂ ਨੂੰ ਸੱਦਿਆ ਅਤੇ ਮੈਂ ਪ੍ਰੋਫੈਸਰਾਂ ਨੂੰ ਦੇਖਣ ਲਈ ਸੱਦਿਆ ਕਿਉਂਕਿ ਪਹਿਲੀ ਵਾਰ ਤਾਂ ਉਨ੍ਹਾਂ ਨੂੰ ਵੀ ਯਕੀਨ ਨਹੀਂ ਆਇਆ ਕਿ ਇਹ ਕੰਮ ਕਰ ਗਿਆ ਹੈ।" ਇਸ ਜੋਸ਼ ਦੀ ਵਜ੍ਹਾ? ਕਾਲ਼ੇ ਕੰਕਰੀਟ ਦਾ ਇੱਕ ਗੈਰ-ਨੁਕਸਾਨਦੇਹ ਟੁਕੜਾ, ਊਰਜਾ ਦੇ ਭਵਿੱਖ ਦਾ ਨੁਮਾਇੰਦਾ ਹੋ ਸਕਦਾ ਹੈ। ਸੂਰਜ, ਪੌਣ ਅਤੇ ਸਾਗਰ ਸਾਡੇ ਲਈ ਅਥਾਹ ਨਵਿਆਉਣਯੋਗ ਊਰਜਾ ਦੇ ਸਰੋਤ ਹਨ, ਪਰ ਇਨ੍ਹਾਂ ਸਰੋਤਾਂ ਤੋਂ ਮਿਲਣ ਵਾਲੀ ਊਰਜਾ ਰੁਕ-ਰੁਕ ਕੇ ਮਿਲਦੀ ਹੈ। ਕਿਉਂਕਿ ਸੂਰਜ ਸਦਾ ਇੰਨਾ ਨਹੀਂ ਚਮਕਦਾ, ਹਵਾ ਸਦਾ ਇੰਨੀ ਨਹੀਂ ਵਗਦੀ ਅਤੇ ਨਾ ਹੀ ਪਾਣੀ ਇੰਨੇ ਤੇਜ਼ ਨਹੀਂ ਵਹਿੰਦੇ ਕਿ ਇਨ੍ਹਾਂ ਤੋਂ ਹਮੇਸ਼ਾ ਬਿਜਲੀ ਪੈਦਾ ਕੀਤੀ ਜਾ ਸਕੇ। ਬਿਜਲੀ ਦੇ ਇਨ੍ਹਾਂ ਸਰੋਤਾਂ ਵਿੱਚ ਰੁਕਾਵਟਾਂ ਹਨ, ਜੋ ਸਾਡੀ ਊਰਜਾ ਦੀ ਭੁੱਖੀ ਆਧੁਨਿਕ ਦੁਨੀਆਂ ਲਈ ਇੱਕ ਸਮੱਸਿਆ ਹੈ। ਇਸਦਾ ਮਤਲਬ ਹੈ ਕਿ ਸਾਨੂੰ ਬਿਜਲੀ ਬੈਟਰੀਆਂ ਵਿੱਚ ਭੰਡਾਰ ਕਰ ਕੇ ਰੱਖਣ ਦੀ ਲੋੜ ਹੈ। ਪਰ ਬੈਟਰੀਆਂ ਲੀਥੀਅਮ ਵਰਗੇ ਸੀਮਤ ਪੂਰਤੀ ਵਾਲ਼ੇ ਪਦਾਰਥਾਂ ਤੋਂ ਹੀ ਬਣਦੀਆਂ ਹਨ।

ਦੁਨੀਆਂ ਭਰ ਵਿੱਚ ਲੀਥੀਅਮ ਦੀਆਂ 101 ਖਾਣਾਂ ਹਨ। ਇਹ ਖਾਣਾਂ ਦੁਨੀਆਂ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਦੀਆਂ ਰਹਿ ਸਕਣਗੀਆਂ, ਇਸ ਬਾਰੇ ਆਰਥਿਕ ਵਿਸ਼ਲੇਸ਼ਕਾਂ ਨੂੰ ਜ਼ਿਆਦਾ ਉਮੀਦ ਨਹੀਂ ਹੈ। ਵਾਤਾਵਰਨ ਵਿਸ਼ਲੇਸ਼ਕਾਂ ਮੁਤਾਬਕ ਲੀਥੀਅਮ ਦੇ ਖ਼ਣਨ ਵਿੱਚ ਹੋਣ ਵਾਲੀ ਊਰਜਾ ਅਤੇ ਪਾਣੀ ਦੀ ਖ਼ਪਤ ਇੰਨੀ ਜ਼ਿਆਦਾ ਹੈ ਕਿ ਜਿਸ ਨਾਲ ਰਵਾਇਤੀ ਊਰਜਾ ਤੋਂ ਨਵਿਆਉਣਯੋਗ ਊਰਜਾ ਵੱਲ ਤਬਦੀਲੀ ਕਰਨ ਦੇ ਸਾਰੇ ਲਾਭਾਂ ਉੱਤੇ ਪਹਿਲਾਂ ਹੀ ਪਾਣੀ ਫਿਰ ਜਾਂਦਾ ਹੈ। ਇਸ ਤੋਂ ਇਲਾਵਾ ਲੀਥੀਅਮ ਕੱਢਣ ਦੀ ਪ੍ਰਕਿਰਿਆ ਦੌਰਾਨ (ਜ਼ਹਿਰੀਲੇ ਰਸਾਇਣ ਪਾਣੀ ਦੇ ਸਥਾਨਕ ਸਰੋਤਾਂ ਨੂੰ ਦੂਸ਼ਿਤ ਕਰ ਦਿੰਦੇ ਹਨ। ਹਾਲਾਂਕਿ ਲੀਥੀਅਮ ਦੇ ਕੁਝ ਹੋਰ ਭੰਡਾਰ ਵੀ ਮਿਲੇ ਹਨ, ਫਿਰ ਵੀ ਖਣਿਜ ਦੀ ਸੀਮਤ ਪੂਰਤੀ ਅਤੇ ਦੁਨੀਆਂ ਭਰ ਵਿੱਚ ਫੈਲੀਆਂ ਇਸਦੀਆਂ ਮੁੱਠੀ ਭਰ ਖਾਨਾਂ ਅਤੇ ਵਾਤਾਵਰਨ ਉੱਤੇ ਇਨ੍ਹਾਂ ਦੇ ਅਸਰ ਦੇ ਮੱਦੇ ਨਜ਼ਰ ਬੈਟਰੀਆਂ ਲਈ ਬਦਲਵੀਂ ਸਮੱਗਰੀ ਦੀ ਭਾਲ ਨੂੰ ਬਲ ਮਿਲਿਆ ਹੈ।

### ਕੰਕਰੀਟ ਤੋਂ ਕਿਵੇਂ ਪੈਦਾ ਕੀਤੀ ਊਰਜਾ

ਇੱਥੋਂ ਹੀ ਡੇਮੀਅਨ ਸਟੇਫਾਨੁਕ ਅਤੇ ਉਨ੍ਹਾਂ ਦੇ ਕੰਕਰੀਟ ਦਾ ਟੁਕੜਾ ਚਰਚਾ ਦੇ ਕੇਂਦਰ ਵਿੱਚ ਆਉਂਦੇ ਹਨ। ਡੇਮੀਅਨ ਅਤੇ ਮੈਸਾਚਿਊਸਿਟਸ ਇੰਸਟੀਚਿਊਟ ਆਫ਼ ਟੈਕਨਾਲਜੀ ਵਿੱਚ ਉਨ੍ਹਾਂ ਦੇ ਸਹਿਕਰਮੀਆਂ ਨੇ ਬਿਜਲੀ ਭੰਡਾਰਨ ਲਈ ਤਿੰਨ ਸਸਤੇ ਪਦਾਰਥਾਂ— ਪਾਣੀ, ਸੀਮਿੰਟ ਅਤੇ ਅੱਧ-ਸੜੇ ਕਾਰਬਨ ਵਰਗੇ ਇੱਕ ਪਦਾਰਥ (ਕਾਰਬਨ ਬਲੈਕ) ਤੋਂ ਇੱਕ ਨਵਾਂ ਉਪਕਰਨ— ਸੁਪਰ-ਕਪੈਸਿਟਰ ਤਿਆਰ ਕਰਨ ਦੀ ਵਿਧੀ ਖੋਜੀ ਹੈ। ਸੁਪਰ-ਕਪੈਸਿਟਰ ਬਿਜਲੀ ਭੰਡਾਰਨ ਵਿੱਚ ਤਾਂ ਕੁਸ਼ਲ ਹਨ, ਪਰ ਬੈਟਰੀਆਂ ਨਾਲੋਂ ਕਈ ਅਹਿਮ ਪੱਖਾਂ ਤੋਂ ਭਿੰਨ ਹਨ। ਇਹ ਲੀਥੀਅਮ-ਆਇਰਨ ਬੈਟਰੀਆਂ ਦੇ ਮੁਕਾਬਲੇ ਜਲਦੀ ਚਾਰਜ ਹੋ ਜਾਂਦੇ



ਹਨ। ਇਨ੍ਹਾਂ ਦੀ ਕਾਰਗੁਜ਼ਾਰੀ ਵਿੱਚ ਉਸ ਪੱਧਰ ਦਾ ਨਿਘਾਰ ਨਹੀਂ ਆਉਂਦਾ। ਇਹ ਸੁਪਰ-ਕਪੈਸਿਟਰ ਜੋ ਬਿਜਲੀ ਜਿੰਨੀ ਛੇਤੀ ਸੰਭਾਲਦੇ ਹਨ, ਗੁਆਉਂਦੇ ਵੀ   ਨਾ ਹੀ ਛੇਤੀ ਹਨ। ਇਸ ਕਾਰਨ ਇਹ ਮੋਬਾਈਲ ਫੋਨਾਂ, ਲੈਪਟਾਪ ਜਾਂ ਬਿਜਲ ਕਾਰਾਂ ਲਈ ਘੱਟ ਉਪਯੋਗੀ ਹਨ, ਜਿੱਥੇ ਬਿਜਲੀ ਦਾ ਇੱਕ ਟਿਕਵਾਂ ਵਹਾਅ, ਲੰਬੇ ਸਮੇਂ ਲਈ ਲੋੜੀਂਦਾ ਹੈ। ਫਿਰ ਵੀ ਡੇਮੀਅਨ ਸਟੇਫਾਨੁਕ ਮੁਤਾਬਕ, ਕਾਰਬਨ-ਸੀਮਿੰਟ ਸੁਪਰ-ਕਪੈਸਿਟਰ ਵਿਸ਼ਵ ਆਰਥਿਕਤਾ ਨੂੰ ਡੀਕਾਰਬਨਾਈਜ਼ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਹ ਕਹਿੰਦੇ ਹਨ, "ਜੇ ਇਸ ਨੂੰ ਵੱਡੇ ਪੈਮਾਨੇ ਉੱਤੇ ਕੀਤਾ ਜਾ ਸਕੇ ਤਾਂ ਇਹ ਇੱਕ ਅਹਿਮ ਮੁੱਦੇ ਨੂੰ ਹੱਲ ਕਰ ਸਕਦੀ ਹੈ— ਨਵਿ   ਣਯੋਗ ਊਰਜਾ ਦਾ ਭੰਡਾਰਨ।" ਉਹ ਅਤੇ ਮੈਸਾਚਿਊਸਿਟਸ ਇੰਸਟੀਚਿਊਟ ਆਫ ਟੈਕਨਾਲਜੀ ਅਤੇ ਹਾਰਵਰਡ ਯੂਨੀਵਰਸਿਟੀ ਦੇ ਵਾਇਸ ਇੰਸਟੀਚਿਊਟ ਫਾਰ ਬਾਇ ਲੌਜੀਕਲੀ ਇੰਸਪਾਇਰਡ ਇੰਜਨੀਅਰਿੰਗ ਨੇ ਆਪਣੇ ਸੁਪਰ-ਕਪੈਸਿਟਰਾਂ ਦੇ ਕਈ ਸੰਭਾਵੀ ਉਪਯੋਗਾਂ ਦੀ ਕਲਪਨਾ ਕੀਤੀ ਹੈ।

### ਕਿਵੇਂ ਵਰਤੀ ਜਾਵੇ ਕੰਕਰੀਟ ਤੋਂ ਪੈਦਾ ਹੋਈ ਊਰਜਾ

ਇੱਕ ਤਾਂ ਇਨ੍ਹਾਂ ਸੁਪਰ-ਕਪੈਸਿਟਰਾਂ ਨਾਲ ਸੜਕਾਂ ਦਾ ਨਿਰਮਾਣ ਹੋ ਸਕਦਾ ਹੈ, ਜੋ ਸੂਰਜੀ ਊਰਜਾ ਦਾ ਭੰਡਾਰਨ ਕਰਨ ਅਤੇ ਫਿਰ ਤਾਰਾਂ ਤੋਂ ਬਿਨਾਂ ਇਨ੍ਹਾਂ ਸੜਕਾਂ ਉੱਤੇ ਚੱਲਣ ਵਾਲੀਆਂ ਬਿਜਲਈ-ਕਾਰਾਂ ਨੂੰ ਚਾਰਜ ਕੀਤਾ ਜਾਵੇ। ਕਾਰਬਨ-ਸੀਮਿੰਟ ਸੁਪਰ-ਕਪੈਸਿਟਰਾਂ ਤੋਂ ਨਿਕਲਣ ਵਾਲੀ ਤੇਜ਼ ਊਰਜਾ ਦਾ ਵਹਾਅ , ਇਨ੍ਹਾਂ ਕਾਰਾਂ ਦੀਆਂ ਬੈਟਰੀਆਂ ਨੂੰ ਫੌਰੀ ਚਾਰਜ ਕਰੇਗੀ। ਇੱਕ ਹੋਰ ਉਪਯੋਗ ਬਿਜਲੀ ਭੰਡਾਰਨ ਵਾਲੀਆਂ ਘਰਾਂ ਦੀਆਂ ਨੀਹਾਂ ਵਿੱਚ ਹੋ ਸਕਦਾ ਹੈ। ਸਟੇਫਾਨੁਕ ਕਹਿੰਦੇ ਹਨ, "ਅਜਿਹੀਆਂ ਕੰਧਾਂ ਹੋਣ, ਜਾਂ ਨੀਹਾਂ, ਜਾਂ ਥਮਲੇ ਜੋ ਨਾ ਸਿਰਫ਼ ਢਾਂਚੇ ਨੂੰ ਸਹਾਰਾ ਦੇਣ ਸਗੋਂ ਉਨ੍ਹਾਂ ਵਿੱਚ ਬਿਜਲੀ ਦਾ ਭੰਡਾਰਨ ਵੀ ਕੀਤਾ ਜਾਂਦਾ ਹੈ।"

ਇਹ ਅਜੇ ਸ਼ੁਰੂਆਤੀ ਦਿਨ ਹਨ। ਫ਼ਿਲਹਾਲ ਤਾਂ ਇਹ ਸੁਪਰ-ਕਪੈਸਿਟਰ 300 ਵਾਟ-ਘੰਟੇ ਤੋਂ ਕੁਝ ਥੋੜ੍ਹੀ ਬਿਜਲੀ ਹੀ ਪ੍ਰਤੀ ਘਣ ਮੀਟਰ ਵਿੱਚ ਭੰਡਾਰ ਕਰ ਸਕਦੇ ਹਨ, ਜੋ ਕਿ ਇੱਕ 10 ਵਾਟ ਦੇ ਐੱਲਈਡੀ ਬਲਬ ਨੂੰ 30 ਘੰਟਿਆਂ ਤੱਕ ਜਗਾਈ ਰੱਖਣ ਲਈ ਕਾਫ਼ੀ ਹੈ। ਸਟੇਫਾਨੁਕ ਕਹਿੰਦੇ ਹਨ, "ਨਿਕਲਣ ਵਾਲੀ ਬਿਜਲੀ ਰਵਾਇਤੀ ਬੈਟਰੀਆਂ ਦੇ ਮੁਕਾਬਲੇ ਘੱਟ ਲੱਗ ਸਕਦੀ ਹੈ (ਪਰ) 30-40 ਘਣ ਮੀਟਰ (1,060-1,410 ਘਣ ਫੁੱਟ) ਕੰਕਰੀਟ ਦੀ ਨੀਂਹ ਇੱਕ ਰਿਹਾਇਸ਼ੀ ਘਰ ਦੀਆਂ ਰੋਜ਼ਾਨਾ ਬਿਜਲੀ ਲੋੜਾਂ ਦੀ ਪੂਰਤੀ ਲਈ ਕਾਫ਼ੀ ਹੋਵੇਗੀ।" "ਕੰਕਰੀਟ ਦੀ ਪੂਰੀ ਦੁਨੀਆਂ ਵਿੱਚ ਵਿਆਪਕ ਵਰਤੋਂ ਦੇ ਮੱਦੇ ਨਜ਼ਰ ਇਸ ਪਦਾਰਥ ਵਿੱਚ ਬਿਜਲੀ ਭੰਡਾਰਨ ਵਿੱਚ ਟੱਕਰ ਦੇਣ ਅਤੇ ਉਪਯੋਗੀ ਹੋਣ ਦੀ ਪੂਰੀ ਸੰਭਾਵਨਾ ਹੈ।" ਸਟੇਫਾਨੁਕ ਅਤੇ ਐੱਮਆਈਟੀ ਵਿੱਚ ਉਨ੍ਹਾਂ ਦੇ ਸਹਿਕਰਮੀਆਂ ਨੇ ਪਹਿਲਾਂ ਇੱਕ ਵਾਟ ਦਾ ਸੁਪਰ-ਕਪੈਸਿਟਰ ਤਿਆਰ ਕੀਤਾ ਅਤੇ ਫਿਰ ਉਨ੍ਹਾਂ ਨੂੰ ਲੜੀਵਾਰ ਜੋੜ ਕੇ ਇੱਕ ਤਿੰਨ ਵਾਟ ਦੀ ਐੱਲਈਡੀ ਜਗਾਈ। ਉਸ ਤੋਂ ਬਾਅਦ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਇੱਕ 12 ਵਾਟ ਦਾ ਸੁਪਰ-ਕਪੈਸਿਟਰ ਤਿਆਰ ਕੀਤਾ ਹੈ। ਸਟੇਫਾਨੁਕ ਸੁਪਰ-ਕਪੈਸਿਟਰਾਂ ਦੇ ਵੱਡੇ ਰੂਪਾਂ ਦੀ ਵਰਤੋਂ ਕਰਕੇ ਹੱਥ ਵਿੱਚ ਫੜ ਕੇ ਖੇਡੀ ਜਾਣ ਵਾਲੀ ਗੇਮ ਵੀ ਚਲਾਉਣ ਵਿੱਚ ਕਾਮਯਾਬ ਰਹੇ ਹਨ।

### ਹੁਣ ਅੱਗੇ ਦੀ ਯੋਜਨਾ ਕੀ ਹੈ?

ਖੋਜ ਟੀਮ ਹੁਣ ਇਸ ਤੋਂ ਵੱਡੇ ਰੂਪ ਤਿਆਰ ਕਰਨ ਦੀ ਸਕੀਮ ਵਿੱਚ ਹੈ। ਜਿਸ ਵਿੱਚ ਇੱਕ 45 ਘਣ ਮੀਟਰ (1,590 ਘਣ ਫੁੱਟ) ਦਾ ਵੀ ਸ਼ਾਮਲ ਹੈ, ਜੋ 10 ਕਿੱਲੋ ਵਾਟ ਘੰਟੇ ਦੀ ਲਗਭਗ ਬਿਜਲੀ ਭੰਡਾਰ ਕਰ ਸਕੇਗਾ, ਜੋ ਕਿ ਇੱਕ ਘਰ ਨੂੰ ਪੂਰੇ ਦਿਨ ਲਈ ਬਿਜਲੀ ਦੇ ਸਕੇ। ਇਹ ਸੁਪਰ-ਕਪੈਸਿਟਰ ਕਾਰਬਨ-ਬਲੈਕ ਦੀ ਇੱਕ ਅਸਧਾਰਨ ਖਾਸੀਅਤ ਕਰਕੇ ਸੰਭਵ ਹੈ। ਇਹ ਬਿਜਲੀ ਦਾ ਉੱਚ ਸੁਚਾਲਕ ਹੈ। ਇਸਦਾ ਅਰਥ ਹੈ ਕਿ ਜਦੋਂ ਕਾਰਬਨ ਬਲੈਕ ਨੂੰ ਸੀਮਿੰਟ ਅਤੇ ਪਾਣੀ ਵਿੱਚ ਮਿਲਾਇਆ ਜਾਂਦਾ ਹੈ ਤਾਂ ਸੁਚਾਲਕ ਪਦਾਰਥ ਦੇ ਨੈਟਵਰਕਾਂ ਨਾਲ ਭਰਪੂਰ ਕੰਕਰੀਟ ਦਾ ਨਿਰਮਾਣ ਹੁੰਦਾ ਹੈ। ਜੋ ਦੇਖਣ ਵਿੱਚ ਮਹੀਨ ਜੜ੍ਹਾਂ ਵਰਗੇ ਲਗਦੇ ਹਨ, ਜਿਨ੍ਹਾਂ ਦੀਆਂ ਅੱਗੇ ਦੀ ਅੱਗੇ ਅੰਤ ਹੀਣ ਸ਼ਾਖਾਵਾਂ ਨਿਕਲਦੀਆਂ ਹਨ। ਕਪੈਸਿਟਰ ਦੋ ਸੁਚਾਲਕ ਪਲੇਟਾਂ ਦੇ ਬਣੇ ਹੁੰਦੇ ਹਨ, ਜੋ ਇੱਕ ਝਿੱਲੀ ਨਾਲ ਵੱਖ ਕੀਤੇ ਹੁੰਦੇ ਹਨ। ਇਸ ਸਥਿਤੀ ਵਿੱਚ ਦੋਵੇਂ ਪਲੇਟਾਂ ਕਾਰਬਨ ਬਲੈਕ ਸੀਮਿੰਟ ਦੀਆਂ ਬਣੀਆਂ ਹੁੰਦੀਆਂ ਹਨ। ਜਿਨ੍ਹਾਂ ਨੂੰ ਪਹਿਲਾਂ ਇੱਕ ਇਲੈਕਟਰੋਲਾਈਟ ਲੂਣ ਪੋਟਾਸ਼ੀਅਮ ਕਲੋਰਾਈਡ ਵਿੱਚ ਭਿਉਂ ਕੇ ਰੱਖਿਆ ਗਿਆ ਸੀ।

ਜਦੋਂ ਲੂਣ ਵਿੱਚ ਭਿਉਂਤੀਆਂ ਪਲੇਟਾਂ ਨੂੰ ਬਿਜਲੀ ਦਾ ਕਰੰਟ ਦਿੱਤਾ ਗਿਆ ਤਾਂ ਧਨਾਤਮਿਕ ਚਾਰਜ ਵਾਲੀਆਂ ਪਲੇਟਾਂ ਨੇ ਪੋਟਾਸ਼ੀਅਮ ਕਲੋਰਾਈਡ ਵਿੱਚੋਂ ਰਿਣਾਤਮਿਕ ਚਾਰਜ ਵਾਲੇ ਆਇਨ ਨੂੰ ਇਕੱਠਾ ਕਰ ਲਿਆ। ਹੁਣ ਕਿਉਂਕਿ ਝਿੱਲੀ ਨੇ ਪਲੇਟਾਂ ਦਰਮਿਆਨ ਚਾਰਜ ਵਾਲੇ ਆਇਨਾਂ ਦੀ ਅਦਲਾ-ਬਦਲੀ ਰੋਕ ਦਿੱਤੀ। ਚਾਰਜਾਂ ਦੀ ਇਸ ਅਲਹਿਦਗੀ ਨੇ ਇੱਕ ਬਿਜਲਈ-ਖੇਤਰ ਦਾ ਨਿਰਮਾਣ ਕੀਤਾ। ਸੁਪਰ-ਕਪੈਸਿਟਰ ਬਹੁਤ ਤੇਜ਼ੀ ਨਾਲ ਵੱਡੀ ਮਾਤਰਾ ਵਿੱਚ ਚਾਰਜ ਇਕੱਤਰ ਕਰ ਸਕਦੇ ਹਨ। ਇਸ ਨਾਲ ਇਹ ਉਪਕਰਣ ਰੁਕ-ਰੁਕ ਕੇ ਬਿਜਲੀ ਪੈਦਾ ਕਰਨ ਵਾਲੇ ਨਵਿਆਉਣਯੋਗ ਸਰੋਤ, ਜਿਵੇਂ— ਸੂਰਜ ਅਤੇ ਪੌਣ, ਤੋਂ ਮਿਲਣ ਵਾਲੀ ਵਾਧੂ ਬਿਜਲੀ ਦੇ ਭੰਡਾਰਨ ਵਿੱਚ ਉਪਯੋਗੀ ਹੋ ਸਕਦੇ ਹਨ। ਇਸ ਨਾਲ ਜਦੋਂ ਨਾ ਤਾਂ ਹਵਾ ਚੱਲ ਰਹੀ ਹੋਵੇ ਅਤੇ ਨਾ ਹੀ ਸੂਰਜ ਚਮਕ ਰਿਹਾ ਹੋਵੇ, ਉਸ ਦੌਰਾਨ ਬਿਜਲੀ ਦੇ ਗਰਿੱਡ ਤੋਂ ਕੁਝ ਭਾਰ ਹਲਕਾ ਹੋ ਸਕੇਗਾ। ਜਿਵੇਂ ਕਿ ਸਟੇਫਾਨੁਕ ਕਹਿੰਦੇ ਹਨ, "ਇੱਕ ਸਧਾਰਨ ਮਿਸਾਲ ਗਰਿੱਡ ਤੋਂ ਪਰ੍ਹੇ ਸੌਰ ਊਰਜਾ ਨਾਲ ਚੱਲਣ ਵਾਲਾ ਇੱਕ ਘਰ ਹੋਵੇਗਾ, ਜੋ ਦਿਨ ਵਿੱਚ ਸਿੱਧੀ ਸੌਰ ਊਰਜਾ ਵਰਤੇਗਾ ਅਤੇ ਨੀਹਾਂ ਵਿੱਚ ਭੰਡਾਰਨ ਕੀਤੀ ਬਿਜਲੀ ਰਾਤ ਨੂੰ ਵਰਤੀ ਜਾ ਸਕੇਗੀ।"

### ਕੀ ਚੁਣੌਤੀਆਂ ਹਨ?

ਸੁਪਰ-ਕਪੈਸਿਟਰ ਮੁਕੰਮਲ ਨਹੀਂ ਹਨ। ਮੌਜੂਦਾ ਮਾਡਲ ਬਹੁਤ ਜਲਦੀ ਬਿਜਲੀ ਗੁਆ ਦਿੰਦੇ ਹਨ ਅਤੇ ਬਿਜਲੀ ਦੇ ਟਿਕਵੇਂ ਵਹਾਅ ਲਈ ਢੁੱਕਵੇਂ ਨਹੀਂ ਹਨ। ਟਿਕਵੇਂ ਵਹਾਅ ਦੀ ਕਿਸੇ ਘਰ ਦੀ ਸਾਰੇ ਦਿਨ ਦੀ ਬਿਜਲੀ ਲੋੜ ਪੂਰੀ ਕਰਨ ਲਈ ਲੋੜ ਹੋਵੇਗੀ। ਸਟੇਫਾਨੁਕ ਅਤੇ ਉਨ੍ਹਾਂ ਦੇ ਸਹਿਕਰਮੀ ਇਸਦੇ ਹੱਲ ਲਈ ਯਤਨਸ਼ੀਲ ਹਨ। ਲੇਕਿਨ ਉਹ ਇਸ ਦੇ ਵੇਰਵੇ ਆਪਣਾ ਖੋਜ ਪੱਤਰ ਛਪ ਜਾਣ ਤੱਕ ਉਜਾਗਰ ਨਹੀਂ ਕਰਨਗੇ। ਹੋਰ ਚੁਣੌਤੀਆਂ ਵੀ ਹੋ ਸਕਦੀਆਂ ਹਨ। ਕਾਰਬਨ-ਬਲੈਕ ਦੀ ਮਾਤਰਾ ਵਧਾਉਣ ਨਾਲ ਸੁਪਰ-ਕਪੈਸਿਟਰ ਹੋਰ ਜ਼ਿਆਦਾ ਬਿਜਲੀ ਦਾ ਭੰਡਾਰਨ ਤਾਂ ਕਰ ਸਕੇਗਾ ਪਰ ਇਸ ਨਾਲ ਕੰਕਰੀਟ ਕੁਝ ਕਮਜ਼ੋਰ ਵੀ ਹੋ ਜਾਵੇਗਾ। ਇਸ ਲਈ ਖੋਜਕਾਰਾਂ ਲਈ ਕਾਰਬਨ-ਬਲੈਕ ਦੀ ਢੁੱਕਵੀਂ ਮਿਕਦਾਰ ਦਾ ਪਤਾ ਲਾਉਣਾ ਜ਼ਰੂਰੀ ਹੈ ਕਿਉਂਕਿ ਇਸ ਨੇ ਢਾਂਚੇ ਨੂੰ ਸੰਭਾਲਣਾ ਵੀ ਹੈ ਤੇ ਬਿਜਲੀ ਦਾ ਭੰਡਾਰਨ ਵੀ ਕਰਨਾ ਹੈ।

ਜਦਕਿ ਕਾਰਬਨ-ਸੀਮਿੰਟ ਦੇ ਸੁਪਰ-ਕਪੈਸੀਟਰ ਸਾਡੀ ਲੀਥੀਅਮ ਉੱਤੇ ਨਿਰਭਰਤਾ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਲੇਕਿਨ ਇਹ ਵਾਤਾਵਰਣ ਉੱਤੇ ਆਪਣੇ ਪ੍ਰਭਾਵ ਲੈ ਕੇ ਆਉਂਦੇ ਹਨ। ਸੀਮਿੰਟ ਉਤਪਾਦਨ ਮਨੁੱਖੀ ਸਰਗਰਮੀ ਕਾਰਨ ਹੋਣ ਵਾਲੀ 5-8% ਕਾਰਬਨ ਡਾਈਆਕਸਾਈਡ ਪੈਦਾ ਕਰਨ ਲਈ ਜ਼ਿੰਮੇਵਾਰ ਹੈ। ਸੁਪਰ-ਕਪੈਸਿਟਰਾਂ ਦੇ ਨਿਰਮਾਣ ਲਈ ਤਾਜ਼ਾ ਸੀਮਿੰਟ ਦੀ ਲੋੜ ਪਵੇਗੀ ਅਤੇ ਪਹਿਲਾਂ ਤੋਂ ਤਿਆਰ ਢਾਂਚਿਆਂ ਵਿੱਚ ਤਿਆਰ ਨਹੀਂ ਕੀਤਾ ਜਾ ਸਕੇਗਾ। ਫਿਰ ਵੀ ਮਾਈਕਲ ਸ਼ੌਰਟ ਕਹਿੰਦੇ ਹਨ ਕਿ ਇਹ ਖੋਜ ਇੱਕ ਉਮੀਦ ਜਗਾਉਂਦੀ ਹੈ। ਮਾਈਕਲ ਸ਼ੌਰਟ ਟੀਸਾਈਡ ਯੂਨੀਵਰਸਿਟੀ, ਬ੍ਰਿਟੇਨ ਵਿੱਚ ਸੈਂਟਰ ਫਾਰ ਸਸਟੇਨੇਬਲ ਇੰਜੀਨੀਅਰਿੰਗ ਦੇ ਮੁਖੀ ਹਨ। ਉਹ ਕਹਿੰਦੇ ਹਨ,"ਬਿਜਲੀ ਭੰਡਾਰਨ ਦੇ ਮਾਧਿਅਮ ਵਜੋਂ ਇਹ ਖੋਜ ਮਨੁੱਖ ਦੇ ਬਣਾਏ ਵਾਤਾਵਰਨ ਦੀ ਵਰਤੋਂ ਦੇ ਕਈ ਸੰਭਾਵਿਤ ਰਾਹ ਖੋਲ੍ਹਦੀ ਹੈ।" "ਸਮੱਗਰੀਆਂ ਵੀ ਆਮ ਹਨ ਅਤੇ ਉਤਪਾਦਨ ਵੀ ਸਰਲ ਹੈ, ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਪਹੁੰਚ ਦੀ ਹੋਰ ਜਾਂਚ ਹੋਣੀ ਚਾਹੀਦੀ ਹੈ, ਜੋ ਸੰਭਵ ਹੈ ਕਿ ਇੱਕ ਵਧੇਰੇ ਸਾਫ਼ ਅਤੇ ਹੰਢਣਸਾਰ ਭਵਿੱਖ ਵੱਲ ਜਾਣ ਦਾ ਇੱਕ ਉਪਯੋਗੀ ਹਿੱਸਾ ਹੋ ਸਕਦੀ ਹੈ।"

# ਹਰ ਕੋਈ ਆਪਣੇ-ਆਪ ਨੂੰ ਸਹੀ ਸਮਝਦਾ ਹੈ

ਗੱਲਾਂਬਾਤਾਂ ਕਰਦਿਆਂ ਅਸੀਂ ਇਕ ਕਹਾਵਤ ਵਰਗੀ ਗੱਲ ਜ਼ਰੂਰ ਸੁਣਦੇ ਰਹਿੰਦੇ ਹਾਂ ਕਿ ਸਿਰਜਣਹਾਰ ਨੇ ਇਨਸਾਨ ਨੂੰ ਪੈਦਾ ਕਰਨ ਸਮੇਂ ਉਸ ਦੇ ਕੰਨ ਵਿਚ ਫੂਕ ਮਾਰੀ ਹੁੰਦੀ ਹੈ ਕਿ ਤੇਰੇ ਜਿਹਾ ਸੋਹਣਾ ਤੇ ਸਿਆਣਾ ਦੁਨੀਆ 'ਤੇ ਹੋਰ ਕੋਈ ਨਹੀਂ ਹੈ। ਸੋਹਣੀ, ਹੌਸਲੇ ਅਤੇ ਸਵੈਮਾਣ ਵਾਲੀ ਜ਼ਿੰਦਗੀ ਜਿਊਣ ਲਈ ਇਹੋ ਜਿਹੀ ਕਹਾਵਤ 'ਤੇ ਮਾੜਾ-ਮੋਟਾ ਅਮਲ ਹੋਣਾ ਵੀ ਚਾਹੀਦਾ ਹੈ। ਜ਼ਿੰਦਗੀ ਦੇ ਤੱਤ-ਸਾਰ ਦਾ ਨਿਚੋੜ ਕੱਢਦਿਆਂ ਪੁਰਾਣੇ ਸਿਆਣੇ ਬਜ਼ੁਰਗਾਂ ਵੱਲੋਂ ਬਣਾਈਆਂ ਕਹਾਵਤਾਂ ਕਦੇ ਝੂਠੀਆਂ ਨਹੀਂ ਹੁੰਦੀਆਂ ਅਤੇ ਇਹ ਅਖਾਣ ਵੀ ਸੱਚਾਈ ਦੇ ਬਿਲਕੁਲ ਨੇੜੇ ਤੇੜੇ ਢੁੱਕਦਾ ਹੈ।

'ਮੈਂ' ਸ਼ਬਦ ਇਨਸਾਨ ਦੀ ਇਸ ਤਰ੍ਹਾਂ ਦੀ ਸੋਚ ਅਤੇ ਪ੍ਰਵਿਰਤੀ ਹੋਣ ਦਾ ਵੱਡਾ ਸਬੂਤ ਹੈ ਜੋ ਜ਼ਿੰਦਗੀ ਭਰ ਉਸ ਦੇ ਆਮ ਲੋਕਾਂ ਵਿਚ ਵਿਚਰਦਿਆਂ ਉਸ ਦੀ ਬੋਲਬਾਣੀ, ਚੱਜ-ਅਚਾਰ, ਮਿਲਣ-ਗਿਲਣ, ਤੁਰਨ-ਫਿਰਨ ਦੇ ਅੰਦਾਜ਼ ਤੋਂ ਹਮੇਸ਼ਾ ਦਿਸਦਾ ਰਹਿੰਦਾ ਹੈ। ਇਨਸਾਨ ਹਮੇਸ਼ਾ ਆਪਣੀ ਗੱਲ ਦੂਜਿਆਂ ਨੂੰ ਸੁਣਾਉਣ ਦਾ ਯਤਨ ਕਰਦਾ ਹੈ, ਦੂਜੇ ਦੀ ਗੱਲ ਸੁਣਨ ਲਈ ਬਹੁਤ ਘੱਟ ਕੋਸ਼ਿਸ਼ ਕਰਦਾ ਹੈ। ਜਦੋਂ ਉਹ ਇਕੱਲਾ ਵੀ ਸੋਚ-ਵਿਚਾਰ ਕਰ ਰਿਹਾ ਹੁੰਦਾ ਹੈ ਤਾਂ ਉਹ ਇਕੱਲਾ ਨਹੀਂ ਹੁੰਦਾ, ਉਸ ਦੇ ਆਪਣੇ ਅੰਦਰ ਹੀ ਇਕ ਹੋਰ ਸਹੀ ਰਾਇ ਦੇਣ ਵਾਲਾ ਸ਼ਖ਼ਸ ਬੈਠਾ ਹੁੰਦਾ ਹੈ ਪਰ ਉਹ ਆਪਣੇ ਹੀ ਉਸ ਅਦਿੱਖ ਚਿਹਰੇ ਦੀ ਵੀ ਗੱਲ ਜਾਂ ਰਾਇ ਸੁਣਨ ਲਈ ਤਿਆਰ ਨਹੀਂ ਹੁੰਦਾ ਹੈ।

ਜ਼ਿੰਦਗੀ ਵਿਚ ਕਿਸੇ ਵੀ ਕੰਮ ਲਈ ਪਹਿਲਾ ਕਦਮ ਪੁੱਟਦਿਆਂ ਉਸ ਦਾ ਆਪਣਾ ਹੀ ਮਨ ਉਸ ਨੂੰ ਸਹੀ ਰਾਇ ਦੇਣ ਲਈ ਕੋਸ਼ਿਸ਼ ਕਰਦਾ ਹੈ ਪਰ ਇਨਸਾਨ ਤੇ 'ਮੈਂ' ਐਨੀ ਭਾਰੂ ਹੁੰਦੀ ਹੈ ਕਿ ਉਹ ਆਪਣੇ ਮਨ ਨੂੰ ਵੀ ਸੱਚੀਆਂ-ਝੂਠੀਆਂ ਦਲੀਲਾਂ ਦੇ ਕੇ ਆਪਣੇ ਫ਼ੈਸਲੇ ਨੂੰ ਸਹੀ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ। ਕੋਈ ਵੀ ਇਨਸਾਨ ਕਦੇ ਵੀ ਸ਼ੀਸ਼ੇ ਅੱਗੇ ਖੜ੍ਹ ਕੇ ਆਪਣੀਆਂ ਅੱਖਾਂ 'ਚ ਅੱਖਾਂ ਪਾ ਕੇ ਆਪਣੇ ਹੀ ਅਕਸ ਦੀ ਸਹੀ ਦਲੀਲ ਸੁਣਨ ਤੇ ਮੰਨਣ ਦੀ ਕੋਸ਼ਿਸ਼ ਨਹੀਂ ਕਰਦਾ ਹੈ। ਕਦੇ ਵੀ ਆਪਣੀਆਂ ਅੱਖਾਂ ਬੰਦ ਕਰ ਕੇ ਸੱਚ-ਝੂਠ ਦਾ ਨਿਤਾਰਾ ਕਰਨ ਦੀ ਕੋਸ਼ਿਸ਼ ਨਹੀਂ ਕਰਦਾ ਹੈ ਸਗੋਂ ਆਪਣੇ ਹੀ ਅੰਦਰਲੇ ਇਕ ਵਿਅਕਤੀ ਵੱਲੋਂ ਦਿੱਤੀਆਂ ਸਲਾਹਾਂ ਨੂੰ ਨਕਾਰਦਾ ਹੋਇਆ ਆਪਣੀ 'ਮੈਂ' ਮੁਤਾਬਕ ਤੁਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਮਨੁੱਖੀ ਸੁਭਾਅ ਦਾ ਹਿੱਸਾ ਹੀ ਹੈ ਕਿ ਉਹ ਕਦੇ ਵੀ ਆਪਣੇ ਆਪ ਨੂੰ ਗਲਤ ਨਹੀਂ ਸਮਝਦਾ ਹੈ, ਕਦੇ ਵੀ ਕਿਸੇ ਦੂਸਰੇ ਨੂੰ ਸੱਚੇ ਦਿਲੋਂ ਸਹੀ ਮੰਨਣ ਲਈ ਤਿਆਰ ਨਹੀਂ ਹੁੰਦਾ ਹੈ। ਜੇ ਕਿਤੇ ਉਸਨੂੰ ਆਪਣੀ ਥੋੜੀ ਮੋਟੀ ਗ਼ਲਤੀ ਦਾ ਅਹਿਸਾਸ ਹੋਵੇ ਵੀ ਤਾਂ ਉਹ ਉਸ ਨੂੰ ਵੀ ਆਪਣੇ ਅਖੌਤੀ ਸੱਚ ਦੇ ਲੇਪ ਵਿਚ ਲਪੇਟ ਕੇ ਸੱਚਿਆਂ ਵਰਗੀ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ।

ਹਰ ਇਕੱਠ, ਪਰ੍ਹੇ ਪੰਚਾਇਤ, ਸਮਾਗਮ, ਮਹਿਫਲ ਵਿਚ ਵੀ ਉਹ ਆਪਣੀਆਂ ਗੱਲਾਂ ਜ਼ਿਆਦਾ ਸੁਣਾ ਕੇ ਅਤੇ ਦੂਸਰਿਆਂ ਦੀਆਂ ਘੱਟ ਸੁਣਨ ਵਾਲਾ ਵਿਹਾਰ ਕਰਦਾ ਹੈ। ਉਹ ਹਰ ਨਿੱਕੀ-ਵੱਡੀ ਗੱਲ ਦਾ, ਹਰ ਮਸਲੇ ਦਾ ਫ਼ੈਸਲਾ ਵੀ ਆਪਣੀ ਰਾਇ ਅਤੇ ਸੋਚ ਮੁਤਾਬਕ ਹੋਣਾ ਲੋਚਦਾ ਹੈ। ਇਨਸਾਨ ਨੂੰ ਦੂਸਰਿਆਂ ਵਿਚ ਗ਼ਲਤੀਆਂ ਕੱਢਣ ਦਾ ਮਾਲਕ ਵੱਲੋਂ ਆਪਣੇ-ਆਪ ਨੂੰ ਮਿਲਿਆ ਵਰਦਾਨ ਹੀ ਲੱਗਦਾ ਹੈ ਜਿਸ ਵਿਚ ਉਹ ਰੋਜ਼ਾਨਾ ਜ਼ਿੰਦਗੀ ਵਿਚ ਵਿਚਰਦਿਆਂ ਹੋਰ ਮੁਹਾਰਤ ਹਾਸਲ ਕਰ ਲੈਂਦਾ ਹੈ। ਜੇ ਕਿਸੇ ਇਨਸਾਨ ਨੂੰ ਰੋਜ਼ਾਨਾ ਜ਼ਿੰਦਗੀ ਦੇ ਇਕ ਦਿਨ ਲਈ ਲੋਕਾਂ ਨਾਲ ਵਿਚਰਦਿਆਂ ਲੋਕਾਂ ਦੀਆਂ ਗ਼ਲਤੀਆਂ ਕਾਗਜ਼ 'ਤੇ ਲਿਖ ਕੇ ਸੂਚੀ ਬਣਾਉਣ ਲਈ ਕਿਹਾ ਜਾਵੇ ਤਾਂ ਸ਼ਾਇਦ ਉਹ ਉਸ ਸੂਚੀ ਵਿਚ ਪੰਜਾਹ-ਸੌ ਵਿਅਕਤੀਆਂ ਦੀ ਗ਼ਲਤੀ ਦਾ ਇੰਦਰਾਜ ਕਰ ਸਕਦਾ ਹੈ ਪਰ ਜੇ ਉਸ ਨੂੰ ਦਿਨ ਭਰ ਵਿਚ ਆਪਣੀਆਂ ਗ਼ਲਤੀਆਂ ਦਾ ਵਰਣਨ ਕਰਨ ਅਤੇ ਲਿਖਣ ਲਈ ਕਿਹਾ ਜਾਵੇ ਤਾਂ ਸ਼ਾਇਦ ਉਹ ਕੋਰਾ ਕਾਗਜ਼ ਹੀ ਵਾਪਸ ਕਰ ਦੇਵੇਗਾ ਕਿਉਂਕਿ ਉਸ ਨੂੰ ਖ਼ੁਦ 'ਚ ਕਦੇ ਕੋਈ ਗ਼ਲਤੀ ਦਿਸਦੀ ਹੀ ਨਹੀਂ ਹੈ।

ਘਰਾਂ, ਪੰਚਾਇਤਾਂ, ਥਾਣਿਆਂ, ਤਹਿਸੀਲਾਂ, ਦਫ਼ਤਰਾਂ, ਅਦਾਲਤਾਂ 'ਚ ਰੋਜ਼ਾਨਾ ਹਜ਼ਾਰਾਂ ਲੋਕਾਂ ਦੀ ਹੁੰਦੀ ਖੱਜਲ-ਖੁਆਰੀ, ਸਮੇਂ ਅਤੇ ਧਨ ਦੀ ਬਰਬਾਦੀ ਦਾ ਕਾਰਨ ਵੀ ਮਨੁੱਖ ਦੀ ਆਪਣੀ ਗੱਲ, ਸੋਚ ਅਤੇ ਤੌਰ-ਤਰੀਕੇ ਨੂੰ ਸਹੀ ਮੰਨਣ ਦੀ ਪ੍ਰਵਿਰਤੀ ਹੀ ਹੈ। ਸਾਨੂੰ ਇਸ ਰੰਗਲੀ ਜ਼ਿੰਦਗੀ ਨੂੰ ਮਾਣਦਿਆਂ ਇਸ ਸੋਚ 'ਤੇ ਅਮਲ ਕਰਨਾ ਚਾਹੀਦਾ ਹੈ ਕਿ ਹਮੇਸ਼ਾ ਅਸੀਂ ਸਹੀ ਨਹੀਂ ਹੁੰਦੇ ਤੇ ਸਦਾ ਦੂਜਾ ਵਿਅਕਤੀ ਗ਼ਲਤ ਨਹੀਂ ਹੁੰਦਾ ਹੈ।

ਆਪਣੀ ਉੱਚੀ-ਸੁੱਚੀ ਸੋਚ ਹੋਣ ਦਾ ਨਕਾਬ ਲਾਹ ਕੇ ਵਿਚਰਦਿਆਂ ਸਾਹਮਣੇ ਵਾਲੇ ਦੀ ਗੱਲ ਵੀ ਦਲੀਲ ਨਾਲ ਸੁਣਨੀ ਚਾਹੀਦੀ ਹੈ। ਉਸ ਦੀ ਖ਼ੁਸ਼ੀ-ਗਮੀ, ਦੁੱਖ-ਤਕਲੀਫ਼, ਘਾਟੇ-ਵਾਧੇ, ਨਫ਼ੇ-ਨੁਕਸਾਨ, ਬੇਵੱਸੀ, ਮਜਬੂਰੀ ਨੂੰ ਆਪਣੀ ਜ਼ਿੰਦਗੀ ਦੇ ਨਜ਼ਰੀਏ ਤੋਂ ਵੇਖਣਾ ਤੇ ਵਿਚਾਰਨਾ ਚਾਹੀਦਾ ਹੈ। ਜਦੋਂ 'ਮੈਂ' ਨੂੰ ਵੱਖ ਕਰਦੇ ਹੋਏ ਦੁਨੀਆ ਦੀਆ ਨਜ਼ਰਾਂ ਨਾਲ ਖ਼ੁਦ ਨੂੰ ਵੇਖੋਗੇ, ਸ਼ੀਸ਼ੇ 'ਚ ਆਪਣੇ ਹੀ ਅਕਸ ਨਾਲ ਖੁੱਲ੍ਹੇ ਮਨ ਨਾਲ ਗੱਲਾਂ ਕਰੋਗੇ, ਅੱਖਾਂ ਬੰਦ ਕਰ ਕੇ ਰੂਹ ਨਾਲ ਗੱਲਾਂ ਕਰੋਗੇ ਤਾਂ ਇਹ ਆਪਣਾ ਸਾਰਾ ਪਰਿਵਾਰ, ਆਪਣੇ ਲੋਕ, ਇਹ ਸਮਾਜ, ਇਹ ਦੁਨੀਆ ਬੜੀ ਹੁਸੀਨ ਤੇ ਰੰਗੀਨ ਲੱਗੇਗੀ।

**-ਨਿਰਮਲ ਸਿੰਘ ਦਿਓਲ**

# ਅਜਿਹੀ ਚਿੱਪ ਜੋ ਸੁਪਰ ਕੰਪਿਊਟਰ ਨੂੰ ਵੀ ਪਿੱਛੇ ਛੱਡ ਦੇਵੇ

ਗੂਗਲ ਨੇ ਤਕਨੀਕੀ ਜਗਤ ਵਿੱਚ ਇੱਕ ਹੋਰ ਪੁਲਾਂਘ ਪੁੱਟਦਿਆਂ ਇੱਕ ਨਵੀਂ ਚਿੱਪ ਲੋਕ ਅਰਪਣ ਕੀਤੀ ਹੈ। ਗੂਗਲ ਦਾ ਦਾਅਵਾ ਹੈ ਕਿ ਇਸ ਚਿੱਪ ਨਾਲ ਇੱਕ ਅਜਿਹੀ ਸਮੱਸਿਆ ਨੂੰ ਹੱਲ ਕਰਨ ਵਿੱਚ ਪੰਜ ਮਿੰਟ ਲੱਗਦੇ ਹਨ ਜਿਸ ਨੂੰ ਹੱਲ ਕਰਨ ਵਿੱਚ ਵਰਤਮਾਨ ਵਿੱਚ ਮੌਜੂਦ ਦੁਨੀਆ ਦੇ ਸਭ ਤੋਂ ਤੇਜ਼ ਸੁਪਰ ਕੰਪਿਊਟਰਾਂ ਨੂੰ 10 ਸੈਪਟਿਲੀਅਨ ਯਾਨੀ 10,000,000,000,000,000, 000, 000, 000 ਸਾਲ ਦਾ ਸਮਾਂ ਲੱਗਦਾ ਹੈ। ਚਿੱਪ ਕੁਆਂਟਮ ਕੰਪਿਊਟਿੰਗ ਦੀ ਦੁਨੀਆਂ ਵਿੱਚ ਇੱਕ ਨਵੀਨਤਮ ਵਿਕਾਸ ਮੰਨੀ ਜਾ ਰਹੀ ਹੈ। ਕੁਆਂਟਮ ਕੰਪਿਊਟਿੰਗ ਜ਼ਰੀਏ ਮਾਹਿਰ ਭੌਤਿਕ ਵਿਗਿਆਨ ਦੇ ਸਿਧਾਂਤਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਇੱਕ ਨਵੀਂ ਕਿਸਮ ਦੇ ਦਿਮਾਗੀ ਤੌਰ 'ਤੇ ਸ਼ਕਤੀਸ਼ਾਲੀ ਕੰਪਿਊਟਰ ਤਿਆਰ ਕੀਤੇ ਜਾ ਸਕਣ। ਗੂਗਲ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਨਵੀਂ ਕੁਆਂਟਮ ਚਿੱਪ 'ਵਿਲੋ' ਆਉਣ ਵਾਲੇ ਸਮੇਂ ਵਿੱਚ ਗੁੰਝਲਦਾਰ ਸਮੀਕਰਨਾਂ ਨੂੰ ਤੇਜ਼ੀ ਨਾਲ ਹੱਲ ਕਰਨ ਵਾਲੇ ਕੁਆਂਨਟਮ ਕੰਪਿਊਟਰਾਂ ਲਈ ਕ੍ਰਾਂਤੀਕਾਰੀ ਤਰੀਕੇ ਨਾਲ ਰਾਹ ਤਿਆਰ ਕਰੇਗੀ।

ਹਾਲਾਂਕਿ ਮਾਹਰਾਂ ਦਾ ਕਹਿਣਾ ਹੈ ਕਿ ਹਾਲ ਦੀ ਘੜੀ ਵਿਲੋ ਦੀ ਵਰਤੋਂ ਨੂੰ ਸਮਝਣ ਲਈ ਪ੍ਰਯੋਗ ਕੀਤੇ ਜਾ ਰਹੇ ਹਨ ਅਤੇ ਹਾਲੇ ਕੁਆਂਟਮ ਕੰਪਿਊਅਰਾਂ ਨੂੰ ਵੱਡੇ ਪੱਧਰ ਉੱਤੇ ਦੁਨੀਆਂ ਲਈ ਕੰਮ ਕਰਨ ਵਿੱਚ ਕਈ ਸਾਲ ਅਤੇ ਲੱਖਾਂ ਡਾਲਰ ਲੱਗਣਗੇ।

### ਕੁਆਂਟਮ ਕੁਆਂਡਰੀ




ਕੁਆਂਟਮ ਕੰਪਿਊਟਰ, ਉਨ੍ਹਾਂ ਲੈਪਟਾਪਾਂ ਜਾਂ ਫ਼ੋਨਾਂ ਦੇ ਕੰਪਿਊਟਰਾਂ ਨਾਲੋਂ ਬੁਨਿਆਦੀ ਤੌਰ 'ਤੇ ਵੱਖਰੇ ਤਰੀਕੇ ਨਾਲ ਕੰਮ ਕਰਦੇ ਹਨ ਜਿਨ੍ਹਾਂ ਦੀ ਵਰਤੋਂ ਅਸੀਂ ਕਰਦੇ ਹਾਂ। ਕੁਆਂਟਮ ਮਕੈਨਿਕਸ ਬੇਹੱਦ-ਛੋਟੇ ਕਣਾਂ ਜ਼ਰੀਏ ਰਵਾਇਤੀ ਕੰਪਿਊਟਰਾਂ ਨਾਲੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਸਮੱਸਿਆਵਾਂ ਨੂੰ ਹੱਲ ਕਰਦੇ ਹਨ। ਇਹ ਉਮੀਦ ਕੀਤੀ ਜਾਂਦੀ ਹੈ ਕਿ ਕੁਆਂਟਮ ਕੰਪਿਊਟਰ ਜਲਦ ਹੀ ਉਹ ਸਮਰੱਥਾ ਹਾਸਲ ਕਰ ਲੈਣਗੇ ਜਿਸ ਨਾਲ ਗੁੰਝਲਦਾਰ ਪ੍ਰਕਿਰਿਆਵਾਂ ਨੂੰ ਤੇਜ਼ੀ ਨਾਲ ਹੱਲ ਕੀਤਾ ਜਾ ਸਕੇਗਾ ਜਿਵੇਂ ਕਿ ਕਿਸੇ ਬੀਮਾਰੀ ਲਈ ਨਵੀਆਂ ਦਵਾਈਆਂ ਤਿਆਰ ਕਰਨ ਦਾ ਕੰਮ। ਇਹ ਵੀ ਆਸ ਕੀਤੀ ਜਾਂਦੀਆਂ ਹੈ ਕਿ ਇਹ ਬੀਮਾਰੀਆਂ ਦੇ ਮਾਮਲੇ ਵਿੱਚ ਸੰਵੇਦਨਸ਼ੀਲ ਡਾਟਾ ਦੀ ਇਨਕ੍ਰਿਪਸ਼ਨ ਕਰਨ ਦੇ ਕੰਮ ਆਉਣਗੇ, ਜਿਸ ਰਾਹੀਂ ਡਾਟਾ ਸਿਰਫ਼ ਸਬੰਧਿਤ ਧਿਰਾਂ ਹੀ ਡੀਕੋਡ ਕਰ ਸਕਣ ਯਾਨੀ ਸਮਝ ਸਕਣ।

ਫ਼ਰਵਰੀ ਵਿੱਚ ਐਪਲ ਨੇ ਐਲਾਨ ਕੀਤੀ ਸੀ ਕਿ ਇਸਸਅਗਇ (ਆਈਮੈਸੇਜ) ਚੈਟਾਂ ਨੂੰ ਸੁਰੱਖਿਅਤ ਕਰਨ ਵਾਲੀ ਇਨਕ੍ਰਿਪਸ਼ਨ ਨੂੰ ਭਵਿੱਖ ਦੇ ਸ਼ਕਤੀਸ਼ਾਲੀ ਕੁਆਂਟਮ ਕੰਪਿਊਟਰਾਂ ਵੱਲੋਂ ਪੜ੍ਹੇ ਜਾਣ ਤੋਂ ਬਚਾਉਣ ਲਈ 'ਕੁਆਂਟਮ ਪਰੂਫ' ਬਣਾਇਆ ਜਾ ਰਿਹਾ ਹੈ। ਵਿਲੋ ਨੂੰ ਬਣਾਉਣ ਵਾਲੇ ਹਾਰਟਮਟ ਨੇਵਨ ਗੂਗਲ ਦੀ ਕੁਆਂਟਮ ਏਆਈ ਲੈਬ ਦੀ ਅਗਵਾਈ ਕਰ ਰਹੇ ਹਨ। ਉਹ ਇਸ ਪ੍ਰੋਜੈਕਟ ਲਈ ਕਾਫ਼ੀ ਆਸ਼ਾਵਾਦੀ ਹਨ। ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ ਕਿ ਵਿਲੋ ਦੀ ਵਰਤੋਂ ਕੁਝ ਪ੍ਰੈਕਟੀਕਲ ਐਪਲੀਕੇਸ਼ਨਾਂ ਵਿੱਚ ਕੀਤੀ ਜਾਵੇਗੀ। ਹਾਲਾਂਕਿ ਉਹ ਪ੍ਰੋਜੈਕਟ ਦੇ ਹੋਰ ਵੇਰਵੇ ਸਾਂਝੇ ਕਰਨ ਤੋਂ ਕੁਝ ਝਿਜਕੇ। ਉਨ੍ਹਾਂ ਦੱਸਿਆ ਕਿ ਇਸ ਚਿੱਪ ਨੂੰ ਵਪਾਰਕ ਐਪਲੀਕੇਸ਼ਨਾਂ ਦੇ ਕੰਮ ਕਰਨ ਦੇ ਯੋਗ ਬਣਾਉਣ ਵਿੱਚ ਹਾਲੇ ਵੀ ਇੱਕ ਦਹਾਕੇ ਦਾ ਸਮਾਂ ਲੱਗੇਗਾ। "ਸ਼ੁਰੂ ਵਿੱਚ ਇਹ ਐਪਲੀਕੇਸ਼ਨ ਉਨ੍ਹਾਂ ਸਿਸਟਮਜ਼ ਵਿੱਚ ਵਰਤੀਆਂ ਜਾਣਗੀਆਂ ਜਿੱਥੇ ਕੁਆਂਟਮ ਪ੍ਰਭਾਵ ਅਹਿਮ ਹੈ। ਉਦਾਹਰਣ ਵਜੋਂ, ਜਦੋਂ ਦਵਾਈਆਂ ਅਤੇ ਫ਼ਾਰਮਾਸਿਊਟੀਕਲ ਵਿਕਾਸ ਦੇ ਕੰਮਕਾਜ ਨੂੰ ਸਮਝਣ ਲਈ ਪ੍ਰਮਾਣੂ ਫਿਊਜ਼ਨ ਰਿਐਕਟਰਾਂ ਦੇ ਡਿਜ਼ਾਈਨ ਕਰਨ ਵਿੱਚ ਇਨ੍ਹਾਂ ਦੀ ਵਰਤੋਂ ਅਹਿਮ ਰੋਲ ਅਦਾ ਕਰੇਗੀ।" "ਇੰਨਾ ਹੀ ਨਹੀਂ ਬਿਹਤਰ ਕਾਰ ਬੈਟਰੀਆਂ ਨੂੰ ਵਿਕਸਤ ਕਰਨ ਵਿੱਚ ਵੀ ਇਹ ਮਹੱਤਵਪੂਰਨ ਭੂਮਿਕਾ ਨਿਭਾਉਣਗੇ ਅਤੇ ਅਜਿਹੇ ਕੰਮਾਂ ਦੀ ਲਿਸਟ ਕਾਫ਼ੀ ਲੰਬੀ ਹੈ।"

### ਕੁਆਂਟਮ ਕੰਪਿਊਟਿੰਗ ਕੀ ਹੈ?

ਵਿਲੋ ਦੀ ਕਾਰਗੁਜ਼ਾਰੀ ਬਾਰੇ ਦੱਸਦਿਆਂ ਇਸ ਨੂੰ ਹੁਣ ਤੱਕ ਦਾ ਸਭ ਤੋਂ ਵਧੀਆ ਕੁਆਂਟਮ ਪ੍ਰੋਸੈਸਰ ਦੱਸਿਆ ਸੀ। ਪਰ ਸਰੀ ਯੂਨੀਵਰਸਿਟੀ ਦੇ ਕੰਪਿਊਟਿੰਗ ਮਾਹਰ ਪ੍ਰੋਫੈਸਰ ਐਲਨ ਵੁੱਡਵਰਡ ਕਹਿੰਦੇ ਹਨ ਕਿ ਕੁਆਂਟਮ ਕੰਪਿਊਟਰ ਮੌਜੂਦਾ 'ਕਲਾਸੀਕਲ' ਕੰਪਿਊਟਰਾਂ ਨਾਲੋਂ ਕਈ ਕਾਰਜਾਂ ਵਿੱਚ ਬਿਹਤਰ ਹੋਣਗੇ, ਪਰ ਉਹ ਉਨ੍ਹਾਂ ਦੀ ਥਾਂ ਨਹੀਂ ਲੈਣਗੇ। ਉਹ ਇੱਕ ਸਿੰਗਲ ਟੈਸਟ ਦੇ ਆਧਾਰ ਉੱਤੇ ਵਿਲੋ ਦੇ ਗੁਣਗਾਣ ਸਬੰਧੀ ਚੇਤਾਵਨੀ ਦਿੰਦੇ ਹਨ। ਉਨ੍ਹਾਂ ਨੇ ਸੁਚੇਤ ਕਰਨ ਦੀ ਸੁਰ ਵਿੱਚ ਕਿਹਾ, "ਸੇਬ ਅਤੇ ਸੰਤਰਿਆਂ ਦੀ ਤੁਲਣਾ ਨਹੀਂ ਕੀਤੀ ਜਾ ਸਕਦੀ, ਬਲਕਿ ਸਾਵਧਾਨ ਰਹਿਣਾ ਚਾਹੀਦਾ ਹੈ।" ਪ੍ਰੋਫੈਸਰ ਐਲਨ ਕਹਿੰਦੇ ਹਨ, "ਗੂਗਲ ਨੇ ਕਾਰਗੁਜ਼ਾਰੀ ਦੇਖਣ ਲਈ ਇੱਕ ਸਮੱਸਿਆ ਚੁਣੀ ਜਿਸ ਨੂੰ ਹੱਲ ਕਰਨ ਲਈ 'ਇੱਕ ਕੁਆਂਟਮ ਕੰਪਿਊਟਰ ਤਿਆਰ' ਕੀਤਾ ਗਿਆ ਸੀ ਅਤੇ ਇਸ ਕੰਪਿਊਟਰ ਨੇ 'ਕਲਾਸੀਕਲ ਕੰਪਿਊਟਰਾਂ ਦੀ ਤੁਲਨਾ ਵਿੱਚ ਇੱਕ ਵਿਆਪਕ ਗਤੀ' ਦਾ ਪ੍ਰਦਰਸ਼ਨ ਨਹੀਂ ਕੀਤਾ ਹੈ।" "ਫਿਰ ਵੀ, ਉਨ੍ਹਾਂ ਨੇ ਕਿਹਾ ਕਿ ਵਿਲੋ ਇੱਕ ਗਿਣਨਯੋਗ ਤਰੱਕੀ ਨੂੰ ਦਰਸਾਉਂਦਾ ਹੈ।"

### ਗ਼ਲਤੀਆਂ ਦੀ ਸੰਭਾਵਨਾ

ਪ੍ਰੋਫੈਸਰ ਐਲਨ ਮੁਤਾਬਕ ਬਹੁਤ ਹੀ ਸਰਲ ਸ਼ਬਦਾਂ ਵਿੱਚ ਇੱਕ ਕੁਆਂਟਮ ਕੰਪਿਊਟਰ ਜਿੰਨਾ ਜ਼ਿਆਦਾ ਉਪਯੋਗੀ ਹੁੰਦਾ ਹੈ, ਓਨੇਂ ਹੀ ਜ਼ਿਆਦਾ ਕਿਊਬਿਟ ਹੁੰਦੇ ਹਨ। ਹਾਲਾਂਕਿ ਤਕਨਾਲੋਜੀ ਦੇ ਨਾਲ ਇੱਕ ਵੱਡੀ ਸਮੱਸਿਆ ਇਹ ਹੈ ਕਿ ਇੱਥੇ ਗ਼ਲਤੀਆਂ ਦੀ ਸੰਭਾਵਨਾ ਰਹਿੰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇੱਕ ਰੁਝਾਨ ਬਣ ਗਿਆ ਹੈ ਜਿਸ ਤਹਿਤ ਇੱਕ ਚਿੱਪ ਵਿੱਚ ਕਿਊਬਿਟਸ ਨੂੰ ਵਧਾ ਦਿੱਤਾ ਜਾਂਦਾ ਹੈ। ਪਰ ਗੂਗਲ ਖੋਜਕਰਤਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਤੱਥ ਨੂੰ ਉਲਟਾ ਦਿੱਤਾ ਹੈ ਅਤੇ ਇੰਜਨੀਅਰਿੰਗ ਜ਼ਰੀਏ ਨਵੀਂ ਚਿੱਪ ਨੂੰ ਇਸ ਤਰ੍ਹਾਂ ਪ੍ਰੋਗਰਾਮ ਕੀਤਾ ਹੈ ਕਿ ਕਿਊਬਿਟਸ ਦੀ ਗਿਣਤੀ ਵਧਣ ਦੇ ਨਾਲ ਸਾਰੇ ਸਿਸਟਮ ਵਿੱਚ ਗ਼ਲਤੀ ਦਰ ਘਟ ਜਾਵੇ।

ਨੇਵੇਨ ਦਾ ਮੰਨਣਾ ਹੈ ਕਿ ਇਹ ਇੱਕ ਵੱਡੀ ਪ੍ਰਾਪਤੀ ਸੀ ਜਿਸ ਨੇ ਇੱਕ ਪ੍ਰਮੁੱਖ ਚੁਣੌਤੀ ਨੂੰ ਸਰ ਕੀਤਾ ਹੈ। ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, "ਜੇ ਤੁਹਾਡੇ ਕੋਲ ਸਿਰਫ ਇੱਕ ਇੰਜਣ ਵਾਲਾ ਹਵਾਈ ਜਹਾਜ਼ ਹੈ ਤਾਂ ਇਹ ਕੰਮ ਕਰੇਗਾ, ਪਰ ਦੋ ਇੰਜਣ ਸੁਰੱਖਿਅਤ ਹਨ, ਚਾਰ ਇੰਜਣ ਸੁਰੱਖਿਆ ਨੂੰ ਹੋਰ ਵੀ ਮਜ਼ਬੂਤੀ ਦੇਣਗੇ। ਇਹ ਇੱਕ ਅਜਿਹਾ ਹੀ ਸਿਸਟਮ ਹੈ।"

ਪ੍ਰੋਫ਼ੈਸਰ ਵੁੱਡਵਰਡ ਨੇ ਕਿਹਾ ਤਰੁੱਟੀਆਂ ਵਧੇਰੇ ਸ਼ਕਤੀਸ਼ਾਲੀ ਕੁਆਂਟਮ ਕੰਪਿਊਟਰ ਬਣਾਉਣ ਵਿੱਚ ਇੱਕ ਵੱਡੀ ਰੁਕਾਵਟ ਹਨ ਅਤੇ ਮੌਜੂਦਾ ਪ੍ਰਾਪਤੀ ਪ੍ਰੈਕਟੀਕਲ ਕੁਆਂਟਮ ਕੰਪਿਊਟਰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਰ ਇੱਕ ਵਿਅਕਤੀ ਨੂੰ ਉਤਸ਼ਾਹਿਤ ਕਰਨ ਵਾਲਾ ਸੀ।" ਪਰ ਗੂਗਲ ਖ਼ੁਦ ਵੀ ਇਸ ਗੱਲ ਨੂੰ ਮੰਨਦਾ ਹੈ ਕਿ ਵਿਵਹਾਰਕ ਤੌਰ 'ਤੇ ਉਪਯੋਗੀ ਕੁਆਂਟਮ ਕੰਪਿਊਟਰਾਂ ਨੂੰ ਵਿਕਸਤ ਕਰਨ ਲਈ ਵਿਲੋ ਵੱਲੋਂ ਕੀਤੀਆਂ ਗਈਆਂ ਗ਼ਲਤੀਆਂ ਦੀ ਦਰ ਨੂੰ ਹੋਰ ਵੀ ਘਟਾਉਣ ਦੀ ਲੋੜ ਹੈ। ਵਿਲੋ ਨੂੰ ਕੈਲੀਫ਼ੋਰਨੀਆ ਵਿੱਚ ਗੂਗਲ ਦੇ ਨਵੇਂ ਨਿਰਮਾਣ ਪਲਾਂਟ ਵਿੱਚ ਬਣਾਇਆ ਗਿਆ ਸੀ। ਦੁਨੀਆ ਭਰ ਦੇ ਦੇਸ਼ ਕੁਆਂਟਮ ਕੰਪਿਊਟਿੰਗ ਵਿੱਚ ਨਿਵੇਸ਼ ਕਰ ਰਹੇ ਹਨ। ਯੂਕੇ ਨੇ ਹਾਲ ਹੀ ਵਿੱਚ ਨੈਸ਼ਨਲ ਕੁਆਂਟਮ ਕੰਪਿਊਟਿੰਗ ਸੈਂਟਰ ਲਾਂਚ ਕੀਤਾ ਹੈ।

ਇਸਦੇ ਨਿਰਦੇਸ਼ਕ, ਮਾਈਕਲ ਕਥਬਰਟ ਨੇ ਦੱਸਿਆ ਕਿ ਉਹ 'ਹਾਈਪ ਸਾਈਕਲ' ਨੂੰ ਵਧਾਉਣ ਵਾਲੀ ਭਾਸ਼ਾ ਪ੍ਰਤੀ ਜਾਗਰੂਕ ਸਨ ਅਤੇ ਸਮਝਦੇ ਸਨ ਕਿ ਵਿਲੋ 'ਮਹਿਜ਼ ਇੱਕ ਸਫਲਤਾ ਦੀ ਨਹੀਂ ਬਲਕਿ ਇੱਕ ਮੀਲ ਦਾ ਪੱਥਰ' ਹੈ। ਉਨ੍ਹਾਂ ਕਿਹਾ,"ਇਹ ਸਪੱਸ਼ਟ ਤੌਰ 'ਤੇ ਇੱਕ ਬਹੁਤ ਪ੍ਰਭਾਵਸ਼ਾਲੀ ਕੰਮ ਸੀ।" ਉਨ੍ਹਾਂ ਨੇ ਕਿਹਾ ਕਿ ਆਖ਼ਰਕਾਰ ਕੁਆਂਟਮ ਕੰਪਿਊਟਰ ਕਈ ਤਰ੍ਹਾਂ ਦੇ ਕੰਮਾਂ ਵਿੱਚ ਮਦਦ ਕਰਨਗੇ, ਜਿਸ ਵਿੱਚ 'ਲਾਜਿਸਟਿਕ ਸਮੱਸਿਆਵਾਂ ਜਿਵੇਂ ਕਿ ਏਅਰਕ੍ਰਾਫਟ ਦੇ ਕਿਰਾਏ ਦੀ ਵੰਡ ਜਾਂ ਦੂਰਸੰਚਾਰ ਸਿਗਨਲਾਂ ਦੀ ਰੂਟਿੰਗ' ਕਰਨ ਦਾ ਕੰਮ ਕਰਨਗੇ। ਯੂਕੇ ਵਿੱਚ ਪਹਿਲਾਂ ਹੀ 50 ਕੁਆਂਟਮ ਕੰਪਿਊਟਿੰਗ ਅਧਾਰਿਤ ਕਾਰੋਬਾਰ ਹਨ, ਜਿਨ੍ਹਾਂ ਵਿੱਚ 80 ਕਰੋੜ ਪੌਂਡ ਦੀ ਫ਼ੰਡਿੰਗ ਹੋਈ ਅਤੇ 1300 ਲੋਕਾਂ ਨੂੰ ਰੁਜ਼ਗਾਰ ਮਿਲਿਆ ਸੀ। ਸ਼ੁੱਕਰਵਾਰ ਨੂੰ, ਆਕਸਫੋਰਡ ਯੂਨੀਵਰਸਿਟੀ ਅਤੇ ਜਾਪਾਨ ਦੀ ਓਸਾਕਾ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਇੱਕ ਪੇਪਰ ਪ੍ਰਕਾਸ਼ਿਤ ਕੀਤਾ ਜੋ ਇੱਕ ਟਰੈਪਡ-ਆਓਨ ਕਿਊਬਿਟ ਵਿੱਚ ਬਹੁਤ ਘੱਟ ਗ਼ਲਤੀ ਦਰ ਨੂੰ ਦਰਸਾਉਂਦਾ ਹੈ। ਉਨ੍ਹਾਂ ਦੀ ਕੁਆਂਟਮ ਕੰਪਿਊਟਰ ਬਣਾਉਣ ਲਈ ਇੱਕ ਵੱਖਰੀ ਪਹੁੰਚ ਹੈ ਜੋ ਕਮਰੇ ਦੇ ਤਾਪਮਾਨ 'ਤੇ ਕੰਮ ਕਰਨ ਦੇ ਸਮਰੱਥ ਹੈ।

ਜਦੋਂ ਕਿ ਗੂਗਲ ਦੀ ਚਿੱਪ ਨੂੰ ਪ੍ਰਭਾਵਸ਼ਾਲੀ ਤੌਰ 'ਤੇ ਕੰਮ ਕਰਨ ਲਈ ਬੇਹੱਦ ਘੱਟ ਤਾਪਮਾਨ 'ਤੇ ਸਟੋਰ ਕਰਨਾ ਪੈਂਦਾ ਹੈ। ਗੂਗਲ ਦੇ ਵਿਲੋ ਦੇ ਵਿਕਾਸ ਦੀਆਂ ਵਿਗਿਆਨਕ ਖੋਜਾਂ 'ਨੇਚਰ' ਨਾਮ ਦੇ ਵਿੱਚ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

# ਆਨਲਾਈਨ ਸੱਟੇਬਾਜ਼ੀ ਦਾ ਵਧਦਾ ਜਾਲ

ਸਿਰਜਣਪਾਲ ਸਿੰਘ

ਪਿਛਲੇ ਦਿਨੀਂ ਮੈਂ ਇਕ ਪਤੀ-ਪਤਨੀ ਨੂੰ ਮਿਲਿਆ, ਜੋ ਤਲਾਕ ਦੀ ਮੁਸ਼ਕਲ ਪ੍ਰਕਿਰਿਆ 'ਚੋਂ ਗੁਜ਼ਰ ਰਹੇ ਹਨ। ਪਤੀ ਤੇ ਪਤਨੀ ਦੋਵੇਂ ਹੀ ਆਈਆਈਐੱਮ ਤੋਂ ਸਿੱਖਿਅਤ ਹਨ ਤੇ ਆਪਣੇ ਕਾਰਪੋਰੇਟ ਕਰੀਅਰ 'ਚ ਕਾਫ਼ੀ ਕਾਮਯਾਬ ਹਨ। ਜਦ ਮੈਂ ਉਨ੍ਹਾਂ ਨੂੰ ਵੱਖ ਹੋਣ ਦਾ ਕਾਰਨ ਪੁੱਛਿਆ ਤਾਂ ਜਵਾਬ ਸੁਣ ਕੇ ਹੈਰਾਨ ਹੋ ਗਿਆ। ਪਤੀ ਨੂੰ ਆਨਲਾਈਨ ਜੂਏ ਦੀ ਲਤ ਸੀ। ਉਸ ਨੇ ਆਪਣੇ 20 ਲੱਖ ਤੋਂ ਵੱਧ ਰੁਪਏ ਆਨਲਾਈਨ ਸੱਟੇਬਾਜ਼ੀ 'ਚ ਗੁਆ ਦਿੱਤੇ ਸਨ ਤੇ ਫਿਰ ਪਿਛਲੇ ਦੋ ਸਾਲਾਂ 'ਚ ਪਤਨੀ ਦੇ ਖਾਤੇ ਤੋਂ ਵੀ ਲੱਖਾਂ ਰੁਪਏ ਚੋਰੀ ਕਰ ਲਏ ਸਨ। ਸਭ ਕੁਝ ਤੀਨ-ਪੱਤੀ ਦੀ ਇਕ ਆਨਲਾਈਨ ਸੱਟੇਬਾਜ਼ੀ ਗੇਮ 'ਚ ਗੁਆਇਆ ਗਿਆ।

ਇਹ ਕੋਈ ਇੱਕਲਾ ਮਾਮਲਾ ਨਹੀਂ ਹੈ। ਅਜਿਹੀਆਂ ਕਈ ਮਿਸਾਲਾਂ ਹਨ, ਜਦ ਨੌਜਵਾਨ ਆਨਲਾਈਨ ਸੱਟੇਬਾਜ਼ੀ ਤੇ ਆਨਲਾਈਨ ਗੇਮਿੰਗ 'ਚ ਲੱਖਾਂ ਰੁਪਏ ਹਾਰ ਚੁੱਕੇ ਹਨ। ਕਈ ਮਾਮਲਿਆਂ 'ਚ ਆਪਣੇ ਭਵਿੱਖ ਲਈ ਕੋਈ ਉਮੀਦ ਨਾ ਦੇਖ ਕੇ ਉਨ੍ਹਾਂ ਨੇ ਖ਼ੁਦਕੁਸ਼ੀ ਤੱਕ ਕਰ ਲਈ। ਇਹ ਸਮੱਸਿਆ ਪਿੰਡ ਤੇ ਸ਼ਹਿਰ, ਦੋਵਾਂ ਹੀ ਥਾਵਾਂ 'ਤੇ ਆਪਣੀਆਂ ਜੜ੍ਹਾਂ ਜਮਾ ਚੁੱਕੀ ਹੈ। ਭਾਰਤ 'ਚ ਹੁਣ ਆਨਲਾਈਨ ਸੱਟੇਬਾਜ਼ੀ ਦਾ ਬਾਜ਼ਾਰ 25,000 ਕਰੋੜ ਰੁਪਏ ਸਾਲਾਨਾ ਦਾ ਹੋ ਚੁੱਕਾ ਹੈ। ਆਨਲਾਈਨ ਗੇਮਿੰਗ ਉਦਯੋਗ ਦਾ ਬਾਜ਼ਾਰ ਵੀ ਲਗਪਗ ਏਨਾ ਹੀ ਵੱਡਾ ਹੈ। ਤੁਲਨਾਤਮਕ ਤੌਰ 'ਤੇ ਦੇਖੀਏ ਤਾਂ ਆਨਲਾਈਨ ਸੱਟੇਬਾਜ਼ੀ ਤੇ ਆਨਲਾਈਨ ਗੇਮਿੰਗ 'ਤੇ ਹਰ ਸਾਲ ਅਸੀਂ ਲਗਪਗ 50,000 ਕਰੋੜ ਰੁਪਏ ਖ਼ਰਚ ਕਰਦੇ ਹਾਂ ਤੇ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਅੰਕੜਾ ਪੂਰੇ ਭਾਰਤ ਦੇ ਉੱਚ ਸਿੱਖਿਆ ਬਜਟ ਤੋਂ ਵੀ ਵੱਧ ਹੈ।




ਆਨਲਾਈਨ ਸੱਟੇਬਾਜ਼ੀ ਨੂੰ ਅਸੀਂ ਤਿੰਨ ਤਰ੍ਹਾਂ ਦੇਖ ਸਕਦੇ ਹਾਂ। ਪਹਿਲਾ ਆਨਲਾਈਨ ਕਸੀਨੋ। ਇੱਥੇ ਕਸੀਨੋ ਵਾਂਗ ਤਾਸ਼ ਤੇ ਹੋਰ ਤਰ੍ਹਾਂ ਨਾਲ ਘਰ ਬੈਠੇ ਮੋਬਾਈਲ ਜਾਂ ਕੰਪਿਊਟਰ ਨਾਲ ਜੂਆ ਖੇਡਿਆ ਜਾ ਸਕਦਾ ਹੈ। ਦੂਜੀ ਤਰੀਕੇ 'ਚ ਫੈਂਟੇਸੀ ਲੀਗ ਗੇਮਜ਼, ਜਿੱਥੇ ਕ੍ਰਿਕਟ, ਫੁੱਟਬਾਲ ਤੇ ਹੋਰ ਪ੍ਰਸਿੱਧ ਖੇਡਾਂ ਦੇ ਨਤੀਜਿਆਂ 'ਤੇ ਲੋਕ ਸੱਟਾ ਲਾ ਸਕਦੇ ਹਨ। ਤੀਜਾ ਤਰੀਕਾ ਹੈ ਉਹ ਸਾਧਾਰਨ ਆਨਲਾਈਨ ਗੇਮਜ਼, ਜਿਨ੍ਹਾਂ 'ਤੇ ਯੂਜ਼ਰ ਆਪਸ 'ਚ ਪੈਸੇ ਲਾ ਸਕਦੇ ਹਨ। ਇਸ ਸ਼੍ਰੇਣੀ 'ਚ ਲੂਡੋ, ਬਿਲੀਅਰਡ, ਤੀਨ ਪੱਤੀ ਵਰਗੀਆਂ ਆਸਾਨ ਖੇਡਾਂ ਨੂੰ ਜੂਏ ਦੇ ਰੰਗ 'ਚ ਰੰਗ ਦਿੱਤਾ ਜਾਂਦਾ ਹੈ। ਭਾਰਤ 'ਚ ਆਨਲਾਈਨ ਸੱਟੇਬਾਜ਼ੀ ਤੇ ਜੂਏ ਦੇ ਏਨੇ ਵੱਡੇ ਪੱਧਰ 'ਤੇ ਵਧਣ ਦਾ ਕਾਰਨ ਕੀ ਹੈ? ਪਹਿਲਾ ਇਹ ਕਿ ਆਨਲਾਈਨ ਜੂਆ ਖੇਡਦੇ ਸਮੇਂ ਵਿਅਕਤੀ ਪਰਦੇ ਦੇ ਪਿੱਛੇ ਇਕ ਅਣਜਾਣ ਸ਼ਖ਼ਸ ਬਣ ਕੇ ਜੂਆ ਖੇਡਦਾ ਹੈ। ਉਸ ਨੂੰ ਆਪਣੀ ਪਛਾਣ ਜਨਤਕ ਹੋਣ ਦਾ ਕੋਈ ਸ਼ੱਕ ਨਹੀਂ ਰਹਿੰਦਾ।

ਸਾਡੇ ਸਮਾਜ 'ਚ ਜੂਆ ਖੇਡਣਾ ਚੰਗਾ ਨਹੀਂ ਮੰਨਿਆ ਜਾਂਦਾ ਤੇ ਇਸ ਲਈ ਲੋਕ ਸ਼ਰੇਆਮ ਜੂਆ ਖੇਡਣ ਤੋਂ ਸੰਕੋਚ ਕਰਦੇ ਹਨ, ਪਰ ਜਦ ਕੋਈ ਆਪਣੇ ਮੋਬਾਈਲ ਫੋਨ ਰਾਹੀਂ ਸੱਟਾ ਖੇਡਦਾ ਹੈ ਤਾਂ ਆਲੇ-ਦੁਆਲੇ ਕਿਸੇ ਨੂੰ ਪਤਾ ਨਹੀਂ ਲਗਦਾ। ਦੂਜਾ ਕਾਰਨ ਇਹ ਹੈ ਕਿ ਆਨਲਾਈਨ ਸੱਟੇ ਨੂੰ ਸੰਚਾਲਿਤ ਕਰਨ ਵਾਲੀਆਂ ਕੰਪਨੀਆਂ ਬਹੁਤ ਸੰਗਠਿਤ ਤੇ ਸਮਰੱਥ ਤਰੀਕੇ ਨਾਲ ਆਪਣੇ ਮਾਇਆਜਾਲ 'ਚ ਲੋਕਾਂ ਨੂੰ ਫਸਾਉਂਦੀਆਂ ਹਨ। ਆਲਮ ਇਹ ਹੈ ਕਿ ਇਹ ਕੰਪਨੀਆਂ ਘਰੇਲੂ ਔਰਤਾਂ ਤੇ ਕਾਲਜ ਜਾਣ ਵਾਲੇ ਨੌਜਵਾਨਾਂ ਨੂੰ ਸੱਟਾ ਖੇਡ ਕੇ ਪਰਿਵਾਰ 'ਚ ਇਕ ਕਮਾਊ ਮੈਂਬਰ ਬਣਨ ਦਾ ਕਹਿ ਕੇ ਧੋਖਾ ਦਿੰਦੀਆਂ ਹਨ। ਉਂਜ ਇਹ ਕੰਪਨੀਆਂ ਹੁਣ ਕਾਫ਼ੀ ਵੱਡੀਆਂ ਹੋ ਚੁੱਕੀਆਂ ਹਨ, ਇਸ ਲਈ ਮੋਟੀ ਰਕਮ ਦੇ ਕੇ ਸਿਨੇਮਾ ਤੇ ਕ੍ਰਿਕਟ ਜਗਤ ਤੋਂ ਵੱਡੇ-ਵੱਡੇ ਸਟਾਰਾਂ ਨੂੰ ਇਸ਼ਤਿਹਾਰਾਂ 'ਚ ਦਿਖਾ ਕੇ ਲੋਕਾਂ ਨੂੰ ਇਸ ਲਤ 'ਚ ਘਸੀਟਦੀਆਂ ਜਾ ਰਹੀਆਂ ਹਨ। ਅਜੀਬ ਗੱਲ ਇਹ ਹੈ ਕਿ ਇਸ 'ਤੇ ਕੋਈ ਰੋਕ-ਟੋਕ ਨਹੀਂ ਲੱਗ ਪਾ ਰਹੀ ਹੈ। ਕੰਪਨੀਆਂ ਸਿਰਫ਼ ਇਹ ਦੱਸ ਕੇ ਫ਼ਰਜ਼ ਦੀ ਪੂਰਤੀ ਕਰ ਲੈਂਦੀਆਂ ਹਨ ਕਿ ਇਸ ਖੇਡ 'ਚ ਆਰਥਕ ਜੋਖ਼ਮ ਹੈ ਤੇ ਇਸ ਦੀ ਲਤ ਲੱਗ ਸਕਦੀ ਹੈ।

ਤੀਜਾ ਕਾਰਨ ਸਭ ਤੋਂ ਵੱਡਾ ਹੈ। ਆਨਲਾਈਨ ਸੱਟੇਬਾਜ਼ੀ ਨੂੰ ਰੋਕਣ ਦਾ ਕਾਨੂੰਨ ਨਾ ਸਿਰਫ਼ ਕਮਜ਼ੋਰ ਹੈ, ਬਲਕਿ ਅਸਪੱਸ਼ਟ ਵੀ ਹੈ। ਭਾਰਤ 'ਚ ਜੂਏ ਨੂੰ ਕੰਟਰੋਲ ਕਰਨ ਵਾਲਾ ਕਾਨੂੰਨ ਪਬਲਿਕ ਗੈਂਬਲਿੰਗ ਐਕਟ 1867 ਦਾ ਬਣਿਆ ਹੋਇਆ ਹੈ। ਇਸ ਤਹਿਤ ਜੂਆ ਖੇਡਣ ਤੇ ਖਿਡਾਉਣ ਵਾਲਿਆਂ 'ਤੇ ਪੁਲਿਸ ਤੇ ਪ੍ਰਸ਼ਾਸਨ ਸਖ਼ਤ ਕਾਰਵਾਈ ਕਰ ਸਕਦੇ ਹਨ। ਇਸ ਕਾਨੂੰਨ 'ਚ ਜੂਏ ਦੀ ਪਰਿਭਾਸ਼ਾ ਨੂੰ ਲੈ ਕੇ ਭੰਬਲਭੂਸਾ ਹੈ, ਕਿਉਂਕਿ ਇਹ 'ਗੇਮ ਆਫ ਸਕਿਲ' ਤੇ 'ਗੇਮ ਆਫ ਚਾਂਸ' ਨੂੰ ਵੱਖ-ਵੱਖ ਮੰਨਦਾ ਹੈ। ਗੇਮ ਆਫ ਸਕਿਲ 'ਚ ਸ਼ਤਰੰਜ ਵਰਗੀਆਂ ਖੇਡਾਂ ਹਨ, ਜਿਸ 'ਚ ਯੋਗਤਾ ਦਾ ਇਸਤੇਮਾਲ ਹੁੰਦਾ ਹੈ। ਇਸ ਦੇ ਉਲਟ ਉਹ ਖੇਡ, ਜਿਨ੍ਹਾਂ 'ਚ ਪਾਸੇ ਜਾਂ ਲਾਟਰੀ ਇਸਤੇਮਾਲ ਕੀਤੀ ਜਾਂਦੀ ਹੈ ਤੇ ਜੋ ਪੂਰੀ ਤਰ੍ਹਾਂ ਕਿਸਮਤ 'ਤੇ ਆਧਾਰਤ ਹੈ, ਉਸ ਨੂੰ 'ਗੇਮ ਆਫ ਚਾਂਸ' ਕਿਹਾ ਜਾਂਦਾ ਹੈ।

ਕਿਸਮਤ ਤੇ ਯੋਗਤਾ ਵਿਚਾਲੇ ਦੀ ਇਹ ਲਕੀਰ ਅਸਪੱਸ਼ਟ ਹੈ ਤੇ ਆਨਲਾਈਨ ਯੁਗ 'ਚ ਇਹ ਹੋਰ ਵੀ ਪੇਚੀਦਾ ਹੋ ਚੁੱਕੀ ਹੈ। ਇਸੇ ਅਸਪੱਸ਼ਟਤਾ ਦਾ ਲਾਭ ਉਠਾਉਂਦੇ ਹੋਏ ਭਾਰਤ 'ਚ ਦੇਖਦੇ ਹੀ ਦੇਖਦੇ ਆਨਲਾਈਨ ਸੱਟੇਬਾਜ਼ੀ ਨੇ ਆਪਣੇ ਪੈਰ ਪਸਾਰ ਲਏ ਹਨ। ਆਨਲਾਈਨ ਸੱਟੇਬਾਜ਼ੀ ਦੀਆਂ ਕੰਪਨੀਆਂ ਦੇ ਪਿੱਛੇ ਕਈ ਵਾਰ ਚੀਨ ਤੋਂ ਵੱਡੀ ਮਾਤਰਾ 'ਚ ਨਿਵੇਸ਼ ਹੋਇਆ ਹੈ। ਅਜਿਹੀਆਂ ਅਨੇਕਾਂ ਕੰਪਨੀਆਂ ਦੇਸ਼ ਦੇ ਬਾਹਰ ਸਰਗਰਮ ਹਨ।

ਆਨਲਾਈਨ ਸੱਟੇਬਾਜ਼ੀ ਦੀ ਲਤ ਜਿਸ ਤਰ੍ਹਾਂ ਲੋਕਾਂ ਨੂੰ ਆਪਣੇ ਜਾਲ 'ਚ ਫਸਾ ਰਹੀ ਹੈ, ਉਹ ਸਰਕਾਰ ਤੇ ਸਮਾਜ ਲਈ ਡੂੰਘੀ ਚਿੰਤਾ ਦਾ ਵਿਸ਼ਾ ਬਣਨਾ ਚਾਹੀਦਾ ਹੈ। ਇਸ ਮੁਸ਼ਕਲ ਦਾ ਹੱਲ ਕੀ ਹੋ ਸਕਦਾ ਹੈ? ਸਭ ਤੋਂ ਪਹਿਲਾਂ ਸਾਨੂੰ ਜੂਏ ਨੂੰ ਕਾਬੂ ਕਰਨ ਵਾਲੇ ਕਾਨੂੰਨ ਨੂੰ ਅੱਜ ਦੇ ਆਨਲਾਈਨ ਹਾਲਾਤ ਦੇ ਮੁਤਾਬਕ ਢਾਲਣਾ ਪਵੇਗਾ ਤੇ ਅਜਿਹੇ ਉਪਾਅ ਕਰਨੇ ਪੈਣਗੇ ਕਿ ਜਿਸ ਨਾਲ ਆਨਲਾਈਨ ਸੱਟੇਬਾਜ਼ੀ ਵਾਲੀਆਂ ਕੰਪਨੀਆਂ ਮਨਮਰਜ਼ੀ ਨਾ ਕਰ ਸਕਣ। ਫ਼ਿਲਹਾਲ ਉਨ੍ਹਾਂ 'ਤੇ ਕੋਈ ਅਸਰਦਾਰ ਰੋਕ-ਟੋਕ ਨਹੀਂ ਹੈ। ਸਾਨੂੰ ਬੱਚਿਆਂ ਤੇ ਨੌਜਵਾਨਾਂ ਨੂੰ ਕਿਸੇ ਵੀ ਤਰ੍ਹਾਂ ਦੇ ਆਨਲਾਈਨ ਸੱਟੇ ਤੋਂ ਬਿਲਕੁਲ ਦੂਰ ਰੱਖਣਾ ਪਵੇਗਾ। ਆਨਲਾਈਨ ਗੇਮਜ਼ ਜਾਂ ਸੱਟੇ 'ਚ ਕਿੰਨਾ ਪੈਸਾ ਲਗ ਸਕਦਾ ਹੈ, ਇਸ 'ਤੇ ਕੰਟਰੋਲ ਜ਼ਰੂਰੀ ਹੈ।

ਆਨਲਾਈਨ ਗੇਮਜ਼ ਮਨੋਰੰਜਨ ਦਾ ਸ੍ਰੋਤ ਹੋ ਸਕਦੀਆਂ ਹਨ, ਪਰ ਉਨ੍ਹਾਂ ਨੂੰ ਆਮਦਨ ਦਾ ਸਾਧਨ ਨਹੀਂ ਬਣਾਇਆ ਜਾ ਸਕਦਾ। ਇਹ ਸਮਝਿਆ ਜਾਣਾ ਚਾਹੀਦਾ ਹੈ ਕਿ ਆਨਲਾਈਨ ਸੱਟੇ 'ਚ ਸਦਾ ਸੱਟਾ ਖਿਡਾਉਣ ਵਾਲਾ ਹੀ ਜਿੱਤਦਾ ਹੈ। ਆਨਲਾਈਨ ਸੱਟੇਬਾਜ਼ੀ ਦੇ ਵਧਦੇ ਚਲਨ ਨੂੰ ਦੇਖਦੇ ਹੋਏ ਸਕੂਲਾਂ 'ਚ ਉਸ ਪ੍ਰਤੀ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ। ਉਹ ਲੋਕ ਜੋ ਆਪਣੇ ਆਪ ਨੂੰ ਜਾਂ ਆਪਣੇ ਪਰਿਵਾਰ ਦੇ ਲੋਕਾਂ ਨੂੰ ਸੱਟਾ ਖੇਡਣ ਦੀ ਆਦਤ ਦੇ ਆਦੀ ਪਾ ਰਹੇ ਹਨ, ਉਨ੍ਹਾਂ ਲਈ ਐਕਸਪਟਰ ਹੈਲਪਲਾਈਨ ਵਰਗੀਆਂ ਸਹੂਲਤਾਂ ਗ਼ੈਰ ਸਰਕਾਰੀ ਸੰਗਠਨਾਂ ਦੇ ਰਾਹੀਂ ਮੁਹੱਈਆ ਕਰਵਾਈਆਂ ਜਾਣੀਆਂ ਜ਼ਰੂਰੀ ਹੋ ਗਈਆਂ ਹਨ, ਤਾਂ ਜੋ ਉਨ੍ਹਾਂ ਨੂੰ ਸਮਾਂ ਰਹਿੰਦੇ ਬਚਾਇਆ ਜਾ ਸਕੇ।

ਕਈ ਮਾਮਲਿਆਂ 'ਚ ਇਹ ਦੇਖਣ 'ਚ ਆ ਰਿਹਾ ਹੈ ਕਿ ਬੱਚੇ ਆਨਲਾਈਨ ਗੇਮਜ਼ ਖੇਡਦੇ-ਖੇਡਦੇ ਸੱਟੇਬਾਜ਼ੀ ਤੱਕ ਪੁੱਜ ਜਾਂਦੇ ਹਨ ਤੇ ਪਰਿਵਾਰਕ ਮੈਂਬਰਾਂ ਨੂੰ ਜਦ ਤੱਕ ਪਤਾ ਲਗਦਾ ਹੈ, ਤਦ ਤੱਕ ਨੁਕਸਾਨ ਹੋ ਚੁੱਕਾ ਹੁੰਦਾ ਹੈ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਜੂਏ ਨੂੰ ਨਸ਼ੇ ਤੋਂ ਵੀ ਮਾੜੀ ਲਤ ਦੱਸਿਆ ਸੀ, ਕਿਉਂਕਿ ਜੂਏ ਨਾਲ ਹੋਣ ਵਾਲਾ ਨੁਕਸਾਨ ਸਥਾਈ ਹੁੰਦਾ ਹੈ ਤੇ ਪਰਿਵਾਰ ਅਤੇ ਸਮਾਜ, ਦੋਵਾਂ ਨੂੰ ਖੋਖਲਾ ਕਰਦਾ ਹੈ। ਅੱਜ ਉਸੇ ਸਮਾਜਿਕ ਬੁਰਾਈ ਨੂੰ ਆਨਲਾਈਨ ਸੱਟੇਬਾਜ਼ੀ ਦੇ ਰੂਪ 'ਚ ਮੋਬਾਈਲ ਤੇ ਕੰਪਿਊਟਰ ਰਾਹੀਂ ਇਕ ਚਮਕੀਲੇ ਕਵਰ 'ਚ ਪੇਸ਼ ਕੀਤਾ ਜਾ ਰਿਹਾ ਹੈ। ਦੇਸ਼ ਨੂੰ ਇਸ ਤੋਂ ਬਚਾਉਣ ਦੀ ਲੋੜ ਹੈ।

# ਅਗਿਆਨਤਾ ਤੋਂ ਮੁਕਤੀ ਪਾਉਣੀ ਹੈ ਬੇਹੱਦ ਜ਼ਰੂਰੀ

ਅਸੀਂ ਆਪਣੇ ਜੀਵਨ 'ਚ ਬਾਹਰ ਦੀ ਦੁਨੀਆ ਵਿਚ ਖ਼ੁਸ਼ੀ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜਿਸ ਵਾਸਤੇ ਅਸੀਂ ਆਪਣਾ ਜ਼ਿਆਦਾਤਰ ਸਮਾਂ ਧਨ-ਦੌਲਤ ਇਕੱਠੀ ਕਰਨ, ਮਾਣ-ਸਨਮਾਨ ਹਾਸਲ ਕਰਨ ਅਤੇ ਸਰੀਰ ਨੂੰ ਸਿਹਤਮੰਦ ਰੱਖਣ 'ਚ ਲਗਾ ਦਿੰਦੇ ਹਾਂ ਪਰ ਇਹ

ਸੰਤ ਰਾਜਿੰਦਰ ਸਿੰਘ

ਸਭ ਕਰਨ ਦੇ ਬਾਵਜੂਦ ਅਸੀਂ ਅੰਦਰੋਂ ਖ਼ੁਸ਼ ਨਹੀਂ ਹੋ ਪਾਉਂਦੇ। ਸੰਤ-ਮਹਾਪੁਰਖ ਸਾਨੂੰ ਸਮਝਾਉਂਦੇ ਹਨ ਕਿ ਸੱਚੀ ਖ਼ੁਸ਼ੀ ਕਿਤੇ ਬਾਹਰ ਨਹੀਂ ਬਲਕਿ ਸਾਡੇ ਅੰਦਰ ਹੈ। ਇਹ ਸੱਚੀ ਖ਼ੁਸ਼ੀ ਸਾਡੀ ਆਤਮਾ, ਮਨ, ਸਰੀਰ ਤੇ ਸੰਸਾਰ ਦੀ ਮੋਹ-ਮਾਇਆ ਦੀਆਂ ਪਰਤਾਂ ਨਾਲ ਢਕੀ ਹੋਈ ਹੈ, ਇਸ ਗੱਲ ਤੋਂ ਅਸੀਂ ਅਣਜਾਣ



ਹਾਂ। ਇਸ ਅਗਿਆਨਤਾ ਨੂੰ ਦੂਰ ਕਰਨ ਲਈ ਅਸੀਂ ਸੰਤਾਂ-ਮਹਾਪੁਰਖਾਂ ਦੀਆਂ ਸਿੱਖਿਆਵਾਂ ਦਾ ਆਸਰਾ ਲੈ ਸਕਦੇ ਹਨ ਜੋ ਕਿ ਧਾਰਮਿਕ ਪੁਸਤਕਾਂ 'ਚ ਲਿਖਿਆ ਹੋਇਆ ਹੈ। ਉਹ ਸਾਨੂੰ ਸਮਝਾਉਂਦੇ ਹਨ ਕਿ ਪ੍ਰਭੂ ਜੋ ਕਿ ਸੱਚ, ਚੇਤਨਤਾ ਅਤੇ ਆਨੰਦ ਦਾ ਮਹਾਸਾਗਰ ਹੈ, ਨੇ ਇਹ ਸ੍ਰਿਸ਼ਟੀ ਸਾਜੀ ਹੈ। ਉਸ ਨੇ ਆਪਣੇ ਅੰਸ਼ਾਂ ਨੂੰ ਖ਼ੁਦ ਨਾਲੋਂ ਅਲੱਗ ਕੀਤਾ ਜਿਨ੍ਹਾਂ ਨੂੰ ਅਸੀਂ ਰੂਹਾਂ ਕਹਿੰਦੇ ਹਾਂ ਅਤੇ ਉਨ੍ਹਾਂ ਨੂੰ ਇਸ ਭੌਤਿਕ ਸ੍ਰਿਸ਼ਟੀ ਵਿਚ ਰਹਿਣ ਲਈ ਭੇਜ ਦਿੱਤਾ। ਜਦ ਆਤਮਾ ਇਸ ਸੰਸਾਰ ਵਿਚ ਆਉਂਦੀ ਹੈ ਤਾਂ ਇੱਥੇ ਕਾਰ-ਵਿਹਾਰ ਲਈ ਇਸ ਨੂੰ ਇਕ ਭੌਤਿਕ ਸਰੀਰ ਅਤੇ ਮਨ ਦਿੱਤਾ ਜਾਂਦਾ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਸਾਡੀ ਆਤਮਾ ਦੇ ਵੱਸ ਵਿਚ ਸਰੀਰ ਅਤੇ ਮਨ ਹੁੰਦਾ ਹੈ ਪਰ ਬਦਕਿਸਮਤੀ ਨਾਲ ਉਲਟਾ ਹੋ ਗਿਆ ਹੈ। ਆਤਮਾ, ਸਰੀਰ ਅਤੇ ਮਨ ਨਾਲ ਲਿਪਤ ਹੋ ਕੇ ਉਨ੍ਹਾਂ ਦਾ ਰੂਪ ਬਣ ਬੈਠੀ ਹੈ ਅਤੇ ਆਪਣੇ-ਆਪ ਨੂੰ ਭੁੱਲ ਗਈ ਹੈ। ਸਾਡਾ ਮਨ ਬਹੁਤ ਤਾਕਤਵਰ ਹੈ ਤੇ ਹਰ ਸਮੇਂ ਮੌਜ-ਮਸਤੀ 'ਚ ਰਹਿਣਾ ਚਾਹੁੰਦਾ ਹੈ। ਇਹ ਜਲਦ ਹੀ ਬਾਹਰਲੀ ਚਮਕ-ਦਮਕ ਵਿਚ ਫਸ ਜਾਂਦਾ ਹੈ। ਇਹ ਹਰ ਸੁੰਦਰ ਦ੍ਰਿਸ਼, ਮਿੱਠੀ ਆਵਾਜ਼, ਮਨਮੋਹਕ ਖ਼ੁਸ਼ਬੂ, ਲਜ਼ੀਜ਼ ਜ਼ਾਇਕੇ ਤੇ ਮਨਭਾਉਂਦੀ ਛੁਹ ਵੱਲ ਖਿੱਚਿਆ ਜਾਂਦਾ ਹੈ। ਸਾਡੀਆਂ ਸਾਰੀਆਂ ਇੰਦਰੀਆਂ ਮਨ ਨੂੰ ਬਾਹਰ ਵੱਲ ਖਿੱਚਦੀਆਂ ਰਹਿੰਦੀਆਂ ਹਨ ਕਿਉਂਕਿ ਇਸ ਸਰੀਰ 'ਚ ਆਤਮਾ ਤੇ ਮਨ ਨਾਲ-ਨਾਲ ਰਹਿੰਦੇ ਹਨ। ਇਸ ਲਈ ਆਤਮਾ ਵੀ ਲਾਚਾਰ ਹੋ ਕੇ ਇੰਦਰੀਆਂ ਦੇ ਭੋਗਾਂ, ਰਸਾਂ ਵੱਲ ਖਿੱਚੀ ਚਲੀ ਜਾਂਦੀ ਹੈ। ਸਮੇਂ ਦੇ ਨਾਲ ਸਾਡੀ ਆਤਮਾ ਇਸ ਸੰਸਾਰ ਦੀ ਖੇਡ ਵਿਚ ਗੁਆਚ ਗਈ ਹੈ ਤੇ ਆਪਣੇ ਅਸਲੀ ਰੂਪ ਨੂੰ ਭੁੱਲ ਗਈ ਹੈ। ਆਤਮਾ ਸੱਚ, ਚੇਤਨਤਾ ਤੇ ਆਨੰਦ ਨਾਲ ਭਰਪੂਰ ਆਪਣੀ ਅਸਲੀਅਤ ਵੱਲ ਧਿਆਨ ਦੇਣ ਦੀ ਥਾਂ ਬਾਹਰਲੇ ਸੰਸਾਰ ਵਿਚ ਮਗਨ ਹੋ ਗਈ ਹੈ।

# ਬਸ਼ਰ-ਅਲ-ਅਸਦ ਦੇ ਪਰਿਵਾਰ ਦਾ 50 ਸਾਲਾ ਸ਼ਾਸਨ ਦਾ ਅੰਤ



ਦਰਬਾਰਾ ਸਿੰਘ ਕਾਹਲੋਂ

ਅੱਠ ਦਸੰਬਰ 2024 ਦਾ ਦਿਨ ਸੀਰੀਅਨ ਹੀ ਨਹੀਂ ਬਲਕਿ ਅਰਬ ਇਤਿਹਾਸ ਵਿਚ ਇਕ ਮਹਾਨ ਮੀਲ ਪੱਥਰ ਹੈ। ਵਿਰੋਧੀ ਅਲਕਾਇਦਾਈ ਲੜਾਕੂਆਂ ਤੋਂ ਪਾਸਾ ਵੱਟ ਕੇ ਰਾਸ਼ਟਰਵਾਦੀ ਲੜਾਕੂ ਬਣੇ ਮਿਲੀਟੈਂਟ ਗਰੁੱਪ 'ਹਯਾਤ ਤਹਿਰੀਰ ਅਲ-ਸ਼ਾਮ' (ਐੱਚਟੀਐੱਸ) ਨੇ ਇਸ ਦਿਨ ਆਪਣੇ ਆਗੂ ਮੁਹੰਮਦ ਅਲ-ਜੋਲਾਨੀ ਦੀ ਅਗਵਾਈ ਵਿਚ ਸੀਰੀਆ ਦੀ ਰਾਜਧਾਨੀ ਦਮਸ਼ਿਕ 'ਤੇ ਕਬਜ਼ਾ ਕਰ ਲਿਆ। ਇਹ ਸਭ ਕੁਝ ਏਨੀ ਤੇਜ਼ੀ ਨਾਲ ਤੂਫ਼ਾਨੀ ਪੱਧਰ 'ਤੇ ਵਾਪਰਿਆ ਕਿ ਇਸ ਕਬਜ਼ੇ ਤੋਂ ਸਾਰਾ ਵਿਸ਼ਵ ਹੈਰਾਨ ਹੋ ਗਿਆ। ਇਵੇਂ ਸੰਨ 1971 ਵਿਚ ਅਸਦ ਦੇ ਪਿਤਾ ਹਾਫ਼ਜ਼ ਵੱਲੋਂ ਕਾਇਮ ਜ਼ਾਲਮ ਸ਼ਾਸਨ ਦਾ ਸੂਰਜ ਡੁੱਬ ਗਿਆ।

ਲਗਪਗ 50 ਸਾਲਾਂ ਤੋਂ ਅਸਦ ਖ਼ਾਨਦਾਨ ਦੀ ਬਰਬਰਤਾਪੂਰਵਕ ਫ਼ੌਜੀ ਡਿਕਟੇਟਰਸ਼ਿਪ ਸੀਰੀਆ 'ਤੇ ਕਾਬਜ਼ ਸੀ। ਇਹ ਵੀ ਇਰਾਕ ਅੰਦਰ ਸੱਦਾਮ ਹੁਸੈਨ ਅਤੇ ਲੀਬੀਆ ਅੰਦਰ ਮੁਅੱਮਰ ਗੱਦਾਫ਼ੀ ਦੀ ਕਈ ਹੋਰ ਅਰਬ ਰਾਸ਼ਟਰਾਂ ਵਾਂਗ ਅਣਮਨੁੱਖੀ, ਮਾਨਵ ਅਧਿਕਾਰਾਂ ਦੇ ਘਾਣ ਅਤੇ ਮਾਨਵ ਲਾਸ਼ਾਂ ਦੇ ਅੰਬਾਰ ਭਰੀ ਡਿਕਟੇਟਰਸ਼ਿਪ ਸੀ ਜਿਸ ਮਾਡਲ ਦੀ ਨੀਂਹ ਕਰਨਲ ਅਬਦਲ ਨਾਸਰ ਨੇ 'ਮੁਸਲਿਮ ਬ੍ਰਦਰਹੁੱਡ' ਤਨਜ਼ੀਮ ਦੀ ਮਦਦ ਨਾਲ 18 ਜੂਨ 1952 ਨੂੰ ਮਿਸਰ ਵਿਚ ਰਾਜੇ ਫਾਰੂਕ ਦੀ ਬਾਦਸ਼ਾਹਤ ਖ਼ਤਮ ਕਰ ਕੇ ਰੱਖੀ ਸੀ। ਬਸ਼ਰ ਅਲ-ਅਸਦ ਦੇਸ਼ ਛੱਡ ਕੇ ਭੱਜ ਗਿਆ ਭਾਵੇਂ ਉਸ ਦੀ ਇਕ ਲੱਖ 30 ਹਜ਼ਾਰ ਸੈਨਾ ਅਜੇ ਵੀ ਦੇਸ਼ ਦੇ ਕੁਝ ਹਿੱਸਿਆਂ ਵਿਚ ਮੋਰਚੇ ਸੰਭਾਲ ਕੇ ਲੜ ਰਹੀ ਸੀ। ਐੱਚਟੀਐੱਸ ਦੇ ਰਾਜਧਾਨੀ 'ਤੇ ਕਬਜ਼ੇ ਤੋਂ ਬਾਅਦ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਦੇਸ਼ ਵਿਚ ਪਿਛਲੇ 13 ਸਾਲਾਂ ਤੋਂ ਚੱਲ ਰਹੀ ਅੰਦਰੂਨੀ ਜੰਗ ਖ਼ਤਮ ਹੋ ਜਾਵੇਗੀ। ਡਿਕਟੇਟਰ ਅਸਦ ਨੇ ਰੂਸ ਅੰਦਰ ਜਾ ਕੇ ਸਿਆਸੀ ਪਨਾਹ ਲੈ ਲਈ ਹੈ।



ਦੇਸ਼-ਵਿਦੇਸ਼ 'ਚ ਵਸਦੇ ਸੀਰੀਅਨ ਲੋਕਾਂ ਨੇ ਡਿਕਟੇਟਰ ਅਸਦ ਦੇ ਦੇਸ਼ ਭੱਜ ਕੇ ਨੱਸਣ ਦੀ ਖ਼ੁਸ਼ੀ ਉਵੇਂ ਹੀ ਮਨਾਉਣੀ ਸ਼ੁਰੂ ਕੀਤੀ ਜਿਵੇਂ ਇਰਾਕ ਵਿਚ ਸੱਦਾਮ ਹੁਸੈਨ ਤੋਂ ਬਾਅਦ 'ਅਰਬ ਬਹਾਰ' ਇਨਕਲਾਬੀਆਂ ਨੇ ਟਿਊਨੀਸ਼ੀਆ ਦੇ ਡਿਕਟੇਟਰ ਅਬੀਦੀਨ ਬੇਨ ਅਲੀ, ਲੀਬੀਆ ਦੇ ਮੁਅੱਮਰ ਗੱਦਾਫੀ, ਮਿਸਰ ਦੇ ਹੋਸਨੀ ਮੁਬਾਰਕ ਡਿਕਟੇਟਰਾਂ ਨੂੰ ਸੰਨ 2011 ਅਤੇ ਯਮਨ ਦੇ ਡਿਕਟੇਟਰ ਅਲੀ ਅਬਦੁੱਲਾ ਸਾਲੇਹ ਨੂੰ ਸੰਨ 2012 ਵਿਚ ਸੱਤਾ ਵਿੱਚੋਂ ਵਗਾਹ ਕੇ ਬਾਹਰ ਮਾਰਨ ਸਮੇਂ ਮਨਾਈ ਸੀ। ਇਸ ਸਮੇਂ ਲੋਕ ਦੇਸ਼-ਵਿਦੇਸ਼ ਵਿਚ ਇਹ ਵੀ ਗਿਣ-ਗਿਣ ਕੇ ਦੱਸ ਰਹੇ ਸਨ ਕਿ ਕਿਵੇਂ ਉਨ੍ਹਾਂ ਦੇ ਪਰਿਵਾਰ, ਨਜ਼ਦੀਕੀ ਰਿਸ਼ਤੇਦਾਰ ਅਤੇ ਸੱਜਣ-ਮਿੱਤਰ ਇਸ ਜ਼ਾਲਮ ਸ਼ਾਸਨ ਨੇ ਤਸ਼ੱਦਦ, ਗੋਲੀਬਾਰੀ ਅਤੇ ਫਾਂਸੀਆਂ 'ਤੇ ਚਾੜ੍ਹ ਕੇ ਮਾਰ ਮੁਕਾਏ। ਤੇਰਾਂ ਸਾਲਾ ਅੰਦਰੂਨੀ ਗ੍ਰਹਿ ਯੁੱਧ ਦੀ ਸ਼ੁਰੂਆਤ ਦੱਖਣੀ-ਪੱਛਮੀ ਸੀਰੀਆ ਦੇ ਦਰਾਅ ਖ਼ਿੱਤੇ ਵਿਚ 2011 ਵਿਚ ਅਰਬ ਬਹਾਰ ਤੋਂ ਪ੍ਰਭਾਵਿਤ ਜਨਤਕ ਵਿਦਰੋਹ ਤੋਂ ਸ਼ੁਰੂ ਹੋਈ ਸੀ ਜੋ ਅਸਦ ਦੇ ਅਣਮਨੁੱਖੀ ਡਿਕਟੇਟਰਾਨਾ ਸ਼ਾਸਨ ਦਾ ਤਖ਼ਤਾ ਪਲਟਣਾ ਚਾਹੁੰਦੇ ਸਨ। ਇਹ ਸੀਰੀਆ ਦੇ ਲੋਕਾਂ ਵੱਲੋਂ ਗਲੋਂ ਗ਼ੁਲਾਮੀ ਦਾ ਜੂਲਾ ਪਰ੍ਹਾਂ ਵਗਾਹ ਮਾਰਨ ਲਈ ਠਾਠਾਂ ਮਾਰ ਰਿਹਾ ਵਿਦਰੋਹ ਸੀ। ਲੇਕਿਨ ਇਸ ਨੂੰ ਇਦਲੀਬ ਖ਼ਿੱਤੇ ਵਿਚ ਕਾਬਜ਼ ਮਿਲੀਟੈਂਟ ਗਰੁੱਪ ਐੱਚਟੀਐੱਸ ਨੇ ਹੀ ਦਬਾਅ ਦਿੱਤਾ ਸੀ ਜਿਸ ਦਾ ਆਗੂ ਮੁਹੰਮਦ ਅਲ-ਜੋਲਾਨੀ ਹੈ।

ਬਤਾਲੀ ਸਾਲਾ ਮੁਹੰਮਦ ਅਲ-ਭੋਲਾਨੀ ਦਾ ਅਸਲ ਨਾਮ ਅਹਿਮਦ ਅਲ ਸ਼ਰਾਅ ਹੈ ਜੋ 1982 ਵਿਚ ਇਜ਼ਰਾਈਲ ਦੇ ਕਬਜ਼ੇ ਵਾਲੇ ਗੋਲਾਨ ਪਹਾੜੀਆਂ ਦੇ ਇਲਾਕੇ ਵਿਚ ਪੈਦਾ ਹੋਇਆ ਸੀ। ਸਾਮਾਬਿਨ ਲਾਦੇਨ ਦੀ ਅਲ ਕਾਇਦਾ ਜਮਾਤ ਨਾਲ ਜੁੜਿਆ ਹੋਇਆ ਸੀ ਜੋ ਅਮਰੀਕਾ ਦੇ ਸੰਨ 2003 ਵਿਚ ਇਰਾਕ 'ਤੇ ਹਮਲੇ ਵੇਲੇ ਅਮਰੀਕਾ ਵਿਰੁੱਧ ਲੜਿਆ ਸੀ। ਪਕੜੇ ਜਾਣ ਤੋਂ ਬਾਅਦ ਬਦਨਾਮ ਅਮਰੀਕੀ ਜੇਲ੍ਹ ਅਬੂ ਗ਼ਰੀਬ ਵਿਚ ਰਿਹਾ। ਸੰਨ 2024 ਵਿਚ ਆਪਣੀ ਪਹਿਲੀ ਇੰਟਰਵਿਊ ਵਿਚ ਅਲ ਬਗਦਾਦੀ ਦੇ ਹੁਕਮਾਂ 'ਤੇ 'ਨੁਸਰਾ ਫਰੰਟ' ਦਾ ਆਗੂ ਹੁੰਦੇ ਉਸ ਨੇ ਕਿਹਾ ਸੀ ਉਸ ਦਾ ਨਿਸ਼ਾਨਾ ਸੀਰੀਆ ਵਿਚ ਇਸਲਾਮਿਕ ਕਾਨੂੰਨ ਵਾਲਾ ਰਾਜ ਕਾਇਮ ਕਰਨਾ ਹੈ। ਇਸ ਰਾਸ਼ਟਰ ਵਿਚ ਅਲਵਾਈਟ, ਸ਼ੀਆ, ਡਰੂਜ਼ ਅਤੇ ਈਸਾਈ ਘੱਟ ਗਿਣਤੀਆਂ ਦੀ ਕੋਈ ਥਾਂ ਨਹੀਂ ਹੋਵੇਗੀ। ਸੰਨ 2016 ਵਿਚ ਉਸ ਨੇ ਜਨਤਕ ਤੌਰ 'ਤੇ ਅਲ ਕਾਇਦਾ ਜਮਾਤ ਨਾਲੋਂ ਨਾਤਾ ਤੋੜਨ ਦਾ ਐਲਾਨ ਕਰਕੇ 'ਜਬਤ ਫਤਿਹ ਅਲ ਸ਼ਾਮ' ਮਿਲੀਟੈਂਟ ਗਰੁੱਪ ਗਠਿਤ ਕੀਤਾ। ਬਾਅਦ ਵਿਚ ਕੁਝ ਹੋਰ ਗਰੁੱਪਾਂ ਅਤੇ ਇਦਲੀਬ 'ਤੇ ਪੂਰਨ ਕਬਜ਼ੇ ਤੋਂ ਬਾਅਦ ਅਜੋਕਾ ਐੱਚਟੀਐੱਸ ਸੰਗਠਨ ਸੀਰੀਆ ਦੀ ਆਜ਼ਾਦੀ ਲਈ ਗਠਿਤ ਕੀਤਾ। ਉਸ ਨੇ ਪੱਛਮੀ ਦੇਸ਼ਾਂ ਵਿਰੁੱਧ ਜਹਾਦ ਤੋਂ ਵੀ ਕਿਨਾਰਾ ਕਰ ਲਿਆ। ਪਰ ਇੱਥੇ ਵਰਣਨਯੋਗ ਹੈ ਕਿ ਅਮਰੀਕਾ ਵੱਲੋਂ ਉਸ ਨੂੰ ਖੂੰਖਾਰ ਅੱਤਵਾਦੀ ਗਰਦਾਨਿਆ ਗਿਆ ਹੈ ਜਿਸ ਦੇ ਸਿਰ 'ਤੇ 10 ਮਿਲੀਅਨ ਡਾਲਰ ਦਾ ਇਨਾਮ ਰੱਖਿਆ ਹੋਇਆ ਹੈ। ਇਦਲੀਬ ਅੰਦਰ ਉਸ ਦੇ ਡਿਕਟੇਟਰਾਨਾ ਰਾਜ ਅਤੇ ਮੁੱਢਲੀ ਅਧਿਕਾਰਾਂ ਦੇ ਘਾਣ ਭਰੇ ਸ਼ਾਸਨ ਤੋਂ ਇੰਜ ਲੱਗਦਾ ਹੈ ਕਿ ਜਿਵੇਂ ਸੀਰੀਅਨ ਲੋਕ ਇਕ ਆਫ਼ਤ ਤੋਂ ਖਹਿੜਾ ਛੁਡਾਉਣ ਤੋਂ ਬਾਅਦ ਕਿਸੇ ਦੂਸਰੀ ਆਫ਼ਤ ਦਾ ਸ਼ਿਕਾਰ ਬਣਨ ਜਾ ਰਹੇ ਹੋਣ।

ਜਿਵੇਂ ਪਾਕਿਸਤਾਨੀ ਫ਼ੌਜ ਨੇ ਪੂਰਬੀ ਪਾਕਿਸਤਾਨ ਵਿਚ ਬੰਗਲਾਦੇਸ਼ ਬਣਨ ਤੋਂ ਪਹਿਲਾਂ ਬੇਇੰਤਹਾ ਜ਼ੁਲਮ ਢਾਹੇ ਉਵੇਂ ਹੀ ਅਸਦ ਪ੍ਰਸ਼ਾਸਨ ਨੇ ਸੀਰੀਆ ਅੰਦਰ ਢਾਹੇ। ਗ੍ਰਹਿ ਯੁੱਧ ਵਿਚ 6 ਕੁ ਲੱਖ ਲੋਕ ਮਾਰੇ ਗਏ। ਸੰਨ 2011 ਤੋਂ ਵਿਦਰੋਹ ਉੱਠਣ ਤੋਂ ਬਾਅਦ ਇਕ ਲੱਖ ਲੋਕ ਲਾਪਤਾ ਜਾਂ ਜਬਰੀ ਖ਼ਤਮ ਕੀਤੇ ਗਏ। ਦੇਸ਼ ਦੀ ਅੱਧੀ ਆਬਾਦੀ ਕਰੀਬ ਇਕ ਕਰੋੜ, 20 ਲੱਖ ਲੋਕ ਘਰੋਂ-ਬੇਘਰ ਹੋ ਗਏ। ਨੌਜਵਾਨ ਵਿਦੇਸ਼ਾਂ ਵਿਚ ਨੱਠਣ ਲੱਗੇ। ਲੱਖਾਂ ਸੀਰੀਅਨ ਤੁਰਕੀ ਅਤੇ ਜਾਰਡਨ ਵਿਚ ਪਨਾਹ ਲਈ ਬੈਠੇ ਹਨ।

ਦਮਸ਼ਿਕ ਨੇੜੇ ਸੈਂਡ ਨਯਾ ਜੇਲ੍ਹ ਤਾਂ ਸੀਰੀਅਨਾਂ ਲਈ ਜ਼ਿੰਦਾ ਨਰਕ ਸੀ। ਇਕ ਮਨੁੱਖੀ ਕਤਲਗਾਹ ਦੇ ਚੱਲਦਿਆਂ ਜਿਉਂਦੇ ਕੈਦੀ ਭੁੰਨਣਗਾਹ ਅਤੇ ਰੋਜ਼ਾਨਾ 100 ਕੁ ਲੋਕਾਂ ਨੂੰ ਫਾਂਸੀ ਚੜ੍ਹਾਉਣਗਾਹ ਸੀ। ਇਸ ਦੀਆਂ ਬੇਸਮੈਂਟਾਂ ਵਿਚ ਕਈ ਲੋਕ ਸਾਲਾਂ ਤੋਂ ਗਲ-ਸੜ ਕੇ ਮਰ ਰਹੇ ਸਨ। ਇਸ ਵਿਚ ਹੁਣ ਤੱਕ ਲਗਪਗ 25000 ਕੈਦੀ ਰਿਹਾਅ ਕੀਤੇ ਗਏ ਹਨ। ਇਸ ਤੋਂ ਇਲਾਵਾ 100 ਹੋਰ ਕੇਂਦਰ ਹਨ। ਇਨ੍ਹਾਂ ਵਿੱਚੋਂ ਟਲਮੋਰ, ਅਲੈਪੋ, ਇਦਲੀਬ, ਹਾਮਾ, ਲਾਟਾਕੀਆ, ਰੱਕਾ, ਹੋਮਜ਼, ਟਾਰਟੋਸ ਆਦਿ ਭਿਆਨਕ ਜੇਲ੍ਹਾਂ ਹਨ।

ਮਾਰਚ 2011 ਤੋਂ ਅਗਸਤ 2024 ਤੱਕ 157634 ਸੀਰੀਅਨ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚ 5274 ਬੱਚੇ ਅਤੇ 10221 ਔਰਤਾਂ ਵੀ ਸ਼ਾਮਲ ਸਨ। ਐੱਚਟੀਐੱਸ ਨੇ ਦਮਸ਼ਿਕ 'ਤੇ ਕਬਜ਼ੇ ਤੋਂ ਬਾਅਦ ਆਪਣਾ ਸ਼ਾਸਨ ਕਾਇਮ ਕਰਨ ਲਈ ਮੁਹੰਮਦ ਅਲ ਬਸ਼ਰ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਹੈ। ਇਹ ਐੱਚਟੀਐੱਸ ਸ਼ਾਸਨ ਦਾ 5ਵਾਂ ਪ੍ਰਧਾਨ ਮੰਤਰੀ ਹੈ। ਇਹ ਇਲੈਕਟ੍ਰਾਨਿਕ ਇੰਜੀਨੀਅਰ ਅਤੇ ਅੰਗਰੇਜ਼ੀ ਵਿਸ਼ੇ ਦੀ ਖ਼ੂਬ ਮੁਹਾਰਤ ਰੱਖਦਾ ਹੈ। ਇਸਲਾਮਿਕ ਦੇਸ਼ਾਂ ਵਿਚ ਸ਼ਰੀਅਤ ਕਾਨੂੰਨ ਲਾਜ਼ਮੀ ਹੋਣ ਕਰ ਕੇ ਇਸ ਨੇ ਇਦਲੀਬ ਯੂਨੀਵਰਸਿਟੀ ਤੋਂ ਸੰਨ 2021 ਵਿਚ ਸ਼ਰੀਆ ਅਤੇ ਕਾਨੂੰਨ ਦੀ ਡਿਗਰੀ ਆਨਰਜ਼ ਸਾਹਿਤ ਪ੍ਰਾਪਤ ਕਰ ਰੱਖੀ ਹੈ। ਜਨਵਰੀ 2024 ਵਿਚ ਸ਼ੂਰਾ ਕੌਂਸਲ ਵੱਲੋਂ ਉਸ ਨੂੰ ਐੱਚਟੀਐੱਸ ਦੀ ਸਾਲਵੇਸ਼ਨ ਸਰਕਾਰ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਸੀ।

ਅਮਰੀਕਾ ਅਤੇ ਨਾਟੋ ਇਤਿਹਾਦੀਆਂ ਵੱਲੋਂ ਰੂਸ ਨੂੰ ਯੂਕਰੇਨ ਜੰਗ ਵਿਚ ਉਲਝਾਉਣ ਤੋਂ ਬਾਅਦ ਅਸਦ ਦੇ ਤਖ਼ਤਾ ਪਲਟਣ ਦੀ ਯੋਜਨਾ ਘੜੀ ਗਈ। ਰੂਸ ਦੀ ਗ਼ੈਰ-ਹਾਜ਼ਰੀ ਵਿਚ ਈਰਾਨ ਅਤੇ ਹਿਜ਼ਬੁੱਲਾ ਲੜਾਕੂ ਸੀਰੀਆ ਦੀ ਢਾਲ ਦਾ ਕੰਮ ਕਰ ਰਹੇ ਸਨ।

ਸੱਤ ਅਕਤੂਬਰ 2023 ਨੂੰ ਹਮਾਸ ਵੱਲੋਂ ਇਜ਼ਰਾਈਲ ਅੰਦਰ ਘੁਸ ਕੇ ਕੀਤੀ ਬੱਜਰ ਗ਼ਲਤੀ ਇਜ਼ਰਾਈਲ-ਅਮਰੀਕੀ ਮਨਸੂਬੇ ਦਾ ਹਿੱਸਾ ਸੀ। ਹਮਾਸ ਦਾ ਮਲੀਆਮੇਟ ਗਾਜ਼ਾ ਪੱਟੀ ਅੰਦਰ ਅਤੇ ਕੁਝ ਦਿਨਾਂ ਵਿਚ ਹਿਜ਼ਬੁੱਲਾ ਦਾ ਲਿਬਨਾਨ ਅੰਦਰ ਇਸੇ ਯੋਜਨਾ ਦਾ ਹਿੱਸਾ ਸੀ ਜਿਸ ਵਿਚ ਈਰਾਨ ਵੀ ਪਕਾਅ ਕੇ ਰੱਖ ਦਿੱਤਾ। ਜਦੋਂ ਸੀਰੀਆ ਦੇ ਹਮਾਇਤੀ ਖ਼ਤਮ ਅਤੇ ਉਲਝਾ ਕੇ ਰੱਖ ਦਿੱਤੇ, ਅਸਦ ਸੈਨਿਕ ਵਿਰੋਧੀ ਗਰੁੱਪਾਂ ਦੀ ਤਾਬ ਨਾ ਝੱਲ ਸਕੇ। ਸੀਰੀਆ ਦੇ ਵੱਡੇ-ਵੱਡੇ ਗੜ੍ਹ ਤਾਸ਼ ਦੇ ਪੱਤਿਆਂ ਵਾਂਗ ਗਿਰਨ ਲੱਗੇ। ਨਵੇਂ ਚੁਣੇ ਗਏ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਹੈ ਕਿ ਉਹ ਸੀਰੀਆ ਵਿਚ ਦਖ਼ਲ ਨਹੀਂ ਦੇਵੇਗਾ। ਉਸੇ ਵੇਲੇ ਬਾਇਡਨ ਪ੍ਰਸ਼ਾਸਨ ਨੇ 75 ਸੀਰੀਆਈ ਟਿਕਾਣਿਆਂ 'ਤੇ ਬੰਬਾਰੀ ਕੀਤੀ। ਈਰਾਨ ਤੋਂ ਇਲਾਵਾ ਸੀਰੀਆ ਜੋ ਰੂਸ ਦਾ ਇਸ ਅਰਬ ਖੇਤਰ ਵਿਚ ਵੱਡਾ ਹਮਾਇਤੀ ਸੀ, ਨੂੰ ਇਜ਼ਰਾਈਲ-ਯੂਐੱਸ ਪਲਾਨ ਨੇ ਖ਼ਤਮ ਕਰ ਦਿੱਤਾ।

ਸੀਰੀਆ ਅੰਦਰ ਭਾਰਤ ਵਾਂਗ ਕਈ ਧਰਮਾਂ, ਬੋਲੀਆਂ, ਸੱਭਿਆਚਾਰਾਂ ਅਤੇ ਇਲਾਕਿਆਂ ਦੇ ਲੋਕ ਵਸਦੇ ਹਨ। ਉਨ੍ਹਾਂ ਦੇ ਆਪੋ-ਆਪਣੇ ਸਿਆਸੀ ਨਿਸ਼ਾਨੇ ਤੇ ਹਿੱਤ ਕਾਇਮ ਹਨ। ਹਰ ਕੋਈ ਅਜੋਕੀ ਸਥਿਤੀ ਦਾ ਲਾਭ ਉਠਾਉਣਾ ਚਾਹੇਗਾ। ਉੱਤਰ-ਪੂਰਬ ਵਿਚ ਕੁਰਦਿਸ਼ ਲੜਾਕੂਆਂ ਦੀ ਅਗਵਾਈ ਤਾਕਤਵਰ ਰਾਸ਼ਟਰਵਾਦੀ ਮਿਲਸ਼ੀਆ ਕਾਇਮ ਹੈ ਜੋ ਆਜ਼ਾਦ ਕੁਰਦਿਸ਼ ਰਾਜ ਲਈ ਜੰਗ ਲੜ ਰਿਹਾ ਹੈ। ਅਮਰੀਕਾ ਦੀ ਸਹਾਇਤਾ ਵਾਲਾ ਸੀਰੀਅਨ ਡੈਮੋਕ੍ਰੈਟਿਕ ਫਰੰਟ ਡਟਿਆ ਪਿਆ ਹੈ। ਤੁਰਕੀ ਦੀ ਹਮਾਇਤ ਹਾਸਲ ਤਾਕਤਵਰ ਸੀਰੀਅਨ ਨੈਸ਼ਨਲ ਆਰਮੀ ਗਰੁੱਪ ਹੈ। ਦੱਖਣੀ ਖੇਤਰ ਵਿਚ ਵਿਰੋਧੀ ਗਰੁੱਪ ਡਟੇ ਹੋਏ ਹਨ। ਇਸ ਖ਼ਿੱਤੇ ਵਿਚ ਰੂਸ ਦੇ ਫ਼ੌਜੀ ਮੌਜੂਦ ਹਨ। ਰੂਸ ਨਵੀਂ ਹਕੂਮਤ ਨਾਲ ਉਨ੍ਹਾਂ ਦੀ ਕਾਇਮੀ ਲਈ ਗੱਲਬਾਤ ਕਰੇਗਾ। ਅਸਦ ਪ੍ਰਸ਼ਾਸਨ ਦੇ ਕੈਮੀਕਲ ਹਥਿਆਰ ਕਿਸ ਦੇ ਕੰਟਰੋਲ ਵਿਚ ਹੋਣਗੇ? ਅਲਕਾਇਦਾ ਇਸਲਾਮੀ ਜਹਾਦੀ ਵੀ ਇਸ ਖ਼ਿੱਤੇ ਵਿਚ ਸਰਗਰਮ ਹਨ। ਤੁਰਕੀ ਨਹੀਂ ਚਾਹੁੰਦਾ ਕਿ ਦੱਖਣੀ ਸੀਰੀਆ ਅਤੇ ਇਰਾਕ ਵਿਚ ਵਸਦੇ ਕੁਰਦਿਸ਼ ਆਜ਼ਾਦ ਰਾਜ ਦਾ ਮਨਸੂਬਾ ਸਿਰੇ ਚੜ੍ਹਾਅ ਸਕਣ।

53 ਸਾਲਾਂ ਦੇ ਡਿਕਟੇਟਰਾਨਾ ਜ਼ਾਲਮ ਅਸਦ ਸਾਸ਼ਨ ਨੇ ਸੀਰੀਆਈ ਲੋਕਾਂ ਦੀ ਆਰਥਿਕਤਾ, ਮੂਲ ਢਾਂਚੇ ਅਤੇ ਰਾਸ਼ਟਰੀ ਇਕਜੁੱਟਤਾ ਦੀ ਇੱਟ ਨਾਲ ਇੱਟ ਖੜਕਾ ਕੇ ਰੱਖ ਦਿੱਤੀ ਹੋਈ ਹੈ। ਤੇਲ ਖੂਹਾਂ 'ਤੇ ਕਾਬਜ਼ ਕੁਝ ਕੁ ਲੋਕ ਅਰਬ ਦੇ ਦੂਜੇ ਦੇਸ਼ਾਂ ਵਾਂਗ ਵਧੀਆ ਜੀਵਨ ਰੱਖਦੇ ਹਨ, 90 ਪ੍ਰਤੀਸ਼ਤ ਲੋਕ ਗੁਰਬਤ, ਅਨਪੜ੍ਹਤਾ, ਬੇਰੁਜ਼ਗਾਰੀ, ਭੁੱਖਮਰੀ ਦੇ ਸ਼ਿਕਾਰ ਹਨ। ਸਿਹਤ, ਸਾਫ਼ ਪਾਣੀ, ਬਿਜਲੀ ਅਤੇ ਰੋਜ਼ਮੱਰਾ ਦੀਆਂ ਵਸਤਾਂ ਤੋਂ ਮਹਿਰੂਮ ਹਨ। ਲੋਕਾਂ ਦੀ ਆਵਾਜ਼ ਗੁਮ ਹੈ। ਸਿਸਟਮ ਭ੍ਰਿਸ਼ਟਾਚਾਰ, ਰੂੜੀਵਾਦੀ ਕਬਾਇਲੀ, ਕੱਟੜ ਧਾਰਮਿਕਤਾ ਦਾ ਸ਼ਿਕਾਰ ਹੈ। ਦੇਸ਼ ਅੰਦਰ ਨਵੇਂ ਇਸਲਾਮਿਕ ਸ਼ਾਸਨ ਅਧੀਨ ਜਨਤਕ ਆਜ਼ਾਦੀਆਂ, ਲੋਕਸ਼ਾਹੀ, ਇਕਜੁੱਟਤਾ ਅਤੇ ਵਿਕਾਸ, ਵਿੱਦਿਆ, ਸਿਹਤ, ਸੜਕਾਂ, ਬਿਜਲੀ ਦੇ ਆਧੁਨਿਕ ਪ੍ਰਬੰਧ ਦੇ ਕੋਈ ਆਸਾਰ ਨਹੀਂ ਦਿਖਾਈ ਦਿੰਦੇ। ਸੀਰੀਆ ਅੰਦਰ ਡਿਕਟੇਟਰਸ਼ਿਪ, ਜ਼ੁਲਮ, ਜਬਰ ਵਿਰੁੱਧ ਵਿਦਰੋਹ ਸਾਰੇ ਅਰਬ ਜਗਤ ਦੇ ਸ਼ਾਸਕਾਂ ਲਈ ਇਕ ਤਾਨਾਸ਼ਾਹੀ ਨੀਂਦ ਵਿੱਚੋਂ ਜਾਗਣ ਦਾ ਵੇਲਾ ਹੈ।

ਪੂਰੇ ਅਰਬ ਵਿਚ ਇਕ ਵੀ ਅਜਿਹਾ ਦੇਸ਼ ਨਹੀਂ ਜਿੱਥੇ ਲੋਕਾਂ ਦੁਆਰਾ ਚੁਣਿਆ ਸੰਵਿਧਾਨਕ ਲੋਕਤੰਤਰ ਹੋਵੇ। ਅਰਬ ਲੋਕ ਵੀ ਮਾਨਵ ਸਨਮਾਨ, ਆਜ਼ਾਦੀਆਂ ਅਤੇ ਲੋਕਸ਼ਾਹੀ ਦੇ ਤਾਂਘਵਾਨ ਹਨ। ਅਰਬ ਬਹਾਰ ਲਹਿਰ ਜ਼ਿੰਦਾ ਹੈ ਅਤੇ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਅਰਬਾਂ ਨੂੰ ਸੰਵਿਧਾਨਕ ਲੋਕਸ਼ਾਹੀ ਸ਼ਾਸਨ ਦੇ ਮੌਕੇ ਪ੍ਰਾਪਤ ਨਹੀਂ ਹੁੰਦੇ।

# ਇਕ ਹਫਤੇ 'ਚ 75 ਹਜਾਰ ਕਮਾਉਣ ਵਾਲੀ ਭਿਖਾਰਨ

ਮੱਧ ਪ੍ਰਦੇਸ਼ ਦਾ ਇੰਦੌਰ ਸ਼ਹਿਰ ਦੇਸ਼ ਦੇ ਸਾਫ਼-ਸੁਥਰੇ ਸ਼ਹਿਰਾਂ ਦੀ ਸੂਚੀ ਵਿਚ ਹਮੇਸ਼ਾ ਸਭ ਤੋਂ ਉੱਪਰ ਰਹਿੰਦਾ ਹੈ ਪਰ ਇਸ ਵਾਰ ਇੰਦੌਰ ਦਾ ਸੁਰਖੀਆਂ 'ਚ ਆਉਣ ਦਾ ਕਾਰਨ ਸਫ਼ਾਈ ਨਹੀਂ ਹੈ। ਦਰਅਸਲ ਇੰਦੌਰ ਨੂੰ ਭਿਖਾਰੀ ਮੁਕਤ ਸ਼ਹਿਰ ਬਣਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਸੇ ਲੜੀ ਤਹਿਤ ਟੀਮ ਜਦੋਂ ਉਹ ਭੀਖ ਮੰਗ ਰਹੀ ਇਕ ਔਰਤ ਨੂੰ ਰੈਸਕਿਊ ਕਰਨ ਪਹੁੰਚੀ ਤਾਂ ਉਸ ਦੀ ਸਾੜੀ ਦੇ ਪੱਲੂ ਵਿਚ 75,748 ਰੁਪਏ ਕੈਸ਼ ਮਿਲੇ।

ਜਦੋਂ ਔਰਤ ਨੂੰ ਇੰਨੇ ਪੈਸੇ ਹੋਣ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਇਹ ਉਸ ਦੀ ਇਕ ਹਫ਼ਤੇ ਦੀ ਕਮਾਈ ਹੈ। ਔਰਤ ਨੇ ਦੱਸਿਆ ਕਿ ਉਹ ਆਮ ਤੌਰ 'ਤੇ ਇਹ ਰਕਮ 10-15 ਦਿਨਾਂ 'ਚ ਇਕੱਠੀ ਕਰ ਲੈਂਦੀ ਹੈ। ਔਰਤ ਦਾ ਦਾਅਵਾ ਸੁਣ ਕੇ ਅਧਿਕਾਰੀ ਵੀ ਦੰਗ ਰਹਿ ਗਏ। ਔਰਤ ਬੜਾ ਗਣਪਤੀ ਨੇੜੇ ਸਥਿਤ ਸ਼ਨੀ ਮੰਦਿਰ ਕੋਲ ਭੀਖ ਮੰਗਦੀ ਹੈ। ਉਸ ਕੋਲ 1 ਰੁਪਏ ਤੋਂ ਲੈ ਕੇ 500 ਰੁਪਏ ਤਕ ਦੇ ਨੋਟ ਸਨ। ਔਰਤ ਕੋਲੋਂ 500 ਦੇ 22 ਨੋਟ, 200 ਦੇ 18 ਨੋਟ, 100 ਦੇ 423 ਨੋਟ ਅਤੇ 50 ਰੁਪਏ ਦੇ 174 ਨੋਟ ਬਰਾਮਦ ਹੋਏ ਹਨ।

ਇੰਨਾ ਹੀ ਨਹੀਂ ਉਸ ਕੋਲ 20 ਅਤੇ 10 ਰੁਪਏ ਦੇ ਨੋਟਾਂ ਤੋਂ ਇਲਾਵਾ 10, 5, 2 ਅਤੇ 1 ਰੁਪਏ ਦੇ ਸਿੱਕੇ ਵੀ ਸਨ। ਔਰਤ ਕੋਲੋਂ ਮਿਲੇ ਪੈਸੇ ਜਮ੍ਹਾ ਕਰਵਾਉਣ ਤੋਂ ਬਾਅਦ ਉਸ ਨੂੰ ਸੇਵਾਧਾਮ ਆਸ਼ਰਮ (Sevadham Ashram) ਭੇਜ ਦਿੱਤਾ ਗਿਆ ਹੈ। ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਪ੍ਰੋਜੈਕਟ ਅਫ਼ਸਰ ਦਿਨੇਸ਼ ਮਿਸ਼ਰਾ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਪਹਿਲਕਦਮੀ 'ਤੇ ਫਰਵਰੀ ਮਹੀਨੇ ਭਿਖਾਰੀ ਮੁਕਤ ਸ਼ਹਿਰ ਬਣਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਸੀ।

# ਵਿਚਾਰਧਾਰਾ ਦੀਆਂ ਸੀਮਾਵਾਂ ਰਾਹੁਲ ਗਾਂਧੀ ਦੇ ਰਾਹ ਦੇ ਅੜਿੱਕੇ

ਸੁੱਚਾ ਸਿੰਘ ਖੱਟੜਾ

ਰਾਹੁਲ ਗਾਂਧੀ ਵੱਲੋਂ 'ਭਾਰਤ ਜੋੜੋ ਯਾਤਰਾ' ਦੌਰਾਨ ਅਰਥ ਸ਼ਾਸਤਰੀਆਂ ਨਾਲ ਚਰਚਾਵਾਂ ਤੇ ਪ੍ਰੈੱਸ ਕਾਨਫ਼ਰੰਸਾਂ ਤੋਂ ਲੱਗਿਆ ਕਿ ਦੇਸ਼ ਨੂੰ ਲੋੜੀਂਦਾ ਬਦਲਾਅ ਮਿਲ ਗਿਆ ਹੈ। ਬਰਫ਼ਬਾਰੀ ਦੌਰਾਨ ਸਫ਼ੇਦ ਟੀ-ਸ਼ਰਟ ਪਾਈ ਭਾਸ਼ਣ ਦਿੰਦੇ ਰਾਹੁਲ ਗਾਂਧੀ ਨੂੰ ਦੇਖ ਕੇ ਲੱਗਿਆ ਕਿ ਆਪਣੀ ਵਿਚਾਰਧਾਰਾ ਦੇ ਨਾਲ ਉਸ ਨੇ ਸਰੀਰ ਵੀ ਸਾਧ ਲਿਆ ਹੈ। ਟਰੱਕ ਡਰਾਈਵਰਾਂ, ਰੇਹੜੀ ਵਾਲਿਆਂ, ਸਟੇਸ਼ਨਾਂ ਉੱਤੇ ਕੁਲੀਆਂ, ਜੀਰੀ ਲਗਾਉਂਦੇ ਕਿਸਾਨਾਂ, ਟੈਕਸੀਆਂ ਵਾਲਿਆਂ, ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਸਮਾਜ ਦੇ ਅਜਿਹੇ ਹੋਰ ਵਰਗਾਂ ਦੇ ਜੀਵਨ ਨੂੰ ਨੇੜੇ ਹੋ ਕੇ ਵੇਖਣ ਦੀ ਉਸ ਦੀ ਜਗਿਆਸਾ ਤੋਂ ਲੱਗਿਆ ਕਿ ਰਾਹੁਲ ਦੇ ਆਰਥਿਕ ਮਾਡਲ ਵਿੱਚ ਇਨ੍ਹਾਂ ਅਤੇ ਇਨ੍ਹਾਂ ਵਰਗੇ ਹੋਰ ਵਰਗ ਵੀ ਹੁਣ ਸ਼ਾਮਿਲ ਹੋਣਗੇ। ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਉਸ ਲਈ ਸੱਦਿਆਂ ਤੋਂ ਜਾਪਿਆ ਕਿ ਅੰਤਰਰਾਸ਼ਟਰੀ ਮੰਚ ਵੀ ਰਾਹੁਲ ਦੀ ਉਡੀਕ ਵਿੱਚ ਹਨ। ਰਾਹੁਲ ਦੀ ਨਿਡਰਤਾ, ਸੰਸਦ ਵਿੱਚ ਹਾਜ਼ਰ-ਜਵਾਬੀ ਆਦਿ ਸਭ ਕੁਝ ਨੇ ਲੋਕਾਂ ਦੀ ਮੁਰਝਾ ਚੁੱਕੀ ਉਮੀਦ ਜਿਵੇਂ ਤਾਜ਼ਾ ਕਰ ਦਿੱਤੀ ਹੋਵੇ। ਰਾਹੁਲ ਗਾਂਧੀ ਵੱਲੋਂ ਅਡਾਨੀ-ਅੰਬਾਨੀ ਜਿਹੇ ਧਨ ਕੁਬੇਰਾਂ ਅਤੇ ਆਰਐੱਸਐੱਸ ਦੇ ਤਿੱਖੇ ਵਿਰੋਧ ਤੋਂ ਲੱਗਿਆ ਕਿ ਉਸ ਦਾ ਰੁਖ਼ ਉਨ੍ਹਾਂ ਮੁੱਦਿਆਂ ਬਾਰੇ ਵੀ ਹਮਲਾਵਰ ਹੈ ਜਿਨ੍ਹਾਂ ਬਾਰੇ ਹੋਰ ਵਿਰੋਧੀ ਪਾਰਟੀਆਂ ਖ਼ਾਮੋਸ਼ ਰਹਿੰਦੀਆਂ ਹਨ ਤੇ ਕਾਂਗਰਸ ਵੀ।

ਇਸ ਸਭ ਕੁਝ ਕਾਰਨ ਰਾਹੁਲ ਗਾਂਧੀ ਦਾ ਰਾਹ ਸੌਖਾ ਨਹੀਂ ਹੈ। ਇੱਕ ਪਾਸੇ ਉਸ ਦੀ ਵਿਚਾਰਧਾਰਾ ਵਿੱਚ ਦਿਸ ਰਹੀਆਂ ਸੀਮਾਵਾਂ ਅਤੇ ਦੂਜੇ ਪਾਸੇ ਬਾਹਰੀ ਹਾਲਾਤ, ਜਿਨ੍ਹਾਂ ਵਿੱਚ ਉਸ ਦੀ ਪਾਰਟੀ ਵੀ ਸ਼ਾਮਿਲ ਹੈ, ਪੈਰ-ਪੈਰ ਉੱਤੇ ਉਸ ਦੇ ਰਾਹ ਦੀਆਂ ਰੁਕਾਵਟਾਂ ਹਨ। ਅਸਲ ਵਿੱਚ ਇਹ ਦੇਸ਼ ਲਈ ਲੋੜੀਂਦੇ ਬਦਲ ਵਿੱਚ ਰੁਕਾਵਟਾਂ ਹਨ, ਜਿਸ ਕਾਰਨ ਇਨ੍ਹਾਂ ਉੱਤੇ ਵਿਚਾਰ ਕਰਨਾ ਜ਼ਰੂਰੀ ਹੈ। ਸਭ ਤੋਂ ਪਹਿਲਾਂ ਰਾਹੁਲ ਗਾਂਧੀ ਦੀ ਵਿਚਾਰਧਾਰਾ ਵਿੱਚ ਦਿਸ ਰਹੀਆਂ ਸੀਮਾਵਾਂ ਦੀ ਗੱਲ ਕਰਦੇ ਹਾਂ। ਰਾਹੁਲ ਗਾਂਧੀ ਕੇਵਲ ਅਡਾਨੀ-ਅੰਬਾਨੀ ਦੀ ਗੱਲ ਕਰਦਾ ਹੈ। ਉਹ ਸਮੁੱਚੇ ਕਾਰਪੋਰੇਟ ਮਾਡਲ ਉੱਤੇ ਹਮਲਾਵਰ ਨਹੀਂ। ਸਰਕਾਰੀ ਅਦਾਰੇ ਅਤੇ ਹੋਰ ਖੇਤਰ 'ਇੱਕ-ਦੋ' ਪੂੰਜੀਪਤੀਆਂ ਨੂੰ ਦੇਣ ਉੱਤੇ ਇਤਰਾਜ਼ ਕਰਦਾ ਹੈ ਜਿਸ ਦਾ ਭਾਵ ਹੈ ਕਿ ਜੇਕਰ ਇਨ੍ਹਾਂ 'ਇੱਕ-ਦੋ' ਵਿੱਚ ਹੋਰ ਪੂੰਜੀਪਤੀਆਂ ਨੂੰ ਸ਼ਾਮਿਲ ਕਰ ਲਿਆ ਜਾਵੇ ਤਾਂ ਰਾਹੁਲ ਨੂੰ ਅਡਾਨੀ-ਅੰਬਾਨੀ ਉੱਤੇ ਵੀ ਸ਼ਾਇਦ ਕੋਈ ਇਤਰਾਜ਼ ਨਹੀਂ। ਇੰਜ ਹੀ, ਇਸ ਦਾ ਦੂਜਾ ਭਾਵ ਇਹ ਹੈ ਕਿ ਜਨਤਕ ਖੇਤਰ ਦੇ ਨਿੱਜੀਕਰਨ ਦਾ ਵੀ ਕੋਈ ਵਿਰੋਧ ਨਹੀਂ। ਕਿਹਾ ਜਾ ਸਕਦਾ ਹੈ ਕਿ ਆਰਥਿਕ ਮੁਹਾਜ਼ ਉੱਤੇ ਕੋਈ ਬਦਲਾਅ ਨਹੀਂ, ਜਦੋਂਕਿ ਦੇਸ਼ ਵਿੱਚ ਕਾਰਪੋਰੇਟ ਮਾਡਲ ਰੁਜ਼ਗਾਰਹੀਣ ਤੋਂ ਵੀ ਅਗਾਂਹ ਲੰਘ ਗਿਆ ਹੈ। ਬੇਰੁਜ਼ਗਾਰੀ, ਮਹਿੰਗਾਈ ਅਤੇ ਅਮੀਰੀ ਗ਼ਰੀਬੀ ਦੇ ਤੇਜ਼ੀ ਨਾਲ ਵਧਦੇ ਪਾੜੇ ਲਈ ਇਹੀ ਮਾਡਲ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਰਾਹੁਲ ਗਾਂਧੀ ਨੇ ਜੇਕਰ ਬਦਲਾਅ ਲਿਆਉਣਾ ਹੈ ਤਾਂ ਦੋ ਕਦਮ ਤੁਰੰਤ ਚੁੱਕਣੇ ਪੈਣਗੇ: ਜਨਤਕ ਖੇਤਰ ਦੀ ਰਾਖੀ ਲਈ ਖੜ੍ਹਨਾ ਪਵੇਗਾ, ਬਾਕੀ ਖੇਤਰਾਂ ਦੇ ਨਿੱਜੀਕਰਨ ਵਿੱਚ ਵੀ ਜਾਂ ਸਰਕਾਰਾਂ (ਕੇਂਦਰ ਅਤੇ ਰਾਜਾਂ) ਦੀ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਵੇ ਜਾਂ ਫਿਰ ਇਹ ਸਰਕਾਰ ਦੀ ਸਖ਼ਤ ਨਜ਼ਰਸਾਨੀ ਅਧੀਨ ਹੋਣਾ ਚਾਹੀਦਾ ਹੈ। ਮੌਜੂਦਾ ਚੱਲ ਰਹੇ ਆਰਥਿਕ ਢਾਂਚੇ ਤੋਂ ਉਤਪੰਨ (ਜਨਤਾ ਲਈ) ਤਬਾਹਕੁੰਨ ਪ੍ਰਭਾਵ ਲੋਕਾਂ ਸਾਹਮਣੇ ਰੱਖਣੇ ਪੈਣੇ ਹਨ। ਬਦਲਵੇਂ ਢਾਂਚੇ ਸਦਕਾ ਜਨਤਾ ਉੱਤੇ ਪੈਣ ਵਾਲੇ ਸਕਾਰਾਤਮਕ ਪ੍ਰਭਾਵ ਵੀ ਲੋਕਾਂ ਨੂੰ ਸਮਝਾਉਣੇ ਅਤੇ ਉਨ੍ਹਾਂ ਵਿੱਚ ਪ੍ਰਚਾਰਨੇ ਪੈਣੇ ਹਨ। ਇਹ ਕੰਮ ਪਾਰਟੀ ਵੀ ਕਰਦੀ ਦਿਸਣੀ ਚਾਹੀਦੀ ਹੈ। ਰਾਹੁਲ ਦੀ ਅਡਾਨੀ-ਅੰਬਾਨੀ ਬਾਰੇ ਮੁਹਾਰਨੀ ਵਿੱਚ ਇਹ ਦੋਵੇਂ ਪੱਖ ਹਾਜ਼ਰ ਨਹੀਂ। ਅਡਾਨੀ-ਅੰਬਾਨੀ ਨੂੰ ਮੋਦੀ ਅਤੇ ਭਾਜਪਾ ਲਈ ਲਾਭਦਾਇਕ ਦੱਸਣਾ ਸਿਆਸੀ ਤੌਰ 'ਤੇ ਲੰਗੜਾ ਪ੍ਰਚਾਰ ਹੈ। ਅਡਾਨੀ-ਅੰਬਾਨੀ ਦੀ ਲੋਕਾਂ ਲਈ ਹਾਨੀਕਾਰਕਤਾ ਦੇ ਪ੍ਰਚਾਰ ਉੱਤੇ ਵੱਧ ਜ਼ੋਰ ਹੋਣਾ ਚਾਹੀਦਾ ਹੈ। ਦੂਜੇ ਵਿਰੋਧੀ ਦਲ ਅਡਾਨੀ ਦੇ ਮੁੱਦੇ 'ਤੇ ਉਦੋਂ ਹੀ ਰਾਹੁਲ ਦੀ ਸੁਰ ਨਾਲ ਸੁਰ ਮਿਲਾਉਣਗੇ ਜਦੋਂ ਅਡਾਨੀ ਵਿਰੁੱਧ ਲੋਕਾਂ ਦਾ ਰੋਹ ਉੱਠਣਾ ਸ਼ੁਰੂ ਹੋ ਜਾਵੇਗਾ। ਨਹੀਂ ਤਾਂ ਅਡਾਨੀ, ਰਾਹੁਲ ਦੇ ਰਾਹ ਦਾ ਅੜਿੱਕਾ ਬਣਿਆ ਰਹੇਗਾ।



ਅਗਲੀ ਰੁਕਾਵਟ ਰਾਹੁਲ ਦੀ ਆਪਣੀ ਪਾਰਟੀ ਦਾ ਵਿਚਾਰਧਾਰਕ ਸੱਜ ਪਿਛਾਖੜ ਹੋ ਜਾਣਾ ਹੈ। ਹੁਣ ਪਾਰਟੀ ਨੂੰ ਜਥੇਬੰਦੀ ਦੀਆਂ ਰਗਾਂ ਅਤੇ ਸ਼ਿਰਾਵਾਂ ਵਿੱਚ ਤਾਜ਼ੇ ਲਹੂ ਦਾ ਸੰਚਾਰ ਕਰਨਾ ਚਾਹੀਦਾ ਹੈ, ਤਾਂ ਹੀ ਦੇਸ਼ ਦੀ ਜਨਤਾ ਨੂੰ ਬਦਲਵੇਂ ਆਰਥਿਕ ਢਾਂਚੇ ਅਤੇ ਪਾਰਟੀ ਦੀ ਸਿਹਤ ਤੋਂ ਅਸਲ ਬਦਲਾਅ ਦੀਆਂ ਸੰਭਾਵਨਾਵਾਂ ਦਿਸਣ ਲੱਗਣਗੀਆਂ। ਜਾਤੀ ਜਨਗਣਨਾ ਦੀ ਮੁਹਾਰਨੀ ਦੀ ਗੱਲ ਕਰੀਏ ਤਾਂ ਇਸ ਕਾਰਜ ਨੇ ਅੰਕੜਿਆਂ ਦੀ ਪ੍ਰਾਪਤੀ ਉੱਤੇ ਨਹੀਂ ਰੁਕਣਾ। ਇਨ੍ਹਾਂ ਜਾਤੀਆਂ ਦੀ ਸਮੱਸਿਆ ਬਣਦਾ ਰਾਖਵਾਂਕਰਨ ਸੁਨਿਸ਼ਚਿਤ ਕਰਨਾ ਨਹੀਂ ਸਗੋਂ ਉਸ ਰਾਖਵੇਂਕਰਨ ਮਗਰੋਂ ਰੁਜ਼ਗਾਰ ਪ੍ਰਾਪਤੀ ਹੈ। ਅਜਿਹਾ ਬਦਲਵੇਂ ਆਰਥਿਕ ਮਾਡਲ ਅਤੇ ਜਿਊਂਦੀ ਜਾਗਦੀ ਪਾਰਟੀ ਨਾਲ ਹੀ ਸੰਭਵ ਹੋ ਸਕੇਗਾ। ਇਸ ਸਭ ਕੁਝ ਦਾ ਸਭ ਤੋਂ ਵੱਡਾ ਲਾਭ ਇਹ ਹੋਵੇਗਾ ਕਿ ਦੇਸ਼ ਦੇ ਅਗਾਂਹਵਧੂ ਅਤੇ ਖੱਬੇ-ਪੱਖੀਆਂ ਸਮੇਤ ਸਭਨਾਂ ਦਾ ਸਾਥ ਮਿਲ ਜਾਵੇਗਾ।

ਖੱਬੀਆਂ ਧਿਰਾਂ ਦੇ ਸਾਥ ਨਾਲ ਦੂਜੇ ਮੋਰਚਿਆਂ ਉੱਤੇ ਫ਼ਤਹਿ ਪਾਉਣੀ ਆਸਾਨ ਹੋ ਜਾਵੇਗੀ। ਦੂਜੇ ਮੋਰਚਿਆਂ ਵਿੱਚੋਂ ਪਹਿਲਾ ਹੈ: ਵਿਰੋਧੀ ਪਾਰਟੀਆਂ ਦੀ ਇੱਕਜੁਟਤਾ। ਇਸ ਕਾਰਜ ਲਈ ਸਾਂਝੇ ਮੁੱਦਿਆਂ ਉੱਤੇ ਆਧਾਰਿਤ ਪ੍ਰੋਗਰਾਮ ਤੈਅ ਕੀਤਾ ਜਾਵੇ। ਮੁੱਦਿਆਂ ਨੂੰ ਮਹਿਜ਼ ਕਾਗਜ਼ 'ਤੇ ਲਿਖਣ ਦੀ ਥਾਂ, ਸਾਂਝੇ ਮੰਚਾਂ ਤੋਂ ਅਗਾਂਹ ਲੋਕਾਂ ਵਿੱਚ ਪ੍ਰਚਾਰਿਆ ਵੀ ਜਾਵੇ। ਇਸ ਪ੍ਰਚਾਰ ਵਿੱਚ ਭਾਜਪਾ ਤੇ ਆਰਐੱਸਐੱਸ ਵੱਲੋਂ ਮਨੁੱਖ ਨੂੰ ਇੱਕ ਸ਼ਕਤੀ ਦੇ ਸਿਰਜੇ ਹੋਏ ਨਾ ਸਮਝਣ ਕਾਰਨ ਮਾਨਵਤਾ, ਸਾਂਝੇ ਹਿੰਦੋਸਤਾਨੀ ਸੱਭਿਆਚਾਰ ਅਤੇ ਸਭ ਧਰਮਾਂ ਵੱਲੋਂ ਪਿਆਰ ਦੇ ਸੰਦੇਸ਼ ਵਿਰੁੱਧ ਪੈਦਾ ਹੁੰਦੀ ਨਫ਼ਰਤ ਨੂੰ ਸਭ ਤੋਂ ਅੱਗੇ ਰੱਖਿਆ ਜਾਵੇ। ਇਸ ਬਿਮਾਰੀ ਨੂੰ ਭਾਜਪਾ ਦੀ ਕਾਰਪੋਰੇਟ-ਪੱਖੀ ਵਿਚਾਰਧਾਰਾ ਦੇ ਸੇਵਕ ਵਜੋਂ ਪੇਸ਼ ਕੀਤਾ ਜਾਵੇ ਕਿਉਂਕਿ ਆਰਐੱਸਐੱਸ ਅਤੇ ਇਸ ਦੇ ਹੋਰ ਸੰਗਠਨ ਸਰਕਾਰ ਦੀਆਂ ਆਰਥਿਕ ਨੀਤੀਆਂ ਤੋਂ ਪੈਦਾ ਹੋਈ ਬੇਰੁਜ਼ਗਾਰੀ, ਮਹਿੰਗਾਈ ਅਤੇ ਅਮੀਰ-ਗ਼ਰੀਬ ਦੇ ਗ਼ੈਰ-ਮਾਨਵੀ ਵਰਤਾਰਿਆਂ ਦਾ ਵਿਰੋਧ ਕਦੇ ਨਹੀਂ ਕਰਦੇ। ਕੀ ਏਨੀ ਗਿਣਤੀ ਵੱਡ-ਆਕਾਰੀ ਸੰਗਠਨਾਂ ਨੂੰ ਨਿਰੋਲ ਵਾਲੰਟੀਅਰਾਂ ਦੇ ਸਿਰੋਂ ਚਲਾਉਣਾ ਸੰਭਵ ਹੈ? ਕਾਰਪੋਰੇਟੀ ਧਨ ਕੁਬੇਰ ਇਨ੍ਹਾਂ ਦੀ ਲੋੜ ਹਨ। ਇਹੀ ਨਹੀਂ, ਭਾਜਪਾ-ਆਰਐੱਸਐੱਸ ਰੋਜ਼ਾਨਾ ਦੀਆਂ ਸਮੱਸਿਆਵਾਂ ਤੋਂ ਧਿਆਨ ਹਟਾਉਣ ਲਈ ਨਫ਼ਰਤ ਦੇ ਪ੍ਰਚਾਰ ਨਾਲ ਇੱਕ ਧਰਮ ਦੇ ਲੋਕਾਂ ਨੂੰ ਦੂਜੇ ਧਰਮਾਂ (ਫਿਲਹਾਲ ਇਸਲਾਮ ਅਤੇ ਇਸਾਈ) ਵਿਰੁੱਧ ਖੜ੍ਹਾ ਕਰ ਦਿੰਦੀਆਂ ਹਨ।

ਕਾਂਗਰਸ ਨਾਲ ਹੋਰ ਖੇਤਰੀ ਪਾਰਟੀਆਂ ਜੁੜੀਆਂ ਹੋਈਆਂ ਹਨ। ਫੈਡਰਲ ਸਬੰਧਾਂ ਦੀ ਮੁੜ ਨਿਸ਼ਾਨਦੇਹੀ ਕਰਨੀ ਅਤੇ ਅਮਲ ਵਿੱਚ ਆਏ ਵਿਗਾੜਾਂ ਨੂੰ ਦੂਰ ਕਰਦਿਆਂ ਸੰਵਿਧਾਨਕ ਸੋਧ ਨਾਲ ਸੂਬਿਆਂ ਨੂੰ ਅਧਿਕਾਰ ਇਸ ਤਰ੍ਹਾਂ ਵਾਪਸ ਕਰਨਾ ਕਿ ਮੁੜ ਉਨ੍ਹਾਂ ਉੱਤੇ ਡਾਕਾ ਨਾ ਮਾਰਿਆ ਜਾ ਸਕੇ, ਕਾਂਗਰਸ ਦੀ ਤਰਜੀਹ ਹੋਣਾ ਚਾਹੀਦਾ ਹੈ। ਯਾਦ ਰਹੇ ਕਿ ਕੇਂਦਰ ਅਤੇ ਸੂਬਿਆਂ ਦੇ ਸਬੰਧਾਂ ਨੂੰ ਫੈਡਰਲ ਬਣਾਉਣ ਨਾਲ ਵਿਰੋਧੀ ਧਿਰਾਂ ਦੀ ਏਕਤਾ ਪੀਢੀ ਬਣਦੀ ਹੈ।

ਟੈਕਸ ਪ੍ਰਣਾਲੀ ਵੀ ਮੁੜ ਨਜ਼ਰਸਾਨੀ ਮੰਗਦੀ ਹੈ। ਕੇਂਦਰੀ ਸੰਵਿਧਾਨਿਕ ਸੰਸਥਾਵਾਂ ਦੀ ਨਿਰਪੱਖਤਾ ਬਰਕਰਾਰ ਰੱਖਣ ਲਈ ਉਨ੍ਹਾਂ ਦੀ ਖ਼ੁਦਮੁਖਤਿਆਰੀ ਜ਼ਰੂਰੀ ਹੈ। ਇਹ ਸੰਸਥਾਵਾਂ ਲੋਕਤੰਤਰ ਦੇ ਜ਼ਰੂਰੀ ਅਤੇ ਸਥਾਈ ਅੰਗ ਹਨ। ਇਸ ਤਰ੍ਹਾਂ ਵਿਰੋਧੀ ਪਾਰਟੀਆਂ ਦੀ ਏਕਤਾ ਨਾਲ ਬਣੇ ਗੱਠਜੋੜ ਨੂੰ ਭਾਜਪਾ ਦੇ ਬਦਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ, ਪਰ ਇਹ ਏਕਤਾ ਜੇਕਰ ਚੋਣ ਮੈਦਾਨ ਵਿੱਚ ਸਫ਼ਲਤਾ ਹਾਸਿਲ ਨਹੀਂ ਕਰਦੀ ਤਾਂ ਸਭ ਕੁਝ ਬੇਕਾਰ ਹੈ। ਈਵੀਐੱਮ ਨੂੰ ਹੁਣ ਚੋਣ ਕਮਿਸ਼ਨ ਨੇ ਖ਼ੁਦ ਹੀ ਬੇਪਰਦ ਕਰ ਲਿਆ ਹੈ। ਈਵੀਐੱਮ ਰਾਹੀਂ ਚੋਣਾਂ ਕਰਵਾ ਕੇ ਹੀ ਵੋਟਾਂ ਪਾਉਣ ਦੇ ਸਮੇਂ ਦੀ ਸਮਾਪਤੀ ਉੱਤੇ ਪਈਆਂ ਵੋਟਾਂ ਦੀ ਗਿਣਤੀ ਨੂੰ 8, 10 ਤੇ ਇੱਥੋਂ ਤੱਕ ਕਿ 12 ਫ਼ੀਸਦੀ ਤੱਕ ਵਧਾਇਆ ਜਾ ਸਕਦਾ ਹੈ। ਚੋਣ ਕਮਿਸ਼ਨ ਵੱਲੋਂ ਇਸ ਮੁੱਦੇ ਉੱਤੇ ਚੁੱਪੀ ਨੂੰ ਤੋੜਨ ਨਾਲ ਭਾਜਪਾ ਦਾ ਸਾਮਰਾਜ ਧੜੰਮ ਜਨਤਾ ਦੇ ਪੈਰੀਂ ਡਿੱਗ ਜਾਵੇਗਾ। ਅਡਾਨੀ ਮੁੱਦੇ ਉੱਤੇ ਖੇਡਣ ਲਈ ਖੁੱਲ੍ਹਾ ਸਮਾਂ ਹੈ। ਉਂਜ ਵੀ ਉਸ ਮੁੱਦੇ ਦਾ ਅੰਤ ਕਾਰਪੋਰੇਟ ਦਾ ਅੰਤ ਨਹੀਂ ਬਣਨਾ। ਇੱਧਰ, ਚੋਣ ਕਮਿਸ਼ਨ ਵਿਰੁੱਧ ਸਫ਼ਲਤਾ ਲੋਕਤੰਤਰ ਬਹਾਲ ਕਰਨ ਦਾ ਮਹਾਨ ਕਾਰਜ ਕਰ ਦੇਵੇਗੀ।

ਇਹ ਰਾਹੁਲ ਗਾਂਧੀ ਲਈ ਕਾਰਜਾਂ ਦੀ ਸੰਖੇਪ ਸੂਚੀ ਹੈ। ਜਦੋਂ ਤੱਕ ਇਸ ਦਿਸ਼ਾ ਵਿੱਚ ਕੰਮ ਨਹੀਂ ਕੀਤਾ ਜਾਂਦਾ, ਰਾਹੁਲ ਦੇ ਰਾਹ ਵਿੱਚ ਇਹ ਰੁਕਾਵਟਾਂ ਬਣ ਕੇ ਖੜ੍ਹੇ ਰਹਿਣਗੇ। ਰਾਹੁਲ ਗਾਂਧੀ ਨੇ ਮੋਦੀ ਦਾ ਬਦਲ ਨਹੀਂ ਬਣਨਾ। ਕਾਂਗਰਸ ਨੇ ਵੀ ਭਾਜਪਾ ਦਾ ਬਦਲ ਨਹੀਂ ਬਣਨਾ। ਬਦਲਵੀਆਂ ਨੀਤੀਆਂ ਨੇ ਹੀ ਬਦਲ ਬਣਨਾ ਹੈ। ਇਸ ਲਈ ਭਾਜਪਾ ਦੀਆਂ ਨੀਤੀਆਂ ਨੂੰ ਲੋਕ ਵਿਰੋਧੀ ਸਿੱਟਿਆਂ ਦੀ ਜੜ੍ਹ ਅਤੇ ਬਦਲਵੀਆਂ ਨੀਤੀਆਂ ਨੂੰ ਜਨ-ਕਲਿਆਣਕਾਰੀ ਸਾਬਤ ਕਰਨਾ ਰਾਹੁਲ ਗਾਂਧੀ ਦਾ ਰਾਹ ਹੋਣਾ ਚਾਹੀਦਾ ਹੈ। ਕੀ ਉਹ ਆਪਣੀ ਵਿਅਕਤੀਗਤ ਕਾਬਲੀਅਤ ਨਾਲ ਆਪਣੀ ਪਾਰਟੀ ਅਤੇ ਸਹਿਯੋਗੀ ਪਾਰਟੀਆਂ ਨੂੰ ਨਾਲ ਤੋਰਦਿਆਂ ਰਾਹ ਦੇ ਇਹ ਅੜਿੱਕੇ ਦੂਰ ਕਰ ਲਵੇਗਾ?

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

Kw SILICON CITY
KELLERWILLIAMS.
To buy Home, business or any kind of property
Gurjeet Rai
408-802-5303
GurjeetRai@kw.com
SoldbyGurjeetRai.com
5-STAR RATING
DRE 02149422
Please consult before finalizing your deal or decision
REALTOR OF THE YEAR 2022
AGENT OF THE EXCELLENCE 2022
2221 Oakland Rd, Ste 268
San Jose CA 95131




ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਆਪਣੇ ਕਾਰੋਬਾਰ ਲਈ ਵਧੀਆ ਅਤੇ ਮਜਬੂਤ ਬੈਗ, ਵਾਜਬ ਭਾਅ ਤੇ ਬਣਵਾਉਣ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ।
TB
THE BAGS
(A-Non Woven Bags Printing Company)
Near Chardikla Service Station, Bhikhi Road, Dhanaula (Barnala)
E-mail : thewovenbags@gmail.com
Pali Dhanaula 62831-60309
Jaspreet Kahlon 98784-45587



# ਰਾਏ ਬੁਲਾਰ ਜੀ



ਇਤਿਹਾਸ ਵਿਚ ਇਹ ਦਰਜ ਹੈ ਕਿ ਰਾਏ ਬੁਲਾਰ (1425––1515) ਜੀ ਦੇ ਘਰ ਵਿਆਹ ਤੋਂ ਕਾਫੀ ਸਮੇਂ ਤਕ ਕੋਈ ਪੁੱਤਰ ਜਾਂ ਪੁਤ੍ਰੀ ਨੇ ਜਨਮ ਨਾ ਲਿਆ ਤਾਂ ਉਹ ਉਦਾਸ ਹੋ ਗਿਆ। ਜਦੋਂ ਉਸ ਨੂੰ ਬਾਲ ਨਾਨਕ ਦੀਆਂ ਵੱਖ ਵੱਖ ਲੀਲਾਵਾਂ ਰਾਹੀਂ ਗਿਆਨ ਹੋਇਆ ਕਿ ਬਾਲ ਨਾਨਕ ਤਾਂ ਅਕਾਲ ਪੁਰਖ ਦਾ ਹੀ ਸਰੂਪ ਹੈ ਤਾਂ ਰਾਏ ਬੁਲਾਰ ਉਨ੍ਹਾਂ ਦਾ ਸਿੱਖ ਹੋ ਗਿਆ। ਇਕ ਦਿਨ ਉਹ ਗੁਰੂ ਸਾਹਿਬ ਕੋਲ ਆਇਆ ਤਾਂ ਉਦਾਸ ਦੇਖ ਗੁਰੂ ਜੀ ਪੁੱਛਣ ਲੱਗੇ ਕਿ ਉਦਾਸੀ ਦਾ ਕੀ ਕਾਰਨ ਹੈ ਤਾਂ ਰਾਏ ਬੁਲਾਰ ਜੀ ਨੇ ਕਿਹਾ ਕਿ ਮਹਾਰਾਜ ਤੁਸੀਂ ਜਾਣੀ ਜਾਣ ਹੋ। ਗੁਰੂ ਸਾਹਿਬ ਨੇ ਉਚਾਰਿਆ ਕਿ ਅਕਾਲ ਪੁਰਖ ਤੁਹਾਡੀ ਹਰ ਇੱਛਾ ਪੂਰੀ ਕਰੇਗਾ। ਉਸ ਤੋਂ ਇਕ ਸਾਲ ਬਾਅਦ ਰਾਏ ਬੁਲਾਰ ਦੀ ਫੁਲਵਾੜੀ ਵਿਚ ਇਕ ਸੁੰਦਰ ਫੁੱਲ ਖਿੜ ਪਿਆ ਜਿਸ ਨਾਲ ਪਰਿਵਾਰ ਖੁਸ਼ੀਆਂ ਨਾਲ ਭਰਪੂਰ ਹੋਇਆ। ਰਾਏ ਬੁਲਾਰ ਨੇ ਆਪਣੀ ਜ਼ਮੀਨ ਵਿਚੋਂ ਅੱਧੀ ਲਗਭਗ 750 ਮੁਰੱਬੇ ਗੁਰੂ ਬਾਬੇ ਦੇ ਨਾਂ ਕਰਵਾ ਦਿਤੀ ਜਿਹੜੀ ਅੱਜ ਵੀ ਗੁਰੂ ਸਾਹਿਬ ਦੇ ਨਾਂ ਬੋਲਦੀ ਹੈ ਅਤੇ ਗੁਰਦਵਾਰਾ ਨਨਕਾਣਾ ਸਾਹਿਬ ਤੇ ਹੋਰ ਅਦਾਰੇ ਉਸ ਥਾਂ ਉਪਰ ਸੁਭਾਏਮਾਨ ਹਨ ਸੰਗਤਾਂ ਉਸ ਥਾਂ ਉਪਰ ਨਤਮਸਤਕ ਹੁੰਦੀਆਂ ਹਨ। ਰਾਏ ਬੁਲਾਰ ਜੀ ਦੀ ਫੁਲਵਾੜੀ ਦਿਨੋ ਦਿਨ ਵਧਦੀ ਰਹੀ ਤੇ ਹੁਣ 19ਵੀਂ ਪੀੜ੍ਹੀ ਬਾਕੀ ਦੀ ਭੋਏਂ ਨੂੰ ਸੰਭਾਲ ਰਹੀ ਹੈ।

ਜਗਤ ਗੁਰੁ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਪਿੰਡ ਤਲਵੰਡੀ ਵਿਚ ਹੋਇਆ ਸੀ। ਤਲਵੰਡੀ ਦਾ ਪਹਿਲਾ ਨਾਂ ਰਾਏਪੁਰ ਸੀ। ਰਾਏ ਭੋਏ, ਭੱਟੀ ਮੁਸਲਮਾਨ ਸਰਦਾਰ ਤਲਵੰਡੀ ਦੇ ਆਸ ਪਾਸ ਦੇ ਇਲਾਕੇ ਦਾ ਮਾਲਿਕ ਸੀ ਇਸ ਲਈ ਇਸ ਤਲਵੰਡੀ ਦਾ ਨਾਂ ਰਾਏ ਭੋਏ ਦੀ ਤਲਵੰਡੀ ਪੈ ਗਿਆ ਸੀ। ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੋਣ ਕਾਰਨ ਇਸ ਦਾ ਨਾਂ ਨਾਨਕ-ਆਣਾ ਭਾਵ ਨਨਕਾਣਾ ਅਤੇ ਵਰਤਮਾਨ ਸਮੇਂ ਇਸ ਸਥਾਨ ਦਾ ਨਾਂ ਨਨਕਾਣਾ ਸਾਹਿਬ ਜ਼ਿਲਾ ਸ਼ੇਖਪੁਰਾ ਪਾਕਿਸਤਾਨ ਹੈ। ਜਦੋਂ ਲਾਹੌਰ ਤੋਂ ਜੜ੍ਹਾਂਵਾਲੇ ਨੂੰ ਜਾਣ ਵਾਲੀ ਰੇਲਵੇ ਲਾਈਨ ਉਤੇ ਨਨਕਾਣਾ ਸਾਹਿਬ ਰੇਲਵੇ ਸਟੇਸ਼ਨ ਹੈ।



ਡਾ. ਅਜੀਤ ਸਿੰਘ ਕੋਟ ਕਪੂਰਾ
+1 585 305 0443

ਮੁਸਲਮਾਨਾਂ ਦੇ ਰਾਜ ਸਮੇਂ ਬਹੁਤ ਸਾਰੇ ਭੱਟੀ ਰਾਜਪੂਤ ਮੁਸਲਮਾਨ ਹੋ ਗਏ ਸਨ, ਜਿਨ੍ਹਾਂ ਵਿਚ ਦੁੱਲਾ ਭੱਟੀ ਅਤੇ ਉਸ ਦਾ ਪੁੱਤਰ ਕਮਾਲ ਖਾਨ ਇਤਿਹਾਸ ਵਿਚ ਕਾਫੀ ਪ੍ਰਸਿੱਧ ਹਨ। ਰਾਏ ਬੁਲਾਰ ਰਾਏ ਭੋਏ ਭੱਟੀ ਦਾ ਪੁੱਤਰ ਸੀ। ਰਾਏ ਬੁਲਾਰ ਭਾਵੇਂ ਇਕ ਵੱਡਾ ਜਗੀਰਦਾਰ ਸੀ ਪ੍ਰੰਤੂ ਉਹ ਬੜਾ ਸਖੀ ਤੇ ਮਿੱਠੇ ਸੁਭਾਅ ਵਾਲਾ ਸੀ। ਗੁਰੂ ਨਾਨਕ ਦੇਵ ਜੀ ਦੇ ਪਿਤਾ ਦਾ ਨਾਂ ਬਾਬਾ ਕਾਲੂ ਸੀ ਕਈ ਇਤਿਹਾਸਕਾਰਾਂ ਵਲੋਂ ਉਨ੍ਹਾਂ ਦਾ ਨਾਂ ਕਲਿਆਣ ਰਾਏ, ਕਾਲੂ ਰਾਏ ਅਤੇ ਮਹਿਤਾ ਕਾਲੂ ਕਰ ਕੇ ਵੀ ਲਿਖਿਆ ਮਿਲਦਾ ਹੈ। ਮਹਿਤਾ ਕਾਲੂ ਜੀ ਰਾਏ ਭੋਏ ਦੇ ਪੁੱਤਰ ਰਾਏ ਬੁਲਾਰ ਪਾਸ ਪਟਵਾਰੀ ਸਨ ਅਤੇ ਤਲਵੰਡੀ ਵਿਚ ਰਹਿੰਦੇ ਸਨ। ਮਹਿਤਾ ਕਾਲੂ ਰਾਏ ਬੁਲਾਰ ਜੀ ਦੇ ਸਾਰੇ ਕਾਰੋਬਾਰ ਦੇ ਮੁਖਤਾਰ ਹੋਣ ਕਾਰਨ ਕਾਫੀ ਅਮੀਰ ਸਨ ਅਤੇ ਘਰ ਵਿਚ ਕਿਸੇ ਗੱਲ ਦੀ ਘਾਟ ਨਹੀਂ ਸੀ। ਸਾਰਾ ਇਲਾਕਾ ਹਨਾ ਦੀ ਇੱਜਤ ਕਰਦਾ ਸੀ। ਮਹਿਤਾ ਕਾਲੂ ਜੀ ਦਾ ਅਸਲੀ ਪਿੰਡ ਪੱਠੇ ਵਿੰਡ ਤਾਂ ਜ਼ਿਲਾ ਅਮ੍ਰਿਤਸਰ ਵਿਚ ਤਰਨ ਤਾਰਨ ਤੋਂ 10 ਮੀਲ ਤੇ ਸੀ। ਕੁਝ ਇਤਿਹਾਸਕਾਰਾਂ ਨੇ ਪਿੰਡ ਦਾ ਨਾਂ ਪਠੇਵਾਲ ਵੀ ਲਿਖਿਆ ਹੈ ਬਾਅਦ ਵਿਚ ਉਸ ਦਾ ਨਾਂ ਡੇਰਾ ਸਾਹਿਬ ਹੋ ਗਿਆ ਸੀ। ਉਥੇ ਗੁਰੂ ਨਾਨਕ ਜੀ ਦਾ ਗੁਰਦਵਾਰਾ ਹੈ।

ਗੁਰੂ ਨਾਨਕ ਜੀ ਦੀ ਮਾਤਾ ਦਾ ਨਾਂ ਤ੍ਰਿਪਤਾ ਸੀ ਅਤੇ ਮਾਤਾ ਜੀ ਦਾ ਪੇਕਾ ਪਿੰਡ ਚਾਹਲ ਜ਼ਿਲਾ ਲਾਹੌਰ ਵਿਚ ਹੈ। ਬੀਬੀ ਨਾਨਕੀ ਜੀ ਦਾ ਜਨਮ ਇਸੇ ਪਿੰਡ ਵਿਚ ਹੋਇਆ ਸੀ। ਨਾਨਕੇ ਪਿੰਡ ਵਿਚ ਜਨਮ ਲੈਣ ਕਾਰਨ ਹੋ ਉਸ ਦਾ ਨਾਂ ਬੇਬੇ ਨਾਨਕੀ ਹੋ ਗਿਆ ਸੀ। ਸਤਿਗੁਰੂ ਜੀ ਦਾ ਨਾਂ ਵੀ ਬੇਬੇ ਨਾਨਕੀ ਦਾ ਵੀਰ ਹੋਣ ਕਾਰਨ ਨਾਨਕ ਰਖਿਆ ਗਿਆ ਸੀ। ਬੇਬੇ ਨਾਨਕੀ ਆਪਣੇ ਵੀਰ ਤੋਂ ਪੰਜ ਸਾਲ ਵੱਡੀ ਸੀ। ਸਭ ਤੋਂ ਪਹਿਲਾਂ ਦਾਈ ਦੌਲਤਾਂ ਨੇ ਹੀ ਬਾਲ ਨਾਨਕ ਦੀ ਪਛਾਣ ਕੀਤੀ ਦਸੀ ਜਾਂਦੀ ਹੈ ਅਤੇ ਜਦੋਂ ਦੌਲਤਾਂ ਦਾਈ ਨੇ ਦੱਸਿਆ ਕਿ ਉਹਨਾਂ ਦੇ ਘਰ ਇਕ ਇਕ ਪ੍ਰਭਾਵਸ਼ਾਲੀ ਤੇ ਅਨੋਖਾ ਬਾਲਕ ਪੈਦਾ ਹੋਇਆ ਹੈ ਤਾਂ ਮਹਿਤਾ ਕਾਲੂ ਜੀ ਬਹੁਤ ਹੀ ਖੁਸ਼ ਹੋਏ। ਦਾਈ ਨੇ ਉਨ੍ਹਾਂ ਨੂੰ ਦੱਸਿਆ ਕਿ ਬੱਚੇ ਦੇ ਜਨਮ ਸਮੇਂ ਕਮਰੇ ਵਿਚ ਇਕ ਅਦਭੁਤ ਚਾਨਣ ਹੋਇਆ ਅਤੇ ਕੁਝ ਖੁਸ਼ੀ ਭਰੀਆਂ ਵਿਸਮਾਦਮਈ ਅਵਾਜ਼ਾਂ ਬਾਲਕ ਨੂੰ ਜੀ ਆਇਆ ਨੂੰ ਕਹਿੰਦਆਂ ਸੁਣੀਆਂ ਗਈਆਂ ਸਨ। ਬਾਲਕ ਵੀ ਕੋਈ ਸਧਾਰਣ ਬਾਲਕ ਨਹੀਂ ਸੀ ਜਨਮ ਸਮੇਂ ਬਿਲਕੁਲ ਵੀ ਰੋਇਆ ਨਹੀਂ ਸੀ ਸਗੋਂ ਮੁਸਕਰਾਇਆ ਸੀ। ਪਿੰਡ ਦਾ ਹਾਕਮ ਰਾਏ ਬੁਲਾਰ ਵੀ ਬਾਲਕ ਨੂੰ ਵੇਖਣ ਵਾਸਤੇ ਆਪਣੇ ਕੁਝ ਸਾਥੀਆਂ ਨਾਲ ਆਇਆ ਸੀ। ਸੁੰਦਰ ਬਾਲਕ ਨੂੰ ਦੇਖ ਸਾਰੇ ਪ੍ਰਸੰਨ ਹੋਏ ਸਨ। ਸਭ ਤੋਂ ਜਿਆਦਾ ਖੁਸ਼ੀ ਭੈਣ ਨਾਨਕੀ ਨੂੰ ਹੋਈ ਸੀ। ਉਹ ਆਪਣੇ ਵੀਰ ਤੋਂ ਇਕ ਪਲ ਵੀ ਵੱਖ ਨਹੀਂ ਹੋਣਾ ਚਾਹੁੰਦੀ ਸੀ। ਛੋਟਾ ਵੀਰ ਵੀ ਆਪਣੀ ਭੈਣ ਨੂੰ ਦੇਖ ਮੁਸਕਰਾ ਰਿਹਾ ਸੀ। ਕਿਹਾ ਜਾਂਦਾ ਹੈ ਭੈਣ ਨੇ ਹੀ ਆਪਣੇ ਵੀਰ ਨਾਨਕ ਨੂੰ ਰੱਬੀ ਰੂਪ ਹੋਣਾ ਪਛਾਣਿਆ ਸੀ। ਉਸ ਤੋਂ ਬਾਅਦ ਰਾਏ ਬੁਲਾਰ ਜੀ ਨੇ ਉਸ ਬਾਲ ਨਾਨਕ ਨੂੰ ਅਕਾਲ ਪੁਰਖ ਦੇ ਰੂਪ ਵਿਚ ਮੰਨਿਆ ਸੀ। ਸਾਡੇ ਸਮਾਜ ਦੇ ਅੰਦਰ ਇਹ ਧਾਰਨਾ ਹੈ ਕਿ ਜੇ ਕਰ ਪੁਤ੍ਰੀ ਤੋਂ ਬਾਅਦ ਪੁੱਤਰ ਪੈਦਾ ਹੋਵੇ ਤਾਂ ਇਹ ਸ਼ੁਭ ਲੱਛਣ ਮੰਨਿਆ ਜਾਂਦਾ ਹੈ ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ ਭੈਣ ਆਪਣੇ ਵੀਰ ਨੂੰ ਲੈ ਕੇ ਆਈ ਹੈ। ਗੁਰੂ ਨਾਨਕ ਦੇਵ ਜੀ ਵੀ ਆਪਣੀ ਭੈਣ ਨੂੰ ਬਹੁਤ ਹੀ ਪਿਆਰ ਕਰਦੇ ਸਨ ਅਤੇ ਜਦੋਂ ਵੀ ਭੈਣ ਨਾਨਕੀ ਉਨ੍ਹਾਂ ਨੂੰ ਯਾਦ ਕਰਦੇ ਸਨ ਉਹ ਹਾਜ਼ਰ ਹੋ ਜਾਇਆ ਕਰਦੇ ਸਨ।

ਬਾਲ ਨਾਨਕ ਦੀ ਤੀਖਣ ਬੁੱਧੀ ਸੀ ਬਾਲ ਨਾਨਕ ਦੇ ਤਿੰਨ ਅਧਿਆਪਕ, ਹਿੰਦੀ ਲਈ ਗੋਪਾਲ ਪੰਡਿਤ, ਸੰਸਕ੍ਰਿਤ ਲਈ ਬ੍ਰਿਜ ਲਾਲ ਪੰਡਿਤ,ਅਤੇ ਫਾਰਸੀ ਲਈ ਮੌਲਵੀ ਕੁਤਬਦੀਨ ਸੀ ਇਹ ਤਿੰਨੇ ਅਧਿਆਪਕ ਹੀ ਬਾਲ ਨਾਨਕ ਦੀ ਬੁੱਧੀਮਤਾ ਤੋਂ ਬੜੇ ਹੈਰਾਨ ਹੋਏ ਸੀ। ਉਨ੍ਹਾਂ ਦਾ ਕੇਵਲ ਰੌਸ਼ਨ ਦਿਮਾਗ ਹੀ ਨਹੀਂ ਸੀ ਸਗੋਂ ਉਨ੍ਹਾਂ ਨੂੰ ਧਾਰਮਿਕ ਜੀਵਨ ਦੀ ਪੂਰੀ ਸੂਝ ਸੀ। ਇਸ ਕਾਰਨ ਹੀ ਹਿੰਦੂ ਅਤੇ ਮੁਸਲਮਾਨ ਉਨ੍ਹਾਂ ਨੂੰ ਸਿਰ ਨਿਵਾਣ ਲੱਗ ਪਏ ਸਨ। ਉਸ ਸਮੇਂ ਦਾ ਹਾਕਮ ਰਾਏ ਬੁਲਾਰ ਵੀ ਆਖਦਾ ਸੀ ਕਿ ਇਸ ਬਾਲਕ ਉਪਰ ਖ਼ੁਦਾਇ ਦੀ ਖਾਸ ਰਹਿਮਤ ਹੈ।

ਬਾਲ ਨਾਨਕ ਦੇ ਕੌਤਕ ਰਾਏ ਬੁਲਾਰ ਜੀ ਨੇ ਅੱਖੀਂ ਦੇਖੇ ਸਨ ਜਿਸ ਕਾਰਨ ਉਨ੍ਹਾਂ ਦਾ ਇਹ ਵਿਚਾਰ ਬਣਿਆ ਸੀ। ਸਾਖੀਆਂ ਅੰਦਰ ਲਿਖਿਆ ਮਿਲਦਾ ਹੈ ਕਿ ਇਕ ਵਾਰ ਬਾਲ ਨਾਨਕ ਵੈਰਾਗ ਅਵਸਥਾ ਦੇ ਅੰਦਰ ਅਕਾਲ ਪੁਰਖ ਦੇ ਭਗਤੀ ਰੰਗ ਵਿਚ ਇਕੱਲੇ ਹੀ ਘਰੋਂ ਚੱਲ ਪਏ। ਖੇਤਾਂ ਦੇ ਲਾਗੇ ਹੀ ਇਕ ਰੁੱਖ ਦੇ ਥੱਲੇ ਬੈਠ ਧਿਆਨ ਵਿਚ ਮਗਨ ਹੋ ਗਏ। ਅਕਾਲ ਪੁਰਖ ਦੇ ਰੰਗ ਵਿਚ, ਸਰੂਰ ਅੰਦਰ ਹੀ ਰੁੱਖ ਦੇ ਥੱਲੇ ਲੰਮੇ ਪੈ ਗਏ। ਉਸ ਅਕਾਲ ਪੁਰਖ ਦੇ ਭਾਣੇ ਅੰਦਰ ਹੀ ਰਾਏ ਬੁਲਾਰ ਘੋੜੇ ਤੇ ਸਵਾਰ ਖੇਤਾਂ ਵਿਚ ਗੇੜਾ ਮਾਰ ਘਰ ਆ ਰਿਹਾ ਸੀ ਕਿ ਉਸ ਨੇ ਬਾਲ ਨਾਨਕ ਨੂੰ ਰੁੱਖ ਥੱਲੇ ਸੁਤੇ ਹੋਏ ਡਿਠਾ। ਇਕ ਸਫੇਦ ਰੰਗ ਦੇ ਵੱਡੇ ਫਨੀਅਰ ਸੱਪ ਨੇ ਆਪਣਾ ਫਨ ਫੈਲਾ ਕੇ ਸਤਿਗੁਰਾਂ ਦੇ ਨੂਰਾਨੀ ਚੇਹਰੇ ਉਪਰ ਛਾਂ ਕੀਤੀ ਹੋਈ ਸੀ। ਇਸ ਅਲੌਕਿਕ ਕੌਤਕ ਨੂੰ ਦੇਖ ਰਾਏ ਬੁਲਾਰ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਘੋੜੇ ਤੋਂ ਉਤਰ ਜਦੋਂ ਰਾਏ ਬੁਲਾਰ ਬਾਲ ਨਾਨਕ ਵਲ ਨੂੰ ਹੋਇਆ ਤਾਂ ਉਹ ਸੱਪ ਝਾੜੀਆਂ ਵਿਚ ਲੁਕ ਗਿਆ। ਰਾਏ ਬੁਲਾਰ ਸਮਝ ਗਿਆ ਕਿ ਬਾਲ ਨਾਨਕ ਕੋਈ ਸਧਾਰਨ ਬਾਲ ਨਹੀਂ ਹੈ। ਉਸ ਨੂੰ ਇੰਜ ਮਹਿਸੂਸ ਹੋਇਆ ਕਿ ਇਹ ਤਾਂ ਅਕਾਲ ਪੁਰਖ ਦਾ ਹੀ ਸਰੂਪ ਹੈ। ਉਹ ਮਨ ਹੀ ਮਨ ਬਾਲ ਨਾਨਕ ਜੀ ਦਾ ਸਚਾ ਸਿੱਖ ਬਣ ਗਿਆ ਅਤੇ ਉਨ੍ਹਾਂ ਦੇ ਚਰਨਾਂ ਉਪਰ ਜਾ ਮੱਥਾ ਟੇਕਿਆ। ਬਾਲ ਨਾਨਕ ਦੀ ਸਮਾਧੀ ਖੁਲ ਗਈ ਤੇ ਰਾਏ ਬੁਲਾਰ ਸਤਿਕਾਰ ਸਹਿਤ ਉਨ੍ਹਾਂ ਨੂੰ ਘਰ ਵਾਪਸ ਲੈ ਆਇਆ। ਰਾਏ ਬੁਲਾਰ ਉਸ ਦਿਨ ਤੋਂ ਰੋਜ਼ਾਨਾ ਬਾਲਾ ਪ੍ਰੀਤਮ ਨਾਨਕ ਜੀ ਦੇ ਘਰ ਦਰਸ਼ਨ ਕਰਨ ਸਵੇਰੇ ਆਉਂਦਾ ਸੀ।

ਇਕ ਦਿਨ ਰਾਏ ਬੁਲਾਰ ਸਵੇਰੇ ਕੁਝ ਦੇਰ ਨਾਲ ਬਾਲ ਨਾਨਕ ਦੇ ਦਰਸ਼ਨ ਕਰਨ ਉਨ੍ਹਾਂ ਦੇ ਘਰ ਪੁਜੇ ਤਾਂ ਬਾਲ ਨਾਨਕ ਘਰ ਵਿਚ ਮੌਜੂਦ ਨਹੀਂ ਸਨ। ਘਰੋਂ ਪੁੱਛਿਆ ਤਾਂ ਦੱਸਿਆ ਗਿਆ ਕਿ ਬਾਲ ਨਾਨਕ ਤਾਂ ਬਾਹਰ ਖੇਡਣ ਲਈ ਗਏ ਹਨ। ਦਰਸ਼ਨ ਕਰਨ ਖਾਤਰ ਰਾਏ ਬੁਲਾਰ ਉਨ੍ਹਾਂ ਦੀ ਭਾਲ ਵਿਚ ਬਾਹਰ ਚਲੇ ਗਏ। ਬਾਲ ਨਾਨਕ ਹੋਰ ਬੱਚਿਆਂ ਨਾਲ ਖੇਡਣ ਦੀ ਬਜਾਏ ਇਕ ਦਰੱਖਤ ਥਲੇ ਅਕਾਲ ਪੁਰਖ ਦੇ ਰੰਗ ਵਿਚ ਮਗਨ ਹੋ ਗਏ ਸਨ। ਉਨ੍ਹਾਂ ਦੀ ਸੁਰਤਿ ਐਸੀ ਜੁੜੀ ਕਿ ਉਨ੍ਹਾਂ ਨੂੰ ਸਮੇਂ ਦਾ ਧਿਆਨ ਵਿਸਰ ਗਿਆ। ਸਵੇਰ ਤੋਂ ਸ਼ਾਮ ਹੋ ਗਈ। ਰੁੱਖਾਂ ਦੇ ਪਰਛਾਵੇਂ ਢਲ ਗਏ ਭਾਵ ਪੱਛਮ ਤੋਂ ਪੂਰਬ ਵਲ ਵਲ ਹੋ ਗਏ ਸਨ।

ਰਾਏ ਬੁਲਾਰ ਬਾਲ ਨਾਨਕ ਦੀ ਭਾਲ ਕਰਦਾ ਹੋਇਆ ਘੋੜੇ ਤੇ ਸਵਾਰ ਅਖੀਰ ਉਸ ਜਗਾਹ ਤੇ ਪੁੱਜਾ ਜਿਥੇ ਬਾਲ ਨਾਨਕ ਅਕਾਲ ਪੁਰਖ ਨਾਲ ਸੂਰਤ ਜੋੜ ਕੇ ਲੰਮੇ ਪਏ ਹੋਏ ਸਨ। ਰਾਏ ਬੁਲਾਰ ਇਹ ਦੇਖ ਕੇ ਅਸਚਰਜ ਰਹਿ ਗਿਆ ਕਿ ਜਿਸ ਦਰੱਖਤ ਥੱਲੇ ਬਾਲ ਨਾਨਕ ਪਏ ਸਨ, ਉਸ ਦਰੱਖਤ ਦੀ ਛਾਂ ਜਿਉਂ ਦੀ ਤਿਉਂ ਬਾਲ ਨਾਨਕ ਜੀ ਦੇ ਮੁਖੜੇ ਤੇ ਪੈ ਰਹੀ ਸੀ। ਜਦੋ ਕਿ ਬਾਕੀ ਰੁੱਖਾਂ ਦੀ ਛਾਂ ਢਲ ਚੁਕੀ ਸੀ। ਰਾਏ ਬੁਲਾਰ ਨੇ ਬਾਲ ਨਾਨਕ ਨੂੰ ਮੱਥਾ ਟੇਕਿਆ। ਸਤਿਗੁਰਾਂ ਦੀ ਸਮਾਧੀ ਖੁਲ ਗਈ। ਬਾਲ ਨਾਨਕ ਤੇ ਰਾਏ ਬੁਲਾਰ ਘੋੜੇ ਤੇ ਸਵਾਰ ਹੋ ਕੇ ਘਰ ਆ ਗਏ।

ਬਾਲ ਅਵਸਥਾ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਸੱਚੇ ਨਾਮ ਦੀ ਸਿਖਿਆ ਦੇਣ ਲਈ ਕਈ ਕੌਤਕ ਰਚਦੇ ਰਹਿੰਦੇ ਸਨ ਉਨ੍ਹਾਂ ਕੌਤਕਾਂ ਵਿਚੋਂ ਇਕ ਵੀਹ ਰੁਪਏ ਦਾ ਖਰ੍ਹਾ ਅਤੇ ਸੱਚਾ ਸੌਦਾ ਕਰਨਾ ਵੀ ਹੈ। ਇਸ ਕੌਤਕ ਤੋਂ ਹੀ ਲੰਗਰ ਤੇ ਪੰਗਤ ਦੀ ਮਹਾਨ ਪ੍ਰਥਾ ਸ਼ੁਰੂ ਹੋਈ।

ਖਰੇ ਸੌਦੇ ਵਾਲੇ ਕੌਤਕ ਦਾ ਜਦੋਂ ਰਾਏ ਬੁਲਾਰ ਨੂੰ ਪਤਾ ਲੱਗਾ ਤਾਂ ਉਹ ਝੱਟ ਤਿਆਰ ਹੋ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਆ ਗਏ। ਵੀਹ ਰੁਪਏ ਨੁਕਸਾਨ ਦੇ ਆਪਣੇ ਕੋਲੋਂ ਮਹਿਤਾ ਕਲਿਆਣ ਚੰਦ ਨੂੰ ਦੇਣ ਦੀ ਪੇਸ਼ਕਸ਼ ਕੀਤੀ। ਮਹਿਤਾ ਕਲਿਆਣ ਚੰਦ, ਰਾਏ ਬੁਲਾਰ ਦੀ ਨਾਨਕ ਪ੍ਰਤੀ ਸ਼ਰਧਾ ਦੇਖ ਸ਼ਾਂਤ ਹੋ ਗਏ। ਉਨ੍ਹਾਂ ਨੇ ਆਪਣੇ ਮਨ ਵਿਚ ਸੋਚਿਆ ਕਿ ਨਾਨਕ ਨੇ ਇਨ੍ਹਾਂ ਵੀ ਨੁਕਸਾਨ ਨਹੀਂ ਕੀਤਾ ਜੋ ਕਿ ਸਹਿਣ ਨਾ ਕੀਤਾ ਜਾ ਸਕੇ। ਉਨ੍ਹਾਂ ਨੇ ਵੀਹ ਰੁਪਏ ਲੈਣ ਤੋਂ ਮਨ੍ਹਾ ਕਰ ਦਿੱਤਾ। ਰਾਏ ਬੁਲਾਰ ਨੂੰ ਆਦਰ ਸਹਿਤ ਮੰਜੇ ਤੇ ਬੈਠਣ ਲਈ ਬੇਨਤੀ ਕੀਤੀ। ਰਾਏ ਬੁਲਾਰ ਸਾਚੇ ਸੌਦੇ ਵਾਲੇ ਕੌਤਕ ਦਾ ਪੂਰਾ ਵੇਰਵਾ ਸੁਣ ਕੇ ਨਿਹਾਲ ਹੋਏ। ਰਾਏ ਬੁਲਾਰ ਨੂੰ ਜ਼ਿਆਦਾ ਖੁਸ਼ੀ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨਾ ਦੀ ਹੋ ਰਹੀ ਸੀ। ਜਨੇਊ ਪਹਿਨਣ ਤੋਂ ਦਲੀਲ ਸਹਿਤ ਇਨਕਾਰੀ ਹੋਣਾ, ਕਰਮ ਕਾਂਡ ਦੇ ਸਦੀਆਂ ਤੋਂ ਚਲੇ ਆ ਰਹੇ ਭਰਮ ਉਪਰ ਗੁਰੂ ਨਾਨਕ ਦੀ ਪਹਿਲੀ ਕਰਾਰੀ ਚੋਟ ਸੀ। ਜੀਵਨ ਸੰਗਰਾਮ ਵਿਚ ਉਨ੍ਹਾਂ ਦੀ ਇਹ ਪਹਿਲੀ ਜਿੱਤ ਸੀ ਜੋ ਉਨ੍ਹਾਂ ਨੇ ਆਪਣੀ ਦ੍ਰਿੜਤਾ ਦੇ ਬਲ ਨਾਲ ਪ੍ਰਾਪਤ ਕੀਤੀ ਸੀ।

ਰਾਏ ਬੁਲਾਰ ਜੀ 10 ਪਿੰਡਾਂ ਦਾ ਮਾਲਕ ਸੀ। ਇਹ ਜਾਗੀਰ ਉਨ੍ਹਾਂ ਦੇ ਪਿਓ ਨੂੰ ਮੁਸਲਮਾਨ ਹੋ ਜਾਣ ਕਾਰਨ ਮੌਕੇ ਦੀ ਹਕੂਮਤ ਨੇ ਉਨ੍ਹਾਂ ਨੂੰ ਦਿਤੀ ਸੀ। ਬਾਬਾ ਕਾਲੂ ਜੀ ਇਹਨਾਂ ਦਸਾਂ ਪਿੰਡਾਂ ਦੇ ਹੀ ਪਟਵਾਰੀ ਸਨ। ਅਤੇ ਰਾਏ ਬੁਲਾਰ ਨੇ ਕੁਝ ਜ਼ਮੀਨ ਦੀ ਮਾਲਕੀ ਵੀ ਉਨ੍ਹਾਂ ਨੂੰ ਦਿਤੀ ਹੋਈ ਸੀ। ਵਾਹੀ ਦਾ ਕੰਮ ਬਾਬਾ ਕਾਲੂ ਜੀ ਮੁਜ਼ਾਹਰਿਆਂ ਤੋਂ ਕਰਵਾਉਂਦੇ ਸਨ। ਸਰਕਾਰੀ ਕੰਮ ਹੋਣ ਕਾਰਨ ਪਟਵਾਰੀ ਸਾਹਿਬ ਤੌਰੇ ਫੇਰੇ ਤੇ ਹੀ ਰਹਿੰਦੇ ਸਨ ਇਸ ਲਈ ਜ਼ਮੀਨ ਦੀ ਨਿਗਰਾਨੀ ਉਹ ਆਪ ਹੀ ਕਰਿਆ ਕਰਦੇ ਸਨ। ਇਹ ਜ਼ਮੀਨ ਤਲਵੰਡੀ ਦੇ ਨੇੜੇ ਹੀ ਸੀ ਇਸ ਲਈ ਬਾਲ ਨਾਨਕ ਛੋਟੀ ਉਮਰ ਵਿਚ ਹੀ ਆਪਣੇ ਖੇਤਾਂ ਵਿਚ ਚਲੇ ਜਾਇਆ ਕਰਦੇ ਸਨ। ਬਾਬਾ ਕਾਲੂ ਜੀ ਦਾ ਕਾਫੀ ਮਾਲ ਡੰਗਰ ਵੀ ਸੀ ਅਤੇ ਕਾਮੇ ਪਸ਼ੂਆਂ ਨੂੰ ਚਰਨ ਲਈ ਲੈ ਜਾਇਆ ਕਰਦੇ ਸਨ ਅਤੇ ਕਦੇ ਕਦੇ ਬਾਲ ਨਾਨਕ ਵੀ ਉਨ੍ਹਾਂ ਦੇ ਨਾਲ ਚਲੇ ਜਾਇਆ ਕਰਦੇ ਸਨ। ਰਾਏ ਬੁਲਾਰ ਪਿੰਡ ਦਾ ਮਾਲਕ ਸੀ ਉਸ ਦੇ ਘਰ ਅੰਨ-ਧੰਨ ਦੀ ਬੇ-ਪਰਵਾਹੀ ਸੀ। ਪਟਵਾਰੀ ਸਾਹਿਬ ਦੇ ਘਰ ਵੀ ਕੋਈ ਥੁੜੋਂ ਨਹੀਂ ਸੀ। ਇਕ ਵਾਰ ਮਹੀਆਂ ਦਾ ਮਾਹੀ ਕਿਤੇ ਗਿਆ ਹੋਇਆ ਸੀ। ਆਪਣੇ ਪਿਤਾ ਦੀ ਆਗਿਆ ਨਾਲ ਬਾਲ ਨਾਨਕ ਮਹੀਆਂ ਨੂੰ ਚਾਰਨ ਲਈ ਲੈ ਗਏ। ਮਹੀਆਂ ਨੂੰ ਚਰਦੀਆਂ ਛੱਡ ਬਾਲ ਨਾਨਕ ਰੁੱਖਾਂ ਦੀ ਛਾਂ ਹੇਠ ਬੈਠ ਗਏ ਅਤੇ ਉਨ੍ਹਾਂ ਦੀ ਅੱਖ ਲੱਗ ਗਈ। ਇਤਨੇ ਵਿਚ ਮਹੀਆਂ ਕਿਸੇ ਦੇ ਖੇਤ ਵਿਚ ਜਾ ਪਈਆਂ। ਉਧਰੋਂ ਉਸ ਪੈਲੀ ਦੇ ਮਾਲਕ ਨੇ ਮਹੀਆਂ ਨੂੰ ਪੈਲੀ ਵਿਚ ਚਰਦਿਆਂ ਨੂੰ ਦੇਖ ਲਿਆ। ਉਹ ਲੋਹਾ ਲਾਖਾ ਹੋ ਗਿਆ ਅਤੇ ਕ੍ਰੋਧ ਵਿਚ ਮੰਦਾ ਬੋਲਦਾ ਹੋਇਆ ਭੱਜਿਆ ਆਇਆ। ਉਸ ਦਾ ਰੌਲਾ ਸੁਣ ਬਾਲ ਨਾਨਕ ਦੀ ਅੱਖ ਖੁਲ ਗਈ। ਬਾਲ ਨਾਨਕ ਨੇ ਉਸ ਦੀ ਪੈਲੀ ਵਿਚੋਂ ਮਹੀਆ ਨੂੰ ਕੱਢਿਆ ਅਤੇ ਉਨ੍ਹਾਂ ਨੂੰ ਦਿਲ ਅੰਦਰ ਬੜੀ ਹੀ ਚੋਭ ਲੱਗੀ। ਉਹ ਗਰੀਬਾਂ ਦੇ ਦਰਦੀ ਸਨ ਅਤੇ ਮੇਹਨਤ ਦੀ ਕਦਰ ਕਰਦੇ ਸਨ। ਜਦੋਂ ਕਿਸਾਨ ਨੇੜੇ ਪੁਜਾ ਤਾਂ ਉਸ ਨੇ ਬਾਲ ਨਾਨਕ ਨੂੰ ਦੇਖਿਆ ਤਾਂ ਪਟਵਾਰੀ ਦਾ ਪੁੱਤਰ ਹੋਣ ਕਾਰਨ ਅਤੇ ਉਨ੍ਹਾਂ ਦੀ ਉਚਤਾ ਦੀ ਚਰਚਾ ਹੋਣ ਕਾਰਨ ਮੰਦਾ ਬੋਲਣਾ ਬੰਦ ਕਰ ਦਿਤਾ। ਪਰ ਪੈਲੀ ਦੇ ਹੋਏ ਨੁਕਸਾਨ ਕਾਰਨ ਉਹ ਨਾਨਕ ਨੂੰ ਲੈ ਕੇ ਰਾਏ ਬੁਲਾਰ ਵਲ ਚਲ ਪਿਆ। ਜਦੋਂ ਸਤਿਗੁਰੂ ਨਾਨਕ ਨੂੰ ਰਾਏ ਬੁਲਾਰ ਵਲ ਲੈ ਕੇ ਜਾ ਰਿਹਾ ਸੀ ਤਾਂ ਉਨ੍ਹਾਂ ਨੇ ਪੈਲੀ ਵਲ ਪਿਆਰ ਨਾਲ ਨਜ਼ਰ ਘੁਮਾਈ ਤਾਂ ਕਿਸਾਨ ਦਾ ਬੇੜਾ ਪਾਰ ਹੋ ਗਿਆ ਸੀ।

ਕਿਸਾਨ ਨੇ ਰਾਏ ਬੁਲਾਰ ਜੀ ਕੋਲ ਪੁੱਜ ਕੇ ਤਪੇ ਹੋਏ ਦਿਲ ਨਾਲ ਆਪਣੀ ਵਿਥਿਆ ਸੁਣਾਈ। ਨਗਰ ਦੇ ਹੋਰ ਲੋਕ ਵੀ ਇਕੱਠੇ ਹੋ ਗਏ। ਬਾਲ ਨਾਨਕ ਨੇ ਬੜੇ ਹੀ ਸਹਿਜ ਨਾਲ ਕਿਹਾ ਕਿ ਜਗਤ ਦੀ ਸਾਰ ਰੱਖਣ ਵਾਲੇ ਦੀ ਮੇਹਰ ਨਾਲ ਖੇਤ ਤਾਂ ਹਰ ਭਰਾ ਹੀ ਹੈ। ਰਾਏ ਬੁਲਾਰ ਜੀ ਨੇ ਇਕ ਦੋ ਬੰਦੇ ਕਿਸਾਨ ਦੇ ਨਾਲ ਭੇਜ ਦਿੱਤੇ। ਉਨ੍ਹਾਂ ਨੇ ਦੇਖਿਆ ਕਿ ਸੱਚਮੁੱਚ ਹੀ ਕੋਈ ਉਜਾੜਾ ਨਹੀਂ ਨਜ਼ਰ ਆ ਰਿਹਾ ਸੀ। ਰਾਏ ਬੁਲਾਰ ਜੀ ਨੇ ਕਿਹਾ ਕਿ ਇਸ ਬਾਲਕ ਦੇ ਉਪਰ ਉਸ ਖੁਦਾ ਦੀ ਰਹਿਮਤ ਹੈ।

ਮੋਹਨ ਸਿੰਘ ਜੀ ਨੇ ਕਿਤਨਾ ਸੁੰਦਰ ਲਿਖਿਆ ਹੈ ਕਿ -

ਮੈਂ ਸ਼ਾਇਰ ਮੇਰੇ ਫੁੱਲ ਸੁਹਾਵੇ ।
ਕਦਰ ਇਨ੍ਹਾਂ ਦੀ ਕੋਈ ਆਸ਼ਕ ਪਾਵੇ ।
ਗੰਗਾ ਬਾਹਮਣੀ ਕਿ ਜਾਣੇ?
ਮੇਰੇ ਫੁੱਲ ਝਨਾਂ ਵਿਚ ਪਾਣੇ।

ਗੰਗਾ ਜਮੁਨਾ ਪੂਰਬ ਵਲ ਵਹਿੰਦੀਆਂ ਹਨ। ਪੰਜਾਬ ਦੇ ਦਰਿਆ ਪੱਛਮ ਵਲ ਨੂੰ। ਭਾਰਤ ਪੂਰਬ ਮੁਖੀ ਅਤੇ ਪੰਜਾਬ ਪੱਛਮ ਮੁਖੀ। ਗੁਰੂ ਨਾਨਕ ਦੇਵ ਜੀ ਨੇ ਵੀ ਚੜਦੇ ਵੱਲ ਆਪਣੇ ਪਿਤਰਾਂ ਨੂੰ ਪਾਣੀ ਦੇਣ ਦੀ ਥਾਂ ਲਹਿੰਦੇ ਵਲ ਮੂੰਹ ਕਰਕੇ ਆਪਣੇ ਖੇਤਾਂ ਨੂੰ ਪਾਣੀ ਦੇਣ ਦੀ ਕਟਾਖ-ਕਿਰਿਆ ਕੀਤੀ ਸੀ ।ਇਹ ਨਿਰਾ ਪੂਰਾ ਨਾਂਹ-ਪੱਖੀ ਕਟਾਖ ਹੀ ਨਹੀਂ ਸੀ ਸਗੋਂ ਕਰਮ-ਕਾਂਡੀ ਅੰਧ-ਵਿਸ਼ਵਾਸ਼ ਦੇ ਵਿਰੁੱਧ ਅਤੇ ਯਥਾਰਥ ਨਾਲ ਜੁੜਨ ਦੀ ਇਕ ਹਾਂ-ਪੱਖੀ ਪ੍ਰੇਰਣਾ ਵੀ ਸੀ। ਭਾਰਤ ਨਿੱਕੀਆਂ ਵੱਡੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ ਜਿਹੜੀਆਂ ਰਜਵਾੜਾ-ਸ਼ਾਹੀ ਸਨ ਅਤੇ ਆਪਸ ਵਿਚ ਫੁੱਟ ਪ੍ਰਧਾਨ ਸੀ। ਆਪਸੀ ਈਰਖਾ ਹੋਣ ਕਰਕੇ ਗੁਆਂਢੀਆਂ ਤੇ ਬਦੇਸ਼ੀ ਹਮਲਾਵਰਾਂ ਦੇ ਨਿਸ਼ਾਨੇ ਤੇ ਸਨ। ਜੇ ਕਰ ਕੋਈ ਹਮਲਾਵਰ ਕਿਸੇ ਰਾਜ ਤੇ ਚੜ੍ਹ ਕੇ ਆਇਆ ਤਾਂ ਗੁਆਂਢੀਆਂ ਨੇ ਉਸ ਦੀ ਮਦਦ ਨਹੀਂ ਕੀਤੀ। ਸਾਰੇ ਰਾਜ ਰਿਆਸਤਾਂ ਬਣ ਕੇ ਹੀ ਰਹਿ ਗਏ ਸਨ ਕੋਈ ਵੀ ਸਮੁਚੇ ਹਿੰਦੁਸਤਾਨ ਦੀ ਗੱਲ ਨਹੀਂ ਸੀ ਕਰਦਾ। ਗੁਰੂ ਨਾਨਕ ਦੇਵ ਜੀ ਪਹਿਲੇ ਸਾਹਿਤਕਾਰ ਹੋਏ ਹਨ ਜਿਨ੍ਹਾਂ ਸਾਰੇ ਦੇਸ਼ ਦਾ ਦਰਦ ਮਹਿਸੂਸ ਕੀਤਾ ਅਤੇ ਹਿੰਦੁਸਤਾਨ ਸ਼ਬਦ ਦੀ ਵਰਤੋਂ ਕੀਤੀ ਸੀ। ਬਾਬਰ ਨੂੰ ਜਾਬਰ ਕਹਿੰਦੇ ਹੋਏ ਲੋਕਾਈ ਦਾ ਦਰਦ ਮਹਿਸੂਸ ਕਰ ਲਿਖਿਆ ਕਿ -

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ।
ਆਪੈ ਦੋਸ ਨ ਦੇਈ ਕਰਤਾ ਜਮੁ ਕਰ ਮੁਗਲ ਚੜਾਇਆ ।
ਏਤੀ ਮਾਰ ਪਈ ਕੁਰਲਾਣੇ ਤੈਂ ਕਿ ਦਰਦ ਨਾ ਆਇਆ ।
(ਸਗਗਸ ਅੰਗ 360)

ਗੁਰੂ ਨਾਨਕ ਦੇਵ ਜੀ ਹਿੰਦੁਸਤਾਨੀਆਂ ਦੇ ਮਨਾਂ ਅੰਦਰ ਘਰ ਕਰ ਚੁਕੀ ਗੁਲਾਮੀ ਦੀ ਜ਼ਹਿਨੀਅਤ ਤੋਂ ਮੁਕਤ ਕਰਾਉਣਾ ਚਾਹੁੰਦੇ ਸਨ। ਉਹ ਹੈਰਾਨ ਸਨ ਕਿ ਹਿੰਦੁਸਤਾਨੀਆਂ ਨੇ ਆਪਣਾ ਸੱਭਿਆਚਾਰ ਭੁਲਾ ਛੱਡਿਆ ਸੀ। ਧਰਮ ਵੀ ਛੱਡ ਗਏ ਸੀ -

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥
(ਸਗਗਸ --ਅੰਗ 662)

ਗੁਰੂ ਜੀ ਸਾਰੇ ਹਿੰਦੁਸਤਾਨੀਆਂ ਅੰਦਰੋਂ ਡਰ ਤੇ ਕਾਇਰਤਾ ਕੱਢ ਕੇ ਉਨ੍ਹਾਂ ਅੰਦਰ ਸਾਂਝੀ ਕੌਮੀਅਤ ਜਗਾਉਣਾ ਚਾਹੁੰਦੇ ਸਨ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹਿੰਦੁਸਤਾਨ ਕੌਮੀਅਤ ਦੇ ਵਿਚਾਰ ਤੋਂ ਹੀਣਾ ਹੀ ਸੀ। ਗੋਕਲ ਚੰਦ ਨਾਰੰਗ ਦੇ ਅਨੁਸਾਰ,"ਗੁਰ ਨਾਨਕ ਦੇਵ ਦਾ ਆਗਮਨ ਸਾਂਝੀ ਕੌਮੀਅਤ ਦੀ ਚੇਤਨਾ ਜਗਾਉਣ ਵਲ ਇਕ ਮਹਾਨ ਕਦਮ ਸੀ।"

ਸ਼ਾਹੀ-ਨਾ-ਫੁਰਮਾਨੀ ਦੀ ਤਹਿਰੀਕ ਵੀ ਗੁਰੂ ਬਾਬੇ ਨੇ ਹੀ ਸਿਖਾਈ। ਲੋਧੀ ਦੇ ਦਰਬਾਰ ਅੰਦਰ ਕਰਾਮਾਤ ਦਿਖਾਉਣ ਦੇ ਹੁਕਮ ਦੀ ਉਲੰਘਣਾ ਕੀਤੀ। ਸ਼ਾਹੀ ਨਾ ਫੁਰਮਾਨੀ ਦੀ ਇਹ ਪ੍ਰਥਾ ਸਿੱਖੀ ਦੀ ਪੁਸ਼ਤ ਦਰ ਪੁਸ਼ਤ ਚਲੀ ਸੀ। ਸਰਕਾਰ ਨੂੰ ਇਸ ਹਾਲਤ ਤੋਂ ਚਿੰਤਾ ਹੋਣੀ ਸੀ ਜੋ ਹੋਈ ਸੀ। ਕੋਈ ਵੀ ਸਰਕਾਰ ਜਨਤਾ ਦੀ ਬੇਦਾਰੀ ਸਹਿਣ ਨਹੀਂ ਕਰ ਸਕਦੀ। ਇਸੇ ਕਾਰਨ ਹੀ ਪੰਜਵੇਂ ਪਾਤਸ਼ਾਹ ਜੀ ਨੂੰ ਯਸ਼ ਨਿਯਮ ਅਧੀਨ ਸਜ਼ਾ ਦਿਤੀ ਗਈ ਸੀ।

ਗੁਰੂ ਸਾਹਿਬ ਦੀ ਭਾਈ ਮਰਦਾਨੇ ਨਾਲ ਸਾਂਝ ਬਚਪਨ ਵਿਚ ਹੀ ਹੋ ਗਈ ਸੀ। ਮਰਦਾਨਾ ਰਾਗਾਂ ਵਿਚ ਪ੍ਰਬੀਨ ਹੋ ਗਿਆ ਸੀ। ਗੁਰੂ ਸਾਹਿਬ ਅੰਮ੍ਰਿਤ ਵੇਲੇ ਤੋਂ ਪਹਿਰ ਦਿਨ ਚੜੇ ਤਕ ਗਾਏ ਜਾਂਦੇ ਰਾਗ ਜਿਵੇਂ ਆਸਾ, ਭੈਰਉ, ਪ੍ਰਭਾਤੀ, ਸੂਹੀ, ਬਿਲਾਵਲ, ਰਾਮਕਲੀ, ਤੁਖਾਰੀ ਰੇ ਗੂਜਰੀ ਹਨ। ਗੁਰ ਸਾਹਿਬ ਇਸ਼ਨਾਨ ਆਦਿਕ ਤੋਂ ਵੇਹਲੇ ਹੋ ਅੰਮ੍ਰਿਤ ਵੇਲੇ ਤੋਂ ਪਹਿਰ ਚੜੇ ਤਕ ਕੀਰਤਨ ਰਾਹੀਂ ਅਕਾਲ ਪੁਰਖ ਦੀ ਯਾਦ ਵਿਚ ਜੁੜੇ ਰਹਿੰਦੇ ਸਨ ਅਤੇ ਭਾਈ ਮਰਦਾਨਾ ਉਨ੍ਹਾਂ ਦਾ ਸਾਥ ਦਿਆ ਕਰਦਾ ਸੀ। ਤੀਜੇ ਚੌਥੇ ਪਹਿਰ ਨੂੰ ਗਏ ਜਾਣ ਵਾਲੇ ਰਾਗ ਹਨ-ਸਿਰੀ, ਗਉੜੀ, ਧਨਾਸਰੀ, ਤਿਲੰਗ ਅਤੇ ਮਾਰੂ ਰਾਗ।

ਅਤੇ ਰਾਤ ਦੇ ਰਾਗਾਂ ਵਿਚ ਵਡਹੰਸੁ, ਸੋਰਠਿ, ਮਲਾਰ, ਬਸੰਤੁ ਅਤੇ ਕਾਨੜਾ।

ਦੁਪਹਿਰ ਦੇ ਸਮੇਂ ਇਕੋ ਰਾਗ ਹੀ ਗੁਰੂ ਜੀ ਨੇ ਲਿਆ ਹੈ-ਸਾਰੰਗ

ਉਪਰੋਕਤ ਤੋਂ ਇਹ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਗੁਰੂ ਸਾਹਿਬ ਕੀਰਤਨ ਦੇ ਬੜੇ ਹੀ ਪ੍ਰੇਮੀ ਸਨ। ਕੀਰਤਨ ਵਿਚ ਭਾਈ ਮਰਦਾਨਾ ਸਾਰੇ ਰਾਗਾਂ, ਜੋ ਕਿ 19 ਸਨ, ਉਨ੍ਹਾਂ ਦਾ ਪੂਰਾ ਸਾਥ ਨਿਭਾਉਂਦਾ ਸੀ।

**ਸਹਾਇਕ ਪੁਸਤਕਾਂ ਦੀ ਸੂਚੀ -**

1. ਜੀਵਨ ਬਿਰਤਾਂਤ ਸ਼੍ਰੀ ਗੁਰੂ ਨਾਨਕ ਦੇਵ ਜੀ ਲੇਖਕ ਪ੍ਰੋਫੈਸਰ ਸਾਹਿਬ ਸਿੰਘ ਜੀ
2. ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ ਲੇਖਕ ਪ੍ਰਿੰਸੀਪਲ ਦਲਜੀਤ ਸਿੰਘ ਜੀ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ।
3. ਸਚਿਤਰ ਜੀਵਨ ਸਾਖੀਆਂ ਗੁਰੂ ਨਾਨਕ ਦੇਵ ਜੀ ਲੇਖਕ ਡਾਕਟਰ ਅਜੀਤ ਸਿੰਘ ਔਲਖ ਚੱਤਰ ਸਿੰਘ ਜੀਵਨ ਸਿੰਘ ਬਜ਼ਾਰ ਮਈ ਸੇਵਾਂ ਅਮ੍ਰਿਤਸਰ।
4. ਗੁਰ ਨਾਨਕ ਬਾਣੀ ਸਮਾਜਿਕ ਅਤੇ ਸਭਿਆਚਾਰਿਕ ਪਰਿਪੇਖ ਲੇਖਕ ਡਾਕਟਰ ਜਸਵਿੰਦਰ ਕੌਰ ਢਿੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ।

# ਮਨੁੱਖੀ ਹੱਕ ਅਤੇ ਭਾਰਤ 'ਚ ਕਿਰਤੀਆਂ ਦੇ ਹਾਲਾਤ



ਕੰਵਲਜੀਤ ਕੌਰ ਗਿੱਲ

ਸੰਯੁਕਤ ਰਾਸ਼ਟਰ ਦੀ ਪੈਰਿਸ ਵਿੱਚ ਹੋਈ ਜਨਰਲ ਅਸੈਂਬਲੀ ਵਿੱਚ ਵਿਸ਼ਵਵਿਆਪੀ ਐਲਾਨਨਾਮਾ 10 ਦਸੰਬਰ 1948 ਨੂੰ ਪਾਸ ਕੀਤਾ ਗਿਆ। ਐਲਾਨਨਾਮੇ ਦਾ ਮਕਸਦ ਮਨੁੱਖਾਂ ਦੇ ਮੁੱਢਲੇ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਸੀ। ਇਹ ਐਲਾਨਨਾਮਾ ਇਸ ਸਚਾਈ ਉੱਪਰ ਆਧਾਰਿਤ ਹੈ ਕਿ "ਪੈਦਾ ਹੋਣ ਵਾਲੇ ਸਾਰੇ ਵਿਅਕਤੀ ਹਰ ਪੱਖ ਤੋਂ ਬਰਾਬਰ ਅਤੇ ਆਜ਼ਾਦ ਹੁੰਦੇ ਹਨ, ਇਸ ਲਈ ਉਹ ਬਰਾਬਰੀ ਅਤੇ ਮਾਨ ਸਨਮਾਨ ਦੇ ਹੱਕਦਾਰ ਹਨ।" ਸਾਫ ਸੁਥਰੀ ਤੇ ਸੁਰੱਖਿਅਤ ਜੀਵਨ ਸ਼ੈਲੀ ਵਾਸਤੇ ਸਾਰੇ ਮਨੁੱਖਾਂ ਨੂੰ ਉਨ੍ਹਾਂ ਦੀਆਂ ਮੁੱਢਲੀਆਂ ਨਿਊਨਤਮ ਜ਼ਰੂਰਤਾਂ ਕੁੱਲੀ, ਗੁੱਲੀ ਤੇ ਜੁੱਲੀ ਦੀ ਪ੍ਰਾਪਤੀ ਜ਼ਰੂਰੀ ਹੈ। ਇਨ੍ਹਾਂ ਦੀ ਅਣਹੋਂਦ ਜਾਂ ਕਾਣੀ ਵੰਡ ਵਿਦਰੋਹ ਨੂੰ ਜਨਮ ਦਿੰਦੀ ਹੈ। ਕੇਵਲ ਉਤਪਾਦਨ ਦੇ ਸਾਧਨਾਂ ਦੀ ਮਾਲਕੀ ਕਾਰਨ ਜ਼ਰੂਰਤ ਤੋਂ ਵੱਧ ਹੱਕ ਮਾਣਨਾ ਅਧਿਕਾਰਾਂ ਦੇ ਨਾਂ 'ਤੇ ਦੂਜਿਆਂ ਦਾ ਸ਼ੋਸ਼ਣ ਹੁੰਦਾ ਹੈ।

ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੇ ਘੇਰੇ ਵਿੱਚ ਲਗਭਗ ਸਾਰੇ ਹੀ ਮਨੁੱਖੀ ਅਧਿਕਾਰ ਸ਼ਾਮਿਲ ਹਨ ਜਿਨ੍ਹਾਂ ਨੂੰ ਮੰਨਣਾ ਸਾਰੇ ਮੈਂਬਰ ਦੇਸ਼ਾਂ ਲਈ ਸੰਵਿਧਾਨਿਕ ਅਤੇ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ ਤਾਂ ਕਿ ਵਿਸ਼ਵ ਵਿੱਚ ਅਮਨ, ਕਾਨੂੰਨ, ਸ਼ਾਂਤੀ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਿਆ ਜਾ ਸਕੇ। ਇਨ੍ਹਾਂ ਅਧਿਕਾਰਾਂ ਨੂੰ ਕੁੱਲ 30 ਧਾਰਾਵਾਂ ਵਿੱਚ ਵੰਡਿਆ ਗਿਆ ਹੈ। ਪਹਿਲੀਆਂ 4 ਧਾਰਾਵਾਂ ਮਨੁੱਖੀ ਆਜ਼ਾਦੀ ਅਤੇ ਭਾਈਚਾਰਕ ਬਰਾਬਰੀ ਨਾਲ ਸਬੰਧਿਤ ਹਨ। ਅਗਲੀਆਂ 5 ਤੋਂ 21 ਧਾਰਾਵਾਂ, ਬਿਨਾਂ ਕਿਸੇ ਕਾਰਨ ਨਜ਼ਰਬੰਦੀ, ਗ੍ਰਿਫਤਾਰੀ ਜਾਂ ਕੈਦ ਵਿਰੁੱਧ ਕਾਨੂੰਨੀ ਸੁਰੱਖਿਆ ਦਿੰਦੀਆਂ ਹਨ। ਆਖ਼ਰੀ 22 ਤੋਂ 30 ਤੱਕ ਦੀਆਂ ਧਾਰਾਵਾਂ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਅਧਿਕਾਰਾਂ ਬਾਰੇ ਹਨ। ਕੰਮ ਦਾ ਅਧਿਕਾਰ, ਵਾਜਿਬ ਮਜ਼ਦੂਰੀ, ਸਮਾਜਿਕ ਸੁਰੱਖਿਆ, ਲੋੜੀਂਦਾ ਜੀਵਨ ਪੱਧਰ, ਭੁੱਖ ਤੋਂ ਮੁਕਤੀ, ਸਿੱਖਿਆ ਅਤੇ ਸਿਹਤ ਸੇਵਾਵਾਂ ਦੀ ਪ੍ਰਾਪਤੀ ਤੋਂ ਇਲਾਵਾ ਟਰੇਡ ਯੂਨੀਅਨ ਬਣਾਉਣ ਦਾ ਅਧਿਕਾਰ ਇਸ ਵਿੱਚ ਸ਼ਾਮਿਲ ਹਨ। ਭਾਰਤ ਉਨ੍ਹਾਂ ਮੁੱਢਲੇ ਦੇਸ਼ਾਂ ਵਿੱਚੋਂ ਹੈ ਜਿਸ ਨੇ ਇਸ ਐਲਾਨਨਾਮੇ ਉੱਪਰ ਦਸਤਖ਼ਤ ਕੀਤੇ ਹਨ।

1960ਵਿਆਂ ਦੌਰਾਨ ਯੂਐਨਓ ਨੇ ਇਨ੍ਹਾਂ ਅਧਿਕਾਰਾਂ ਨੂੰ ਦੋ ਕੋਵੀਨੈਂਟ ਦੇ ਰੂਪ ਵਿੱਚ ਪਾਸ ਕੀਤਾ। ਪਹਿਲੇ ਵਿੱਚ ਸਿਵਿਲ ਅਧਿਕਾਰ ਤੇ ਦੂਜੇ ਵਿੱਚ ਸਮਾਜਿਕ ਅਤੇ ਆਰਥਿਕ ਅਧਿਕਾਰ ਹਨ। ਇਨ੍ਹਾਂ ਕੋਵੀਨੈਂਟਾਂ 'ਤੇ ਵੀ ਭਾਰਤ ਦੇ ਦਸਤਖ਼ਤ ਹਨ। ਭਾਰਤ ਨੇ ਮਨੁੱਖੀ ਅਧਿਕਾਰਾਂ ਦੇ ਇਸ ਐਲਾਨਨਾਮੇ ਦੀ ਤਰਜ਼ 'ਤੇ ਇਨ੍ਹਾਂ ਸਾਰੇ ਅਧਿਕਾਰਾਂ ਨੂੰ ਆਪਣੇ ਸੰਵਿਧਾਨ ਵਿੱਚ ਦਰਜ ਕੀਤਾ ਹੈ ਪਰ ਕੀ ਇਨ੍ਹਾਂ ਅਧਿਕਾਰਾਂ ਦੀ ਤਰਜਮਾਨੀ ਬਰਾਬਰੀ ਦੇ ਸਿਧਾਂਤ ਅਨੁਸਾਰ ਹੋ ਰਹੀ ਹੈ? ਕੀ ਇਨ੍ਹਾਂ ਦੀ ਵਰਤੋਂ ਕਰਨ ਵੇਲੇ ਜਾਤ-ਪਾਤ, ਰੰਗ, ਨਸਲ, ਲਿੰਗ, ਧਰਮ ਤੋਂ ਇਲਾਵਾ ਅਮੀਰ-ਗਰੀਬ ਦਾ ਮਸਲਾ ਸਾਹਮਣੇ ਨਹੀਂ ਆਉਂਦਾ? ਵਪਾਰਕ ਅਦਾਰਿਆਂ, ਉਦਯੋਗਾਂ ਤੇ ਵੱਡੇ ਕਾਰਪੋਰੇਟ ਘਰਾਣਿਆਂ ਜਾਂ ਕੰਪਨੀਆਂ 'ਚ ਕੰਮ ਕਰਦੇ ਕਿਰਤੀਆਂ ਤੇ ਹੋਰ ਮੁਲਾਜ਼ਮਾਂ ਅਤੇ ਦੂਜੇ ਪਾਸੇ ਸਰਮਾਏਦਾਰ ਮਾਲਕਾਂ ਲਈ ਇਹ ਅਧਿਕਾਰ ਵੱਖੋ-ਵੱਖਰੀਆਂ ਭਾਵਨਾਵਾਂ ਤੇ ਮਕਸਦ ਤਹਿਤ ਲਾਗੂ ਨਹੀਂ ਹੁੰਦੇ?

ਸੱਚ ਇਹ ਹੈ ਕਿ ਆਲਮੀ ਪੱਧਰ 'ਤੇ ਵੱਡੇ ਉਦਯੋਗਪਤੀਆਂ ਅਤੇ ਸਮੇਂ ਦੀਆਂ ਸਰਕਾਰਾਂ ਮਿਲ ਕੇ ਮਜ਼ਦੂਰਾਂ ਅਤੇ ਮੁਲਾਜ਼ਮਾਂ ਦਾ ਸ਼ੋਸ਼ਣ ਕਰ ਰਹੀਆਂ ਹਨ। ਮਕਸਦ ਸਪਸ਼ਟ ਹੈ- ਇੱਕ ਧਿਰ ਵੱਧ ਤੋਂ ਵੱਧ ਮੁਨਾਫਾ ਚਾਹੁੰਦੀ ਹੈ; ਦੂਜੀ ਧਿਰ ਆਪਣੀ ਮਿਹਨਤ ਦੀ ਵਾਜਿਬ ਵਸੂਲੀ ਚਾਹੁੰਦੀ ਹੈ। 1919 ਵਿੱਚ ਕੌਮਾਂਤਰੀ ਮਜ਼ਦੂਰ ਸੰਗਠਨ ਮਜ਼ਦੂਰ ਜਮਾਤ ਦੇ ਹਿੱਤਾਂ ਦੀ ਸੁਰੱਖਿਆ, ਕਿਰਤ ਮਿਆਰਾਂ ਵਿੱਚ ਇਕਸਾਰਤਾ ਅਤੇ ਕਿਰਤੀਆਂ ਦੇ ਸੋਸ਼ਣ ਜਾਂ ਲੁੱਟ-ਖਸੁੱਟ ਬੰਦ ਕਰਵਾਉਣ ਲਈ ਹੋਂਦ ਵਿੱਚ ਆਇਆ ਸੀ। ਕੌਮਾਂਤਰੀ ਤਰਜ਼ 'ਤੇ ਭਾਰਤ ਵਿੱਚ ਵੀ ਮਜ਼ਦੂਰਾਂ ਸਬੰਧੀ ਕਾਨੂੰਨ, ਉਦਯੋਗਕ ਸੰਬੰਧ ਅਤੇ ਉਦਯੋਗਕ ਝਗੜਿਆਂ ਦੇ ਨਿਬੇੜੇ ਲਈ ਕਾਨੂੰਨ ਬਣੇ। ਇਨ੍ਹਾਂ ਕਾਨੂੰਨਾਂ ਤਹਿਤ ਮਜ਼ਦੂਰਾਂ ਦੀ ਸਿਹਤ ਸੁਰੱਖਿਆ, ਕੰਮ ਦੇ ਘੰਟੇ, ਮਜ਼ਦੂਰੀ ਦੀਆਂ ਦਰਾਂ, ਰੁਜ਼ਗਾਰ ਦੀ ਸੁਰੱਖਿਆ, ਟਰੇਡ ਯੂਨੀਅਨ ਬਣਾਉਣ ਦਾ ਅਧਿਕਾਰ, ਹੱਕਾਂ ਦੀ ਪ੍ਰਾਪਤੀ ਲਈ ਹੜਤਾਲ ਕਰਨਾ ਅਤੇ ਹੋਰ ਅਨੇਕ ਮਜ਼ਦੂਰ ਕਲਿਆਣ ਪ੍ਰੋਗਰਾਮ ਬਣਾਏ ਜਾਂਦੇ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਅਤੇ ਕਾਨੂੰਨਾਂ ਵਿੱਚ ਸਮੇਂ-ਸਮੇਂ ਅਤੇ ਜ਼ਰੂਰਤ ਅਨੁਸਾਰ ਤਬਦੀਲੀਆਂ ਵੀ ਕੀਤੀਆਂ ਜਾਂਦੀਆਂ ਰਹੀਆਂ ਹਨ।



1991 ਤੋਂ ਬਾਅਦ ਉਦਯੋਗਕ ਉਦਾਰੀਕਰਨ, ਨਿਜੀਕਰਨ ਅਤੇ ਵਿਸ਼ਵੀਕਰਨ ਦੀ ਨੀਤੀ ਤਹਿਤ ਕਾਰਪੋਰੇਟ ਖੇਤਰ ਦੇ ਵੱਡੇ ਉਦਯੋਗਪਤੀਆਂ ਅਤੇ ਸਰਮਾਏਦਾਰਾਂ ਨੇ ਸਰਕਾਰਾਂ ਨਾਲ ਮਿਲ ਕੇ ਮਜ਼ਦੂਰਾਂ ਦੇ ਅਧਿਕਾਰਾਂ ਵਾਲੇ ਕਾਨੂੰਨਾਂ ਵਿੱਚ ਸੁਧਾਰ ਦੇ ਨਾਮ 'ਤੇ ਤਬਦੀਲੀ ਸ਼ੁਰੂ ਕਰ ਦਿੱਤੀ ਜਿਹੜੀ ਅੱਜ ਵੀ ਜਾਰੀ ਹੈ। ਇਨ੍ਹਾਂ ਤਬਦੀਲੀਆਂ ਦੇ ਦੂਰਗਾਮੀ ਪ੍ਰਭਾਵ ਕੀ ਹੋਣਗੇ, ਇਸ ਦਾ ਅੰਦਾਜ਼ਾ ਲਗਾਉਣਾ ਵੀ ਸੰਭਵ ਨਹੀਂ। ਪ੍ਰਚਾਰਿਆ ਇਹ ਜਾਂਦਾ ਹੈ ਕਿ ਸੌਖੇ ਕਾਰੋਬਾਰ ਅਤੇ ਉਤਪਾਦਨ ਵਧਾਉਣ ਵਾਸਤੇ ਹਨ ਜਿੱਥੇ ਮਜ਼ਦੂਰਾਂ, ਮੁਲਾਜ਼ਮਾਂ ਦੇ ਹਿੱਤਾਂ ਦਾ ਪੂਰਨ ਧਿਆਨ ਰੱਖਿਆ ਜਾਵੇਗਾ; ਹਕੀਕਤ ਇਹ ਹੈ ਕਿ ਆਲਮੀ ਪੱਧਰ 'ਤੇ ਕਾਰਪੋਰੇਟ ਘਰਾਣਿਆਂ ਅਤੇ ਵੱਡੇ ਉਦਯੋਗ-ਪਤੀਆਂ ਨੇ ਮਿਲ ਕੇ ਯੋਜਨਾਬੱਧ ਤਰੀਕੇ ਨਾਲ ਕਾਨੂੰਨਾਂ ਨੂੰ ਇਸ ਢੰਗ ਨਾਲ ਤੋੜਿਆ ਮਰੋੜਿਆ ਕਿ ਇਹ ਅੱਜ ਮਜ਼ਦੂਰਾਂ ਦੇ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਉੱਪਰ ਹਮਲਾ ਹਨ। ਦੂਜੇ ਪਾਸੇ ਇਹ ਕਾਰਪੋਰੇਟ ਸਰਮਾਏਦਾਰੀ ਦਾ ਪੱਖ ਪੂਰਦੇ ਹਨ।

ਜੁਲਾਈ 2024 ਤੱਕ ਕਿਰਤ ਸੁਧਾਰਾਂ ਲਈ ਕੀਤੇ ਨੀਤੀਗਤ ਫੈਸਲਿਆਂ ਤਹਿਤ 29 ਕਿਰਤ ਕਾਨੂੰਨ 4 ਕਿਰਤ ਕੋਡਾਂ ਵਿੱਚ ਸਮੇਟ ਦਿੱਤੇ ਹਨ। ਇਹ ਚਾਰੇ ਕੋਡ ਪਾਰਲੀਮੈਂਟ ਵਿੱਚੋਂ ਪਾਸ ਕਰਵਾ ਕੇ ਨੋਟੀਫਾਈ ਵੀ ਕਰ ਦਿੱਤੇ ਹਨ। ਇਹ ਕੋਡ ਹਨ: ਪਹਿਲਾ, ਉਜਰਤਾਂ ਸਬੰਧੀ ਕੋਡ-2019; ਦੂਜਾ, ਉਦਯੋਗਕ ਸਬੰਧਾਂ ਲਈ ਕੋਡ-2020; ਤੀਜਾ, ਸਮਾਜਿਕ ਸੁਰੱਖਿਆ ਕੋਡ-2020; ਚੌਥਾ, ਕਿੱਤਾਮੁਖੀ ਸੁਰੱਖਿਆ, ਸਿਹਤ ਤੇ ਕੰਮ ਕਾਜੀ ਹਾਲਤਾਂ ਲਈ ਕੋਡ-2020 ਹਨ। 7 ਸੂਬਿਆਂ ਅਤੇ ਕੇਂਦਰੀ ਪ੍ਰਸ਼ਾਸਿਤ ਰਾਜਾਂ (ਮੇਘਾਲਿਆ, ਨਾਗਾਲੈਂਡ, ਤਾਮਿਲਨਾਡੂ, ਪੱਛਮੀ ਬੰਗਾਲ, ਲਕਸ਼ਦੀਪ, ਅੰਡੇਮਾਨ ਤੇ ਨਿਕੋਬਾਰ, ਦਿੱਲੀ) ਨੂੰ ਛੱਡ ਕੇ ਬਾਕੀ ਸੂਬਾ ਸਰਕਾਰਾਂ ਨੇ ਇਨ੍ਹਾਂ ਕੋਡਾਂ ਦੇ ਅੰਤਿਮ ਖਰੜੇ ਤਿਆਰ ਕਰ ਲਏ ਹਨ।

ਆਲਮੀ ਪੱਧਰ 'ਤੇ ਮੁਲਾਜ਼ਮਾਂ ਦੇ ਕੰਮ ਦੇ 8 ਘੰਟੇ ਤੈਅ ਹਨ। ਇਸ ਤੋਂ ਵਧੇਰੇ ਸਮੇਂ ਤੱਕ ਕੰਮ ਕਰਵਾਉਣਾ ਗ਼ੈਰ-ਕਾਨੂੰਨੀ ਹੈ ਪਰ ਭਾਰਤ ਦੇ ਨਵੇਂ ਕੋਡਾਂ ਅਨੁਸਾਰ ਵਰਕਰਾਂ/ਮੁਲਾਜ਼ਮਾਂ ਕੋਲੋਂ ਜ਼ਰੂਰਤ ਪੈਣ 'ਤੇ 12 ਘੰਟੇ ਪ੍ਰਤੀ ਦਿਨ ਵੀ ਕੰਮ ਕਰਵਾਇਆ ਜਾ ਸਕਦਾ ਹੈ; ਭਾਵੇਂ ਹਫਤੇ ਦੇ ਕੁੱਲ 48 ਘੰਟੇ ਹੀ ਹੋਣਗੇ। ਜੇ ਵਰਕਰ ਦਿਨ ਵਿੱਚ 12 ਘੰਟੇ ਕੰਮ ਕਰਦਾ ਹੈ ਤਾਂ ਉਤਪਾਦਨ ਵਿੱਚ ਭਾਵੇਂ ਵਾਧਾ ਨਜ਼ਰ ਆਵੇਗਾ ਪਰ ਲਗਾਤਾਰ ਕੰਮ ਕਰਨ ਨਾਲ ਉਸ ਦੀ ਕਾਰਜ ਕੁਸ਼ਲਤਾ ਦੇ ਨਾਲ-ਨਾਲ ਉਤਪਾਦਨ ਸਮਰੱਥਾ ਵੀ ਘਟੇਗੀ, ਉਹ ਥਕਾਵਟ ਮਹਿਸੂਸ ਕਰੇਗਾ। ਮਸ਼ੀਨਾਂ ਉੱਪਰ ਕੰਮ ਕਰਦਿਆਂ ਹਾਦਸਿਆਂ ਦਾ ਖ਼ਦਸ਼ਾ ਵਧ ਜਾਂਦਾ ਹੈ। ਮੁਲਾਜ਼ਮ ਦੀ ਪਰਿਵਾਰਕ ਜ਼ਿੰਦਗੀ ਉੱਪਰ ਵੀ ਨਾਕਾਰਾਤਮਕ ਪ੍ਰਭਾਵ ਪਏਗਾ। ਓਵਰਟਾਈਮ ਦੀ ਅਦਾਇਗੀ ਕਦੋਂ ਅਤੇ ਕਿਸ ਰੂਪ ਵਿੱਚ ਹੋਵੇਗੀ, ਕੋਡ ਵਿੱਚ ਸਪਸ਼ਟ ਰੂਪ ਵਿੱਚ ਕੁਝ ਨਹੀਂ ਦੱਸਿਆ ਗਿਆ। ਮੁਲਾਜ਼ਮਾਂ ਨੂੰ ਪੱਕੀ ਨੌਕਰੀ 'ਤੇ ਰੱਖਣ ਦੀ ਥਾਂ 'ਸਿਖਲਾਈ ਅਧੀਨ ਕਾਮੇ' ਵਜੋਂ ਰੱਖਣ ਦਾ ਰੁਝਾਨ ਵਧ ਰਿਹਾ ਹੈ। ਇਨ੍ਹਾਂ ਮੁਲਾਜ਼ਮਾਂ ਦੀ ਗਿਣਤੀ ਅਦਾਰੇ ਵਿੱਚ ਕੰਮ ਕਰਦੇ ਕੁੱਲ ਮੁਲਾਜ਼ਮਾਂ ਦਾ 15% ਹੋ ਸਕਦੀ ਹੈ ਜਿਨ੍ਹਾਂ ਨੂੰ ਤਿੰਨ ਸਾਲ ਇਸੇ ਪੁਜ਼ੀਸ਼ਨ ਵਿੱਚ ਰੱਖਿਆ ਜਾਂ ਲਟਕਾਇਆ ਜਾ ਸਕਦਾ ਹੈ। ਸਿਖਲਾਈ ਦੌਰਾਨ ਹੋਣ ਵਾਲੀ ਅਦਾਇਗੀ ਨੂੰ ਘੱਟੋ-ਘੱਟ ਉਜਰਤਾਂ ਨਾਲੋਂ ਅਲਹਿਦਾ ਰੱਖਿਆ ਗਿਆ ਹੈ। ਸਰਕਾਰ ਇਨ੍ਹਾਂ ਮੁਲਾਜ਼ਮਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੇਵੇਗੀ। ਇਉਂ ਪੱਕੇ ਮੁਲਾਜ਼ਮਾਂ ਦੇ ਮੁਕਾਬਲੇ ਉਨ੍ਹਾਂ ਨੂੰ ਬਰਾਬਰ ਕੰਮ ਕਰਨ ਦੇ ਬਾਵਜੂਦ ਬਹੁਤ ਘੱਟ ਅਦਾਇਗੀ ਹੋਵੇਗੀ। ਉਦਯੋਗਕ ਅਤੇ ਕਾਰੋਬਾਰੀ ਅਦਾਰਿਆਂ ਵਿੱਚ ਪੱਕੇ ਤੌਰ 'ਤੇ ਕੰਮ ਕਰਦੇ ਮੁਲਾਜ਼ਮਾਂ/ਮਜ਼ਦੂਰਾਂ ਵੱਲੋਂ ਆਪਣੇ ਪ੍ਰਾਵੀਡੈਂਟ ਫੰਡ ਵਿੱਚ ਪਾਏ ਜਾਂਦੇ ਯੋਗਦਾਨ ਦੀ ਰਾਸ਼ੀ ਵਧਾ ਦਿੱਤੀ ਗਈ ਹੈ। ਇਸ ਨੂੰ ਸੇਵਾ ਮੁਕਤੀ ਤੋਂ ਬਾਅਦ ਹੋਣ ਵਾਲੀ ਵਧੇਰੇ ਅਦਾਇਗੀ ਗਰਦਾਨਿਆ ਗਿਆ ਹੈ ਪਰ ਇਸ ਨਾਲ ਮਹੀਨਾਵਾਰ ਅਦਾਇਗੀ ਘਟ ਜਾਵੇਗੀ। ਇਸ ਨਾਲ ਪਰਿਵਾਰ ਵਿੱਚ ਰੋਜ਼ਾਨਾ ਖਰਚਣ ਵਾਲੀ ਰਾਸ਼ੀ ਉੱਪਰ ਕੀ ਪ੍ਰਭਾਵ ਪਵੇਗਾ, ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਨਵੇਂ ਕਰਮਚਾਰੀਆਂ ਨੂੰ ਪੱਕੀ ਨੌਕਰੀ ਦੀ ਥਾਂ ਕੱਚੇ, ਕੰਟਰੈਕਟ, ਪਾਰਟ ਟਾਈਮ ਅਤੇ ਗਿੱਗ ਵਰਕਰ ਵਜੋਂ ਰੱਖਣ ਦਾ ਪ੍ਰਬੰਧ ਕਰ ਦਿੱਤਾ ਹੈ। ਕਈ ਥਾਵਾਂ 'ਤੇ ਆਊਟਸੋਰਸਿੰਗ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਅਜਿਹੇ ਮੁਲਾਜ਼ਮਾਂ ਲਈ ਕੋਈ ਰੁਜ਼ਗਾਰ ਗਰੰਟੀ ਨਹੀਂ, ਪ੍ਰਾਵੀਡੈਂਟ ਫੰਡ ਦੀ ਸਹੂਲਤ ਨਹੀਂ, ਜੀਵਨ ਬੀਮਾ ਜਾਂ ਹੋਰ ਕੋਈ ਮੈਡੀਕਲ ਭੱਤਾ ਆਦਿ ਦੀ ਵਿਵਸਥਾ ਵੀ ਨਹੀਂ; ਉਂਝ, ਇਹ ਜ਼ਰੂਰ ਹੈ ਕਿ ਪੱਕੀਆਂ ਨੌਕਰੀਆਂ ਦੀ ਥਾਂ ਕੱਚੇ ਅਤੇ ਕੰਟਰੈਕਟ 'ਤੇ ਨੌਕਰੀ ਦੇਣ ਦਾ ਰੁਝਾਨ ਹੈ। ਭਾਰਤ ਪਹਿਲਾਂ ਹੀ ਘੋਰ ਬੇਰੁਜ਼ਗਾਰੀ ਦੇ ਦੌਰ ਵਿੱਚ ਹੈ। ਨੌਕਰੀ ਖੁੱਸਣ ਦੇ ਡਰੋਂ ਇਹ ਮੁਲਾਜ਼ਮ ਜਥੇਬੰਦ ਨਹੀਂ ਹੋ ਸਕਦੇ ਅਤੇ ਇਸ ਹਾਲਤ ਵਿੱਚ ਹੜਤਾਲ, ਮੁਜ਼ਾਹਰਾ ਆਦਿ ਵੀ ਨਹੀਂ ਕਰ ਸਕਦੇ।

ਉਦਯੋਗਕ ਝਗੜਿਆਂ ਦੇ ਨਿਬੇੜੇ ਵਾਸਤੇ ਪਹਿਲਾਂ ਟਰੇਡ ਯੂਨੀਅਨਾਂ ਦੀ ਅਹਿਮ ਭੂਮਿਕਾ ਹੁੰਦੀ ਸੀ। ਨਵੇਂ ਕੋਡਾਂ ਅਨੁਸਾਰ ਕਿਸੇ ਵੀ ਝਗੜੇ ਦੇ ਨਿਬੇੜੇ ਵਾਸਤੇ ਉਸ ਅਦਾਰੇ ਵਿੱਚ ਕੰਮ ਕਰਦੇ 51% ਵਰਕਰਾਂ ਦਾ ਯੂਨੀਅਨ ਦੇ ਤੌਰ 'ਤੇ ਇਕੱਠਾ ਹੋਣਾ ਲਾਜ਼ਮੀ ਹੈ। ਪਹਿਲਾਂ ਘੱਟੋ-ਘੱਟ 7 ਜਾਂ ਇਸ ਤੋਂ ਵੱਧ ਵਰਕਰ ਇਕੱਠੇ ਹੋ ਕੇ ਯੂਨੀਅਨ ਰਜਿਸਟਰ ਕਰਵਾ ਸਕਦੇ ਸਨ ਪਰ ਨਵੇਂ ਕੋਡ ਵਿੱਚ ਮੁਲਾਜ਼ਮਾਂ ਦੇ ਯੂਨੀਅਨ ਬਣਾਉਣ ਅਤੇ ਹੜਤਾਲ ਦੇ ਅਧਿਕਾਰ ਉੱਪਰ ਸਿੱਧੀ ਸੱਟ ਹੈ। ਇਨ੍ਹਾਂ ਹਾਲਾਤ ਵਿੱਚ ਮੁਲਾਜ਼ਮਾਂ ਦੀ ਸੌਦੇਬਾਜ਼ੀ ਦੀ ਸ਼ਕਤੀ ਵੀ ਘਟਦੀ ਹੈ। ਝਗੜੇ ਦੌਰਾਨ ਕਿਸੇ ਨਤੀਜੇ 'ਤੇ ਨਾ ਪਹੁੰਚਣ ਦੀ ਸੂਰਤ ਵਿੱਚ ਮਾਮਲਾ ਤੀਜੀ ਧਿਰ, ਟ੍ਰਿਬਿਊਨਲ ਕੋਲ ਜਾਵੇਗਾ ਜਿਸ ਦੇ ਨੁਮਾਇੰਦੇ ਸਰਕਾਰੀ ਅਫਸਰ ਹੋਣਗੇ। ਇਉਂ ਫੈਸਲੇ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹੋਣ ਦੀ ਵਧੇਰੇ ਸੰਭਾਵਨਾ ਹੈ। ਸੋ, ਨਵੇਂ ਕਿਰਤ ਕੋਡਾਂ ਦੀ ਡੂੰਘਾਈ ਨਾਲ ਪੁਣ-ਛਾਣ ਕਰਨ ਦੀ ਜ਼ਰੂਰਤ ਹੈ ਤਾਂ ਕਿ ਕੋਡਾਂ ਦੀ ਸ਼ਬਦ ਵਿਆਖਿਆ ਅਤੇ ਅਸਲੀਅਤ ਦੀ ਸਹੀ ਪਛਾਣ ਹੋ ਸਕੇ। ਇਸ ਲਈ ਜ਼ਰੂਰੀ ਹੈ ਕਿ ਮਜ਼ਦੂਰ ਜਮਾਤ, ਮੁਲਾਜ਼ਮ, ਕਿਰਤੀ ਅਤੇ ਕਿਸਾਨ ਜੱਥੇਬੰਦੀਆਂ ਸਾਂਝਾ ਮੁਹਾਜ਼ ਬਣਾ ਕੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜੱਦੋ-ਜਹਿਦ ਦਾ ਮਾਹੌਲ ਸਿਰਜਣ ਤਾਂ ਕਿ ਉਨ੍ਹਾਂ ਖ਼ਿਲਾਫ਼ ਬਣ ਰਹੇ ਕਾਨੂੰਨੀ ਵਰਤਾਰੇ ਨੂੰ ਠੱਲ੍ਹ ਪਾਈ ਜਾ ਸਕੇ।

# ਇੰਨਾ ਸੌਖਾ ਵੀ ਨਹੀਂ ਹੈ ਮੁਲਕ ਦੀ ਆਬਾਦੀ ਦਾ ਸੰਤੁਲਨ ਬਣਾਈ ਰੱਖਣਾ

ਕਸ਼ਮਾ ਸ਼ਰਮਾ

ਹਾਲ ਹੀ ਵਿਚ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਰਸੰਘਚਾਲਕ ਮੋਹਨ ਭਾਗਵਤ ਨੇ ਪਰਿਵਾਰ ਦੇ ਮਹੱਤਵ 'ਤੇ ਜ਼ੋਰ ਦਿੰਦੇ ਹੋਏ ਭਾਰਤ ਵਿਚ ਜਨਸੰਖਿਆ ਵਾਧਾ ਦਰ ਘਟਣ ਪ੍ਰਤੀ ਸੁਚੇਤ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜੇ ਭਾਰਤ ਦੀ ਕੁੱਲ ਪ੍ਰਜਣਨ ਦਰ (ਟੀਐਫਆਰ) 2.1 ਪ੍ਰਤੀਸ਼ਤ ਤੋਂ ਹੇਠਾਂ ਚਲੀ ਗਈ ਤਾਂ ਕਿਸੇ ਹੋਰ ਨੂੰ ਸਮਾਜ ਨੂੰ ਬਰਬਾਦ ਕਰਨ ਦੀ ਜ਼ਰੂਰਤ ਨਹੀਂ, ਉਹ ਆਪਣੇ-ਆਪ ਹੀ ਨਸ਼ਟ ਹੋ ਜਾਵੇਗਾ। ਇਸ ਲਈ ਹਰੇਕ ਜੋੜੇ ਨੂੰ ਘੱਟੋ-ਘੱਟ ਤਿੰਨ ਬੱਚੇ ਪੈਦਾ ਕਰਨੇ ਜ਼ਰੂਰੀ ਹਨ। ਇਸ ਤੋਂ ਪਹਿਲਾਂ ਆਂਧਰ ਪ੍ਰਦੇਸ਼ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਆਪਣੇ ਸੂਬਿਆਂ ਦੀ ਘਟਦੀ ਆਬਾਦੀ 'ਤੇ ਚਿੰਤਾ ਜ਼ਾਹਰ ਕਰ ਚੁੱਕੇ ਹਨ। ਇਸ ਸਮੇਂ ਭਾਰਤ ਆਬਾਦੀ ਦੇ ਮਾਮਲੇ ਵਿਚ ਦੁਨੀਆ ਵਿਚ ਪਹਿਲੇ ਨੰਬਰ 'ਤੇ ਹੈ। ਅਰਸੇ ਤੋਂ ਇੱਥੇ ਆਬਾਦੀ ਘੱਟ ਕਰਨ ਲਈ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਮੱਧ ਵਰਗ ਨੇ ਕਾਫ਼ੀ ਹੱਦ ਤੱਕ ਅਪਣਾਇਆ ਵੀ। ਹੁਣ ਤਾਂ ਸਾਡੇ ਇੱਥੇ ਡਿੰਕ ਯਾਨੀ ਡਬਲ ਇਨਕਮ ਗਰੁੱਪ ਦੇ ਪਰਿਵਾਰਾਂ ਵਿਚ ਇਕ ਬੱਚੇ ਦਾ ਚਲਨ ਚੱਲ ਪਿਆ ਹੈ। ਇਸ ਤੋਂ ਇਲਾਵਾ ਕੁਝ ਨੌਜਵਾਨ ਅਜਿਹੇ ਵੀ ਹਨ ਜੋ ਬੱਚੇ ਚਾਹੁੰਦੇ ਹੀ ਨਹੀਂ ਕਿਉਂਕਿ ਉਹ ਬੱਚੇ ਨੂੰ ਪਾਲਣ-ਪੋਸਣ ਨੂੰ ਇਕ ਮੁਸੀਬਤ ਤੇ ਵੱਡੀ ਜ਼ਿੰਮੇਵਾਰੀ ਦੇ ਤੌਰ 'ਤੇ ਦੇਖਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਜ਼ਿੰਦਗੀ ਦਾ ਆਨੰਦ ਲੈਣਾ ਚਾਹੁੰਦੇ ਹਨ ਅਤੇ ਬੱਚੇ ਇਸ ਵਿਚ ਰੁਕਾਵਟ ਹਨ। ਘੱਟ ਹੁੰਦੀ ਆਬਾਦੀ ਦੁਨੀਆ ਦੇ ਕਈ ਦੇਸ਼ਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਹੋ ਸਕਦਾ ਹੈ ਕਿ ਭਾਗਵਤ ਨੇ ਜਾਪਾਨ, ਦੱਖਣੀ ਕੋਰੀਆ ਆਦਿ ਦੇਸ਼ਾਂ ਦੀਆਂ ਆਬਾਦੀ ਬਾਬਤ ਚਿੰਤਾਵਾਂ ਨੂੰ ਦੇਖਦੇ ਹੋਏ ਆਪਣਾ ਬਿਆਨ ਦਿੱਤਾ ਹੋਵੇ। ਦੱਖਣੀ ਕੋਰੀਆ ਵਿਚ ਇਸ ਸਦੀ ਦੇ ਅੰਤ ਤੱਕ ਜਨਸੰਖਿਆ ਪੰਜ ਕਰੋੜ 20 ਲੱਖ ਤੋਂ ਘਟ ਕੇ ਇਕ ਕਰੋੜ ਸੱਤ ਲੱਖ ਰਹਿਣ ਦਾ ਅੰਦੇਸ਼ਾ ਜਤਾਇਆ ਜਾ ਰਿਹਾ ਹੈ। ਇਹ ਸਥਿਤੀ ਨਾ ਬਣੇ, ਇਸ ਲਈ ਦੱਖਣੀ ਕੋਰੀਆ ਸਰਕਾਰ ਆਪਣੇ ਲੋਕਾਂ ਨੂੰ ਵੱਧ ਬੱਚੇ ਪੈਦਾ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਲਾਲਚ-ਹੱਲਾਸ਼ੇਰੀਆਂ, ਪ੍ਰੋਤਸਾਹਨ ਦੇ ਰਹੀ ਹੈ। ਉੱਥੇ ਪੁਰਸ਼ਾਂ ਲਈ ਫ਼ੌਜੀ ਸਿਖਲਾਈ ਲੈਣੀ ਲਾਜ਼ਮੀ ਹੈ ਪਰ ਤਿੰਨ ਜਾਂ ਉਨ੍ਹਾਂ ਤੋਂ ਵੱਧ ਬੱਚਿਆਂ ਵਾਲਿਆਂ ਨੂੰ ਇਸ ਤੋਂ ਰਿਆਇਤ ਦਿੱਤੀ ਜਾ ਰਹੀ ਹੈ। ਮਹਿਲਾਵਾਂ ਲਈ ਵੀ ਤਰ੍ਹਾਂ-ਤਰ੍ਹਾਂ ਦੇ ਐਲਾਨ ਕੀਤੇ ਜਾ ਰਹੇ ਹਨ ਪਰ ਉਹ ਇਸ ਬਾਰੇ ਸੁਣਨ ਨੂੰ ਤਿਆਰ ਨਹੀਂ। ਦੱਖਣੀ ਕੋਰੀਆ ਪਹਿਲਾ ਅਜਿਹਾ ਦੇਸ਼ ਹੈ ਜਿੱਥੇ ਔਰਤਾਂ ਨੇ 2018 ਵਿਚ 4ਬੀ ਨਾਮਕ ਇਕ ਅੰਦੋਲਨ ਸ਼ੁਰੂ ਕੀਤਾ ਸੀ। ਇਸ ਨੂੰ ਸ਼ੁਰੂ ਕਰਨ ਵਾਲੀਆਂ ਮਹਿਲਾਵਾਂ ਦਾ ਕਹਿਣਾ ਸੀ ਕਿ ਉਹ ਪੁਰਸ਼ਾਂ ਨਾਲ ਕਿਸੇ ਤਰ੍ਹਾਂ ਦਾ ਨਾਤਾ ਨਹੀਂ ਰੱਖਣਾ ਚਾਹੁੰਦੀਆਂ। ਉਨ੍ਹਾਂ ਨਾਲ ਨਾ ਤਾਂ ਡੇਟਿੰਗ 'ਤੇ ਜਾਣਾ ਚਾਹੁੰਦੀਆਂ ਹਨ, ਨਾ ਲਿਵ-ਇਨ ਵਿਚ ਰਹਿਣਾ ਚਾਹੁੰਦੀਆਂ ਹਨ, ਨਾ ਸ਼ਾਦੀ ਕਰਨੀ ਚਾਹੁੰਦੀਆਂ ਹਨ ਅਤੇ ਨਾ ਹੀ ਬੱਚੇ ਪੈਦਾ ਕਰਨੇ ਚਾਹੁੰਦੀਆਂ ਹਨ। ਹੁਣ ਤਾਂ ਅਮਰੀਕਾ ਵਿਚ ਵੀ ਇਹ ਅੰਦੋਲਨ ਜਾ ਪੁੱਜਾ ਹੈ। ਚੀਨ ਅਤੇ ਜਾਪਾਨ ਦੀਆਂ ਸਰਕਾਰਾਂ ਵੀ ਆਪਣੇ ਇੱਥੇ ਵਧਦੀ ਬਜ਼ੁਰਗ ਆਬਾਦੀ ਅਤੇ ਘਟਦੀ ਪ੍ਰਜਣਨ ਦਰ ਨੂੰ ਲੈ ਕੇ ਪਰੇਸ਼ਾਨ ਹਨ। ਚੀਨ ਵਿਚ ਤਾਂ ਕੁਝ ਦਿਨ ਪਹਿਲਾਂ ਐਲਾਨ ਕੀਤਾ ਗਿਆ ਸੀ ਕਿ ਡੇਟਿੰਗ 'ਤੇ ਜਾਣ ਵਾਲੇ ਲੋਕਾਂ ਨੂੰ ਸਰਕਾਰ ਵਿਸ਼ੇਸ਼ ਛੁੱਟੀਆਂ ਦੇਵੇਗੀ। ਚੀਨ ਵਿਚ ਕਿਸੇ ਜ਼ਮਾਨੇ ਵਿਚ ਇਕ ਬੱਚਾ ਨੀਤੀ ਸੀ ਜਿਸ ਨੂੰ ਬਹੁਤ ਸਖ਼ਤੀ ਨਾਲ ਲਾਗੂ ਕੀਤਾ ਗਿਆ। ਹੁਣ ਉਹੀ ਚੀਨ ਸਰਕਾਰ ਚਾਹੁੰਦੀ ਹੈ ਕਿ ਲੋਕ ਤਿੰਨ ਬੱਚੇ ਪੈਦਾ ਕਰਨ। ਭਾਰਤ ਵਿਚ ਵੀ ਐਮਰਜੈਂਸੀ ਦੇ ਦਿਨਾਂ ਵਿਚ 'ਹਮ ਦੋ, ਹਮਾਰੇ ਦੋ' ਦਾ ਨਾਅਰਾ ਚਲਾਇਆ ਗਿਆ ਜੋ ਉਦੋਂ ਤਾਂ ਜ਼ਿਆਦਾ ਸਫਲ ਨਾ ਹੋਇਆ ਪਰ ਬਾਅਦ ਵਿਚ ਮੱਧ ਵਰਗ ਨੇ ਇਸ ਨੂੰ ਅਪਣਾ ਲਿਆ। ਅੱਜ ਕੋਈ ਵੀ ਦੇਸ਼ ਆਪਣਾ ਅਕਸ ਬਜ਼ੁਰਗਾਂ ਦੇ ਆਧਾਰ 'ਤੇ ਨਹੀਂ ਬਣਾਉਣਾ ਚਾਹੁੰਦਾ ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਬਜ਼ੁਰਗਾਂ ਦਾ ਮਤਲਬ ਕਮਜ਼ੋਰੀ ਹੈ। ਇਸ ਲਈ ਉਨ੍ਹਾਂ ਨੂੰ ਨਵੀਂ ਪੀੜ੍ਹੀ ਚਾਹੀਦੀ ਹੈ। ਭਾਰਤ ਵਿਚ ਵੀ ਬਜ਼ੁਰਗਾਂ ਦੀ ਆਬਾਦੀ ਦਸ ਕਰੋੜ ਨਾਲੋਂ ਜ਼ਿਆਦਾ ਹੈ। ਸਾਡੇ ਇੱਥੇ ਇਕ ਨੇਤਾ ਕਹਿ ਵੀ ਚੁੱਕਾ ਹੈ ਕਿ ਬਜ਼ੁਰਗਾਂ 'ਤੇ ਦੇਸ਼ ਦੇ ਬਹੁਤ ਸੋਮੇ ਖ਼ਰਚ ਹੁੰਦੇ ਹਨ। ਅਜਿਹੇ ਵਿਚ ਜੇ ਨਵੀਂ ਪੀੜ੍ਹੀ ਨਾ ਆਈ ਤਾਂ ਦੇਸ਼ ਦਾ ਭਵਿੱਖ ਚੌਪਟ ਸਮਝੋ। ਮੈਡੀਕਲ ਸਾਇੰਸ ਦੀਆਂ ਨਵੀਆਂ ਖੋਜਾਂ ਅਤੇ ਦਵਾਈਆਂ ਤੇ ਉਨ੍ਹਾਂ ਦੀ ਉਪਲਬਧਤਾ ਨੇ ਲੋਕਾਂ ਦੀ ਉਮਰ ਲੰਬੀ ਕੀਤੀ ਹੈ। ਇਸ ਨੂੰ ਚੰਗੀ ਗੱਲ ਮੰਨਣ ਦੀ ਥਾਂ ਕੋਸਣਾ ਠੀਕ ਨਹੀਂ ਹੈ। ਕੋਈ ਸਰਕਾਰ ਚਾਹੇ ਤਾਂ ਬਜ਼ੁਰਗਾਂ ਨੂੰ ਕਿਸੇ ਰਚਨਾਤਮਕ ਕੰਮ ਵਿਚ ਲਗਾ ਸਕਦੀ ਹੈ। ਉਨ੍ਹਾਂ ਦੇ ਤਜਰਬਿਆਂ ਦਾ ਲਾਹਾ ਚੁੱਕ ਸਕਦੀ ਹੈ। ਦੁਨੀਆ ਵਿਚ ਆਬਾਦੀ ਘੱਟ ਹੋਣ ਦਾ ਇਕ ਵੱਡਾ ਕਾਰਨ ਮਹਿਲਾਵਾਂ ਦੀ ਵਧੀ ਹੋਈ ਨਿਰਣਾ ਲੈਣ ਦੀ ਸ਼ਕਤੀ ਹੈ। ਜ਼ਿਆਦਾਤਰ ਮਹਿਲਾਵਾਂ ਬੱਚਿਆਂ ਨੂੰ ਪਾਲਣਾ ਮੁਸ਼ਕਲ ਸਮਝਦੀਆਂ ਹਨ। ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਹੁਣ ਸੰਯੁਕਤ ਪਰਿਵਾਰਾਂ ਦਾ ਜ਼ਮਾਨਾ ਵੀ ਨਹੀਂ ਰਿਹਾ ਕਿ ਬੱਚੇ ਆਸਾਨੀ ਨਾਲ ਪਲ ਜਾਣ। ਅਜਿਹੇ ਵਿਚ ਸਵਾਲ ਇਹੀ ਹੈ ਕਿ ਆਖ਼ਰ ਕੋਈ ਨੇਤਾ ਤਿੰਨ ਬੱਚੇ ਪੈਦਾ ਕਰਨ ਲਈ ਔਰਤਾਂ ਨੂੰ ਕਿਵੇਂ ਤਿਆਰ ਕਰੇਗਾ? ਜੇ ਉਹ ਤਿੰਨ ਬੱਚੇ ਪੈਦਾ ਕਰਨਗੀਆਂ ਤਾਂ ਕੀ ਆਤਮ-ਨਿਰਭਰ ਬਣੀਆਂ ਰਹਿਣਗੀਆਂ? ਜੋ ਵੀ ਹੋਵੇ, ਇਹ ਦਿਲਚਸਪ ਹੈ ਕਿ ਪਹਿਲਾਂ ਜੋ ਲੋਕ ਜਨਸੰਖਿਆ ਨੂੰ ਕਾਬੂ ਕਰਨ ਦੀ ਗੱਲ ਸੁਣਦੇ ਹੀ ਲਾਲ-ਪੀਲੇ ਹੋ ਜਾਂਦੇ ਸਨ ਅਤੇ ਉਸ ਨੂੰ ਸੈਕੂਲਰਿਜ਼ਮ ਅਤੇ ਮਨੁੱਖੀ ਅਧਿਕਾਰਾਂ ਵਿਰੁੱਧ ਦੱਸਦੇ ਸਨ, ਧਾਰਮਿਕ ਮਸਲਿਆਂ ਨਾਲ ਜੋੜਦੇ ਸਨ, ਉਹ ਹੁਣ ਇਸ ਦੇ ਪੱਖ ਵਿਚ ਬੋਲਣ ਲੱਗੇ ਹਨ।



# ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ "ਵੀਰ ਬਾਲ ਦਿਵਸ" ਕਹਿਣਾ: ਕੀ ਸਿੱਖ ਮਰਿਆਦਾ ਨਾਲ ਖਿਲਵਾੜ ਨਹੀਂ?

**ਪ੍ਰੋਫੈਸਰ (ਡਾ.) ਦਲਜੀਤ ਸਿੰਘ,**
ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ,
ਪ੍ਰੋਫੈਸਰ ਆਫ ਲਾਅ ਅਤੇ
ਵਾਈਸ ਚਾਂਸਲਰ ਰਿਆਤ ਬਾਹਰਾ ਯੂਨੀਵਰਸਿਟੀ

ਸਿੱਖ ਇਤਿਹਾਸ ਵਿੱਚ ਸ਼ਹਾਦਤ ਦੇ ਸੰਕਲਪ ਪੱਖੋਂ ਪੋਹ (ਦਸੰਬਰ- ਜਨਵਰੀ) ਦਾ ਮਹੀਨਾ ਬਹੁਤ ਮਹੱਤਵਪੂਰਨ ਹੈ। ਇਸ ਮਹੀਨੇ ਦੇ ਇੱਕ ਹਫਤੇ ਦੇ ਵਿੱਚ ਵਿੱਚ ਹੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ, ਅਤੇ ਮਾਤਾ ਗੁਜਰੀ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। ਛੇ ਪੋਹ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ। ਸੱਤ ਪੋਹ ਨੂੰ ਸਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਦਾ ਪਰਿਵਾਰ ਵੰਡਿਆ ਗਿਆ। ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਚਮਕੌਰ ਸਾਹਿਬ ਦੀ ਗੜੀ ਪਹੁੰਚੇ। ਦੂਜੇ ਪਾਸੇ ਸੱਤ ਪੋਹ ਦੀ ਰਾਤ ਨੂੰ ਹੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਰਸਾ ਨਦੀ ਕਿਨਾਰੇ ਕੁੰਮੇ ਮਸ਼ਕੀ ਦੀ ਝੋਪੜੀ ਵਿੱਚ ਠਹਿਰੇ। ਅੱਠ ਪੋਹ ਨੂੰ ਚਮਕੌਰ ਦੀ ਗੜੀ ਵਿੱਚ ਜੰਗ ਹੋਈ, ਜਿੱਥੇ ਦੋਨੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਮੁਗਲ ਫੌਜਾਂ ਨਾਲ 'ਸਵਾ ਲਾਖ ਸੇ ਏਕ ਲੜਾਊਂ' ਦੇ ਕਥਨ ਨੂੰ ਅਸਲੀ ਜਾਮਾ ਪਹਿਨਾਉਂਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਅੱਠ ਪੋਹ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਗੰਗੂ ਬ੍ਰਾਹਮਣ ਦੀ ਝੋਪੜੀ ਵਿੱਚ ਰਹੇ। ਗੰਗੂ ਬ੍ਰਾਹਮਣ ਦੀ ਨਮਕ ਹਰਾਮੀ ਕਰਨ ਕਰਕੇ ਮਾਤਾ ਗੁਜਰੀ ਅਤੇ ਦੋਨਾਂ ਛੋਟੇ ਸਾਹਿਬਜ਼ਾਦਿਆਂ ਨੂੰ ਨੌਂ ਪੋਹ ਦੀ ਰਾਤ ਮੋਰਿੰਡਾ ਜੇਲ ਵਿੱਚ ਗੁਜ਼ਾਰਨੀ ਪਈ। 10, 11 ਅਤੇ 12 ਪੋਹ ਨੂੰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਠੰਡੇ ਬੁਰਜ ਸਰਹੰਦ (ਹੁਣ ਸ੍ਰੀ ਫਤਿਹਗੜ੍ਹ ਸਾਹਿਬ) ਵਿੱਚ ਰੱਖੇ ਗਏ। ਇਹਨਾਂ ਦਿਨਾਂ ਦੌਰਾਨ ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀ ਅਦਾਲਤ ਵਿੱਚ ਦੋਨਾਂ ਸਾਹਿਬਜ਼ਾਦਿਆਂ ਦੀ ਪੇਸ਼ੀ ਹੋਈ ਅਤੇ ਉਹਨਾਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ। ਸਿਰਫ ਨੌ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸੱਤ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਫਤਿਹ ਸਿੰਘ ਨੇ ਜਦੋਂ ਆਪਣੇ ਸਿੱਖ ਧਰਮ ਵਿੱਚ ਪਰਪਕਤਾ ਦਿਖਾਈ ਅਤੇ ਇਸਲਾਮ ਧਰਮ ਕਬੂਲ ਕਰਨ ਤੋਂ ਸਾਫ ਇਨਕਾਰ ਕੀਤਾ ਤਾਂ ਉਹਨਾਂ ਉੱਪਰ ਅਸਹਿ ਤਰੀਕੇ ਦੇ ਤਸੀਹਿਆਂ ਨਾਲ ਤਸ਼ੱਦਦ ਕੀਤਾ ਗਿਆ। ਪਹਿਲਾਂ ਉਹਨਾਂ ਨੂੰ ਨੀਹਾਂ ਵਿੱਚ ਚਣਵਾਇਆ ਗਿਆ, ਪਰ ਜਦੋਂ ਉਹ ਫੇਰ ਵੀ ਇਸਲਾਮ ਨੂੰ ਕਬੂਲ ਕਰਨ ਲਈ ਨਹੀਂ ਮੰਨੇ ਤਾਂ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਦੁਨੀਆ ਵਿੱਚ ਇਹ ਪਹਿਲੀ ਮਿਸਾਲ ਹੈ ਕਿ ਜਦੋਂ ਇਨੀ ਛੋਟੀ ਉਮਰ ਉਮਰ ਵਿੱਚ ਆਪਣੇ ਧਰਮ ਦੀ ਖਾਤਰ ਉਹਨਾਂ ਗੁਰੂ ਦੇ ਲਾਲਾਂ ਨੇ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਸਾਹਿਬਜ਼ਾਦਿਆਂ ਦੀ ਇਹ ਕੁਰਬਾਨੀ ਦੁਨੀਆ ਦੇ ਇਤਿਹਾਸ ਵਿੱਚ ਲਾਸਾਨੀ ਅਤੇ ਅਦੁਤੀ ਸ਼ਹਾਦਤ ਵਜੋਂ ਜਾਣੀਜਾਂਦੀਹੈ। ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਸਿੱਖ ਧਰਮ ਦੀਆਂ ਨੀਹਾਂ ਮਜਬੂਤ ਕਰ ਗਏ। ਇਸ ਕਰਕੇ ਸੰਗਤ ਇਸ ਸ਼ਹਾਦਤ ਨੂੰ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਕਰਕੇ ਸਿਰ ਨਿਵਾਉਂਦੀਆਂ ਆ ਰਹੀਆਂ ਹਨ।

ਹੁਣ ਗੱਲ ਕਰਦੇ ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ "ਵੀਰ ਬਾਲ", ਵਜੋਂ ਕਹੇ ਜਾਣ ਦੀ। ਅਸਲ ਵਿੱਚ ਕਿਸੇ ਕੌਮ ਨੂੰ ਖਤਮ ਕਰਨ ਲਈ ਟੈਂਕ, ਤੋਪਾਂ ਜਾਂ ਬਰੂਦ ਦੀ ਲੋੜ ਨਹੀਂ ਪੈਂਦੀ। ਉਸ ਕੌਮ ਦਾ ਇਤਿਹਾਸ ਖ਼ਰਾਬ ਕਰ ਦਿਓ, ਉਸ ਦੀ ਮਾਂ ਬੋਲੀ ਖ਼ਤਮ ਕਰ ਦਿਓ, ਉਹ ਕੌਮ ਆਪਣੇ ਆਪ ਸਮੇਂ ਨਾਲ ਖਤਮ ਹੋ ਜਾਵੇਗੀ।ਭਾਰਤ ਵਿੱਚ ਸਿੱਖ ਕੌਮ ਘੱਟ ਗਿਣਤੀ ਵਿੱਚ ਹੈ। ਇਹ ਭਾਰਤ ਦੀ ਕੁਲ ਆਬਾਦੀ ਦਾ ਸਿਰਫ 1।7% (2011) ਹਿੱਸਾ ਹੈ। ਇਹ ਭਾਵੇਂ ਕਹਿਣ ਨੂੰ ਪੰਜਾਬ ਵਿੱਚ ਬਹੁਤ ਗਿਣਤੀ ਵਿੱਚ ਹੈ, ਪਰ ਸਮਾਂ ਬੀਤਣ ਨਾਲ ਇਸ ਦੀ ਗਿਣਤੀ ਘੱਟਦੀ ਜਾ ਰਹੀ ਹੈ। ਦੁਨੀਆਂ ਵਿੱਚ ਖਾਸ ਤੌਰ ਤੇ ਭਾਰਤ ਵਿੱਚ ਬਹੁ ਗਿਣਤੀ ਧਾਰਮਿਕ ਸਮੂਹ ਨੂੰ ਇਹ ਪਤਾ ਹੈ ਕਿ ਸਿੱਖ ਕੌਮ ਯੋਧਿਆਂ ਅਤੇ ਸੂਰਵੀਰਾਂ ਦੀ ਕੌਮ ਹੈ, ਜਿਸ ਦਾ ਮੁੱਖ ਨਿਸ਼ਚਾ ਭਾਵੇਂ ਸਰਬੱਤ ਦਾ ਭਲਾ ਹੈ, ਪਰ ਇਹ ਕੌਮ ਨਾ ਆਪਣੇ ਤੇ ਜੁਲਮ ਜਾਂ ਅਨਿਆਏ ਸਹਿੰਦੀ ਹੈ, ਨਾ ਹੀ ਕਿਸੇ ਹੋਰ ਉੱਤੇ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ ਉਹਨਾਂ ਦਾ ਹਿੰਦੂ ਧਰਮ ਬਚਾਉਣ ਲਈਖ਼ੁਦ ਦਿੱਲੀ ਜਾ ਕੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਜੋ ਇਕ ਵਿਲੱਖਣ ਇਤਿਹਾਸਿਕ ਮਿਸਾਲ ਹੈ। ਜਿਥੇ ਦੋਨੋਂ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਗੜੀ ਵਿੱਚ ਮੁਗ਼ਲ ਫੌਜਾਂ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ, ਉਥੇ ਹੀ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੇ ਸਿੱਖ ਧਰਮ ਤੋਂ ਇਸਲਾਮਵਿੱਚਪਰਿਵਰਤਿਤਹੋਕੇਆਪਣੀ ਜ਼ਿੰਦਗੀ ਬਚਾਉਣ ਦੀ ਬਜਾਏ ਅਣਮਨੁੱਖੀ ਤਸੀਹੇ ਸਹਿੰਦੇ ਹੋਏ, ਸਿੱਖ ਧਰਮ ਲਈ ਆਪਣੀ ਸ਼ਹਾਦਤ ਦੇਣਾ ਕਬੂਲ ਕੀਤਾ। ਸ਼ਾਇਦ ਦੁਨੀਆ ਦੇ ਇਤਿਹਾਸ ਵਿੱਚ ਇਹ ਇੱਕੋ ਇੱਕ ਅਜਿਹੀ ਉਦਾਹਰਨ ਹੈ, ਜਿੱਥੇ ਨੌਂ ਅਤੇ ਸੱਤ ਸਾਲ ਦੇ ਮਾਸੂਮ ਸਾਹਿਬਜ਼ਾਦਿਆਂ ਨੇਸਿੱਖ ਧਰਮ ਦੀ ਰਾਖੀ ਲਈ ਸ਼ਹਾਦਤ ਦਾ ਜਾਮ ਪੀਤਾ। ਇਹ ਠੀਕ ਹੈ ਕਿ ਭਾਵੇਂ ਸਿੱਖਾਂ ਨੂੰ 1947 ਤੋਂ ਭਾਰਤ ਦੀ ਆਜ਼ਾਦੀ ਮਿਲਣ ਤੋਂ ਬਾਅਦ ਉਹਨਾਂ ਨੂੰ ਆਪਣਾ ਬਣਦਾ ਹੱਕ ਨਹੀਂ ਮਿਲਿਆ, ਪਰ ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਸ਼ੁਰੂ ਹੋਈ ਫਿਰਕੂਵਾਦ ਦੀ ਲਹਿਰ ਵਿੱਚ ਸਿੱਖਾਂ ਦੀ ਆਜ਼ਾਦ ਹਸਤੀ ਨੂੰ ਹੋਰ ਖਤਰਾ ਪੈਦਾ ਹੋ ਗਿਆ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਕਿਸ ਤਰੀਕੇ ਦੇ ਨਾਲ ਬਹੁ ਗਿਣਤੀ ਧਾਰਮਿਕ ਸਮੂਹ ਸਿੱਖਾਂ ਨੂੰ ਆਪਣਾ ਹਿੱਸਾ ਦਰਸਾਉਣ ਲਈ ਕੋਝੀਆਂ ਚਾਲਾਂ ਚੱਲ ਰਿਹਾ ਹੈ। ਇਹ ਵੀ ਸੱਚ ਹੈ ਕਿ ਇਹ ਲੋਕ ਭਲੀ ਭਾਂਤ ਜਾਣਦੇ ਹਨ ਕਿ ਸਿੱਖਾਂ ਨੂੰ ਸਾਹਮਣੇਤੋਂ ਜ਼ਬਰਦਸਤੀ ਨਾਲ ਨਹੀਂ ਮਿਟਾਇਆ ਜਾ ਸਕਦਾ। ਇਸ ਕਰਕੇ ਉਹ ਸਿੱਖੀ ਦੇ ਬੂਟੇ ਨੂੰ ਕੱਟਣ ਦੀ ਬਜਾਏ ਜੜਾਂ ਵਿੱਚ ਤੇਲ ਪਾ ਕੇ ਚੁੱਪ ਚੁਪੀਤੇ ਇਸ ਨੂੰ ਸੁਕਾਉਣ ਤੇ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ ਵਿੱਚ ਅਸੀਂ ਵੇਖਿਆ ਹੈ ਕਿ ਇਹ ਸਮੂਹ ਕਿਸ ਤਰ੍ਹਾਂ ਜ਼ਮੀਰੋਂ ਮਰ ਚੁੱਕੇ ਸਿੱਖ ਵਿਕਾਊ ਲੀਡਰਾਂ ਨੂੰ ਲਾਲਚ ਦੇ ਕੇ ਜਾਂ ਮਹੱਤਵਪੂਰਨ ਪਦਵੀ ਦੇ ਕੇ ਜਾਂ ਡਰਾ ਧਮਕਾ ਕੇ ਆਪਣੇ ਖੇਮੇ ਵਿੱਚ ਕਰ ਰਹੇ ਹਨ। ਉਹਨਾਂ ਵੱਲੋਂ ਸਿੱਖਾਂ ਵਿੱਚ ਖਾਨਾ ਜੰਗੀ ਕਰਵਾ ਕੇ ਅਤੇ ਆਪਸ ਵਿੱਚ ਲੜਵਾ ਕੇ ਆਪਣੀਆਂ ਸਿਆਸੀ ਅਤੇ ਧਾਰਮਿਕ ਰੋਟੀਆਂ ਸੇਕਣ ਦਾ ਚੰਗਾ ਤਰੀਕਾ ਅਪਣਾਇਆ ਜਾ ਰਿਹਾ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਸਿੱਖਾਂ ਨੂੰ ਬਾਹਰੀ ਦੁਸ਼ਮਣਾਂ ਤੋਂ ਉਨਾ ਖਤਰਾ ਨਹੀਂ ਹੈ, ਜਿੰਨਾ ਆਪਣੇ ਅੰਦਰੋਂ ਬੇਜ਼ਮੀਰ ਗ਼ਦਾਰਾਂ ਤੋਂ ਹੈ। ਇਸ ਲਈ ਸਮੇਂ ਦੀ ਲੋੜ ਹੈ ਕਿ ਇਹਨਾਂ ਜ਼ਮੀਰੋਂ ਮਰ ਚੁੱਕੇ ਲਾਲਚੀ ਧਾਰਮਿਕ ਅਤੇ ਰਾਜਸੀ ਨੇਤਾਵਾਂ ਜਾਂ ਸ਼ਖਸ਼ੀਅਤਾਂ ਨੂੰ ਪਹਿਚਾਨਣ ਦੀ।

ਭਾਵੇਂ ਕਿ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਜਨਵਰੀ 2022 ਵਿੱਚ ਕੀਤੀ ਗਈ, ਜਦੋਂ ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਛੋਟੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਅਦੁੱਤੀ ਸ਼ਹਾਦਤ ਨੂੰ "ਵੀਰ ਬਾਲ ਦਿਵਸ" ਵਜੋਂ ਐਲਾਨਿਆ , ਪਰ ਮੇਰੇ ਵੱਲੋਂ ਸਿੱਖ ਸੰਗਤ ਨੂੰ ਇਸ "ਬਾਲ ਦਿਵਸ" ਬਾਰੇ ਘੜੀ ਜਾ ਰਹੀ ਸਾਜਿਸ਼ ਬਾਰੇ ਸੁਚੇਤ ਕਰਨ ਲਈ ਅਖਬਾਰਾਂ ਵਿੱਚ ਇੱਕ ਲੇਖ ਜਿਸ ਦਾ ਸਿਰਲੇਖ ਸੀ, "ਇੱਕ ਖੁੱਲਾਖੱਤ ਸਿੱਖ ਸੰਗਤ ਦੇ ਨਾਮ: ਬਾਲ ਦਿਵਸ ਵਜੋਂ ਮਨਾਉਣ ਦੀ ਮੰਗ ਪਿੱਛੇ ਸਾਜਸ਼ੀ ਮਨਸੇ" ਛਾਪਿਆ ਗਿਆ ਸੀ, ਜਿਸ ਦੇ ਕੁਝ ਅੰਸ਼ ਇਸ ਤਰਾਂ ਸਨ,"ਮੈਂ ਇਸ ਖਤ ਰਾਹੀਂ ਹਰ ਉਸ ਨਾਨਕ ਨਾਮ ਲੇਵਾ ਨੂੰ ਸੰਬੋਧਿਤ ਹਾਂ, ਜੋ ਨਿਰਸਵਾਰਥ ਭਾਵਨਾ ਨਾਲ ਖਾਲਸਾ ਇਤਿਹਾਸ, ਖਾਲਸਾਈ ਆਨ ਬਾਨ ਸ਼ਾਨ ਨੂੰ ਨਿੱਜਸਵਾਰਥ ਤੋਂ ਹੱਟ ਕੇ ਸਹੀ ਅਰਥਾਂ ਵਿੱਚ ਸਵੀਕਾਰਦਾ ਅਤੇ ਸਤਿਕਾਰਦਾ ਹੈ। ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਸ਼ਹੀਦੀ ਹਫ਼ਤੇ ਵਿੱਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮਨਾ ਰਹੇ ਹਾਂ। ਇਸ ਹਫਤੇ ਨੂੰ ਦੁਨੀਆਂ ਭਰ ਵਿੱਚ ਬਹੁਤ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕੁਝ ਅਖੌਤੀ ਸਿੱਖਾਂ ਦੀ ਦਿੱਲੀ ਵਿੱਚ ਬੈਠੇ ਲੀਡਰ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ 28 ਦਸੰਬਰ ਨੂੰ 'ਬਾਲ ਦਿਵਸ' ਵਜੋਂ ਮਨਾਉਣ ਦੀ ਮੰਗ ਸਾਜਿਸ਼ ਤਹਿਤ ਕੀਤੀ ਜਾ ਰਹੀ ਹੈ। ਇਸ ਵਿੱਚ ਕੁਝ ਕੁ ਅਖੌਤੀ ਸਿੱਖਾਂ ਦੀ ਲੀਡਰਸ਼ਿਪ ਵੀ ਸ਼ਾਮਿਲ ਹੈ। ਮੈਂ ਇਸ ਖੁੱਲੇ ਖਤ ਰਾਹੀਂ ਇਸ ਸਾਜਿਸ਼ ਤੋਂ ਸੁਚੇਤ ਕਰਨ ਲਈ ਸਮੂਹ ਸੰਗਤ ਨੂੰ ਮੁਖਾਤਿਬ ਹਾਂ। ਸਾਹਿਬਜ਼ਾਦਿਆਂ ਦੀ ਕੁਰਬਾਨੀ ਦੁਨੀਆਂ ਦੇ ਇਤਿਹਾਸ ਵਿੱਚ ਲਾਸਾਨੀ ਸ਼ਹਾਦਤ ਵਜੋਂ ਅਨੋਖੀ ਮਿਸਾਲ ਹੈ। ਨੌ ਸਾਲ ਅਤੇ ਸੱਤ ਸਾਲ ਦੇ ਗੁਰੂ ਦੇ ਲਾਲਾਂ ਨੇ ਆਪਣੇ ਧਰਮ ਖਾਤਰ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਮੈਂ ਇਹਨਾਂ ਸਤਰਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਪਿਛੋਕੜ ਦੀ ਕੁਰਬਾਨੀ ਨਹੀਂ ਦੱਸ ਰਿਹਾ ਸਗੋਂ ਸਾਹਿਬਜ਼ਾਦਿਆਂ ਦੇ ਨਾਮ ਤੇ ਰਚੀ ਜਾ ਰਹੀ ਡੂੰਘੀ ਸਾਜਿਸ਼ ਜਾਂ ਕੁਝ ਬਕਾਊ ਨੇਤਾਵਾਂ ਦੁਆਰਾ ਰਚੀ ਜਾ ਰਹੀ ਸਾਜਿਸ਼ ਤੋਂਆਗਾਹ ਕਰ ਰਿਹਾ ਹਾਂ। ਪਿਛਲੇ ਕੁਝ ਸਮੇਂ ਤੋਂ ਕੁਝ ਰਾਜਨੀਤਿਕ ਨੇਤਾਅਤੇਅਖੌਤੀ ਧਾਰਮਿਕ ਜਥੇਬੰਦੀਆਂ ਇਸ ਦਿਨ ਨੂੰ ਬਾਲਦਿਵਸ ਦਾ ਨਾਮ ਦੇਣਾ ਚਾਹੁੰਦੀਆਂ ਹਨ।

ਇਹ ਰਾਜਨੀਤਿਕ ਅਤੇ ਅਖੌਤੀ ਧਾਰਮਿਕ ਲੋਕ ਸਿੱਖ ਧਰਮ ਦੀ ਵੱਡਮੁੱਲੀ ਸਾਖ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਦਿੱਲੀ ਦੀ ਸਿੱਖ ਲੀਡਰਸ਼ਿਪ, ਜਿਸ ਸਬੰਧੀ ਅਕਸਰ ਇਹ ਕਿਹਾ ਜਾਂਦਾ ਹੈਕਿ ਉਹ ਸਵੇਰ ਨੂੰ ਕੋਟ ਟਾਈ ਲਾ ਕੇ ਨਿਕਲਦੀ ਹੈ ਅਤੇ ਸੋਚਦੀ ਹੈ ਕਿ ਸਿੱਖੀ ਕਿਸ ਤਰਾਂ ਵੇਚੀ ਜਾ ਸਕਦੀ ਹੈ। ਉਹ ਲੀਡਰਸ਼ਿਪ ਇਸ ਭੂਮਿਕਾ ਵਿੱਚ ਵੱਡੀ ਭੂਮਿਕਾ ਨਿਭਾਉਣ ਲਈ ਪੱਬਾਂ ਭਾਰ ਹੈ। ਮੈਂ ਦਿੱਲੀ ਦੀ ਸਿੱਖ ਸੰਗਤ ਨੂੰ ਸੁਚੇਤ ਰੂਪ ਕਹਿ ਰਿਹਾ ਹਾਂ ਕਿ ਸਿੱਖ ਮਰਿਆਦਾ ਅਤੇ ਸਿੱਖੀ ਆਨ ਬਾਨ ਸ਼ਾਨ ਲਈ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿਰਫ ਤੇ ਸਿਰਫ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਜੋਂ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਜਾਰੀ ਰੱਖੀ ਜਾਵੇ।

ਮੇਰੀ ਇਹ ਮੰਗ ਅਤੇ ਬੇਨਤੀ ਹੈ ਕਿ ਆਉ, ਸੁਚੇਤ ਰੂਪ ਵਿੱਚ ਜਾਗਰੂਕ ਹੋ ਕੇ ਖੁੱਲੀਆਂ ਅੱਖਾਂ ਨਾਲ ਇਸ ਸਾਜਿਸ਼ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਅਤੇ ਆਪਣੇ ਧਰਮ ਨੂੰ ਇਸ ਸੌੜੀ ਰਾਜਨੀਤੀ ਅਤੇ ਕੋਝੀ ਸੋਚ ਤੋਂ ਦੂਰ ਰੱਖਦੇ ਹੋਏ ਆਪਣੇ ਇਤਿਹਾਸ ਦੀ ਮਹਾਨਤਾ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਨੂੰ ਜਾਰੀ ਰੱਖੀਏ ਅਤੇ ਕੇਂਦਰ ਸਰਕਾਰ ਤੋਂ ਮੰਗ ਕਰੀਏ ਕਿ ਇਸ ਦਿਨ ਨੂੰ ਸਾਰੇ ਦੇਸ਼ ਵਿੱਚ ਸਾਹਿਬਜ਼ਾਦਾ ਸ਼ਹੀਦੀ ਦਿਵਸ ਵਜੋਂ ਮਨਾਉਣ ਦਾ ਐਲਾਨ ਕਰੇ।"ਅਫਸੋਸ, ਕਿਸੇ ਵੀ ਸਿੱਖ ਸੰਸਥਾ, ਸਿੱਖ ਨੇਤਾ ਜਾ ਸਿੱਖ ਧਾਰਮਿਕ ਸਮਾਜ ਵੱਲੋਂ ਉਸ ਵਕਤ ਮੇਰੀ ਇਸ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਦੋ ਸਾਲ ਬਾਅਦ ਪੂਰੀ ਗਿਣੀ ਮਿਥੀ ਸਾਜਿਸ਼ ਅਧੀਨ ਸਿੱਖ ਧਰਮ ਦੀ ਆਨ ਬਾਨ ਤੇ ਸ਼ਾਨ, ਸਾਹਿਬਜ਼ਾਦਿਆਂ ਦੇ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ 'ਵੀਰ ਬਾਲ ਦਿਵਸ' ਦਾ ਚੋਲਾ ਪਹਿਨਾ ਦਿੱਤਾ ਗਿਆ।

ਇਹ ਠੀਕ ਹੈ ਕਿ 25-26 ਦਸੰਬਰ 2022 ਦੀਆਂ ਅਖਬਾਰਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ "ਵੀਰ ਬਾਲ ਦਿਵਸ" ਨੂੰ ਰੱਦ ਕਰਦਿਆਂ, ਸਿੱਖ ਇਤਿਹਾਸ ਛੁਟਿਆਉਣ ਵਾਲੀ ਸਰਕਾਰੀ ਚਾਲ ਤੋਂ ਸੰਗਤ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਦੇ ਇਤਿਹਾਸ ਨੂੰ ਰ਼ਲਗੱਡ ਕਰਨ ਦੇ ਰਾਹ ਤੁਰੀ ਹੋਈ ਹੈ ਅਤੇ ਦੁੱਖ ਦੀ ਗੱਲ ਇਹ ਹੈ ਕਿ ਦਿੱਲੀ ਕਮੇਟੀ ਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਇਸ ਵਿੱਚ ਸਹਿਯੋਗ ਕਰ ਰਹੇ ਹਨ। ਉਹਨਾਂ ਕਿਹਾ ਕਿ ਸਿੱਖ ਕੌਮ ਦੀਆਂ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣਾ ਦੁਨੀਆ ਦੇ ਧਰਮ ਇਤਿਹਾਸ ਅੰਦਰ ਸਭ ਤੋਂ ਵੱਡੀ ਸ਼ਹਾਦਤ ਤੇ ਮੁੱਲਵਾਨ ਵਿਰਾਸਤ ਨੂੰ ਖੋਰਾ ਲਗਾਉਣ ਦੀ ਕੋਝੀ ਸਾਜਿਸ਼ ਹੈ।"

ਇੱਥੇ ਇਹ ਜਾਨਣਾ ਵੀ ਜਰੂਰੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਤੇ ਸਿੱਖ ਵਿਦਵਾਨਾਂ ਦੀ ਕਮੇਟੀ ਵੱਲੋਂ 'ਵੀਰ ਬਾਲ ਦਿਵਸ' ਦੀ ਥਾਂ ਤੇ ਸਾਹਿਬਜ਼ਾਦਾ ਸ਼ਹਾਦਤ ਦਿਵਸ ਨਾਮ ਸੁਝਾਇਆ ਗਿਆ ਸੀ ਅਤੇ ਇਸ ਸਬੰਧ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਸੱਭਿਆਚਾਰਕ ਮੰਤਰਾਲੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੱਤਰ ਵੀ ਭੇਜਿਆ ਗਿਆ ਸੀ। ਐਡਵੋਕੇਟ ਧਾਮੀ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਸੀ ਕਿ ਸਰਕਾਰ ਵੱਲੋਂ ਇਸ ਦੇ ਬਾਵਜੂਦ ਵੀ ਨਾਮ ਨਾ ਬਦਲਣਾ ਅਤੇ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਸਰਕਾਰੀ ਸਮਾਗਮਾਂ ਦਾ ਹਿੱਸਾ ਬਣਨਾ ਕੌਮ ਲਈ ਦੁਖਦਾਈ ਹੈ। ਉਹਨਾਂ ਇਹ ਵੀ ਕਿਹਾ ਸੀ ਕਿ ਸਿੱਖ ਕੌਮ ਆਪਣੇ ਇਤਿਹਾਸ ਦੀ ਮੌਲਿਕਤਾ ਅਤੇ ਮਹੱਤਤਾ ਨੂੰ ਕਦੇ ਵੀ ਘੱਟ ਨਹੀਂ ਹੋਣ ਦੇਵੇਗੀ ਅਤੇ ਆਪਣੇ ਇਤਿਹਾਸ ਦੀ ਭਾਵਨਾ ਅਨੁਸਾਰ ਹੀ ਸਾਹਿਬਜ਼ਾਦਿਆਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੇ ਹੋਏ, ਸਾਹਿਬਜ਼ਾਦਾ ਸ਼ਹਾਦਤ ਵਜੋਂ ਹੀ ਮਨਾਵੇਗੀ। ਭਾਵੇਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਸਰਕਾਰ ਦੁਆਰਾ'ਵੀਰ ਬਾਲ ਦਿਵਸ' ਮਨਾਉਣ ਪਿੱਛੇ ਸਿੱਖ ਇਤਿਹਾਸ ਨੂੰ ਕਮਜ਼ੋਰ ਕਰਨ ਦੀ ਸ਼ਰਾਰਤੀ ਸਾਜਿਸ਼ ਕਰਾਰ ਦਿੱਤਾ ਗਿਆ ਸੀ, ਪਰ ਦੋ ਸਾਲ ਬੀਤਣ ਤੋਂ ਬਾਅਦ ਵੀ ਉਹਨਾਂ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ ਅਤੇ ਨਾ ਹੀ ਕੋਈ ਭਾਰਤ ਸਰਕਾਰ ਨੂੰ ਇਸ ਬਾਰੇ ਤਾੜਨਾ ਕੀਤੀ ਗਈ।

ਸਾਨੂੰ ਸਭ ਨੂੰ ਪਤਾ ਹੈ ਕਿ ਅੱਜ ਦਾ ਸਮਾਂ ਸੋਸ਼ਲਮੀਡੀਆ ਦਾ ਹੈ। ਸਿੱਖ ਇਤਿਹਾਸ ਨੂੰ ਗੰਧਲਾ ਕਰਨ ਵਾਲੇ, 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਧੁੰਦਲਾ ਕਰਨ ਲਈ ਪੂਰਾ ਜੋਰ ਲਗਾ ਰਹੇ ਹਨ ਅਤੇ 'ਵੀਰ ਬਾਲ ਦਿਵਸ' ਨੂੰ ਉਭਾਰਨ ਵਿੱਚ ਲੱਗੇ ਹੋਏ ਹਨ। ਹੋਰ ਤਾਂ ਹੋਰ ਜ਼ਿਆਦਾਤਰ ਪੋਸਟਾਂ ਵਿਚ ਸਾਹਿਬਜ਼ਾਦਾ ਸ਼ਬਦ ਵਰਤਣ ਤੋਂ ਵੀ ਗੁਰੇਜ ਕੀਤਾ ਜਾ ਰਿਹਾ ਹੈ। ਕਈ ਪੋਸਟਾਂ ਵਿੱਚ ਸਾਹਿਬਜ਼ਾਦਾ ਸ਼ਬਦ ਲਿਖਣ ਦੀ ਬਜਾਏ ਉਹਨਾਂ ਨੂੰ 'ਬ੍ਰੇਵ ਲਿਟਲ ਵਾਰਈਅਰ' (Brave Little Wariror) ਜਾ 'ਯੰਗ ਹੀਰੋ' (Young Heroes) ਲਿਖਿਆ ਹੋਇਆ ਹੈ। ਸਾਧ ਸੰਗਤ ਜੀ ਇਸ ਸਾਰੇ ਵਰਤਾਰੇ ਨੂੰ ਰੋਕਣ ਲਈ ਸਾਨੂੰ ਵੀ ਹੰਭਲਾ ਮਾਰਨਾ ਚਾਹੀਦਾ ਹੈ। ਸਿੱਖਾਂ ਦੇ ਵਿੱਚ ਵੀ ਬਹੁਤ ਕਾਬਲਤੇਹੋਣਹਾਰ ਡਿਜ਼ਾਈਨਰ ਬੈਠੇ ਹਨ। ਉਹਨਾਂ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਦੇ ਬੈਨਰ ਥੱਲੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਸੰਪੂਰਨ ਨਾਮ ਲਿਖ ਕੇ ਬੈਨਰ ਜਾਂ ਪੋਸਟ ਜਾਂ ਇਸ਼ਤਿਹਾਰ ਤਿਆਰ ਕਰਨੇ ਚਾਹੀਦੇ ਹਨ ਤਾਂ ਕਿ ਆਉਂਦੇ ਦਿਨਾਂ ਵਿੱਚ ਵੀਰ ਬਾਲ ਦਿਵਸ ਦੀ ਬਜਾਏ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਅਸੀਂ ਵੀ ਉਬਾਰ ਸਕੀਏ।

ਆਓ, ਅਸੀ ਸਾਰੇ ਰੱ਼ਲਕੇ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰੀਏ ਕਿ ਉਹ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਿੱਖ ਮਰਿਆਦਾ ਅਨੁਸਾਰ ਯਾਦ ਕਰਨ ਲਈ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨਾਲ ਇਸ ਗੰਭੀਰ ਮੁੱਦੇ ਨੂੰ ਉਠਾਉਣ ਤਾਂ ਕਿ ਸਾਹਿਬਜ਼ਾਦਿਆਂ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਵਜੋਂ ਹੀ ਮਨਾਇਆ ਜਾਵੇ। ਇਹੋ ਸਾਡੀ ਸਾਹਿਬਜ਼ਾਦਿਆਂ ਨੂੰ 13 ਪੋਹ (27 ਦਸੰਬਰ, 2024) ਨੂੰ ਸੱਚੀ ਸੁੱਚੀ ਅਤੇ ਭਾਵਨਾ ਭਰਪੂਰ ਸ਼ਰਧਾਂਜਲੀ ਹੋਵੇਗੀ।

## ਬੰਬ ਦੀ ਝੂਠੀ ਧਮਕੀ ਦੇਣਾ ਪਵੇਗਾ ਮਹਿੰਗਾ

ਨਵੀਂ ਦਿੱਲੀ- ਹਵਾਈ ਜਹਾਜ਼ਾਂ 'ਚ ਬੰਬ ਦੀ ਝੂਠੀ ਧਮਕੀ ਦੇਣਾ ਹੁਣ ਮਹਿੰਗਾ ਪਵੇਗਾ। ਅਜਿਹੇ ਲੋਕਾਂ 'ਤੇ ਸਜ਼ਾ ਦੇ ਤੌਰ 'ਤੇ ਇਕ ਲੱਖ ਰੁਪਏ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ ਅਤੇ ਹਵਾਈ ਜਹਾਜ਼ 'ਚ ਦਾਖ਼ਲੇ ਤੋਂ ਰੋਕਿਆ ਵੀ ਜਾ ਸਕਦਾ ਹੈ। ਏਅਰਲਾਈਨਾਂ ਨੂੰ ਨਿਸ਼ਾਨਾ ਬਣਾ ਕੇ ਹਾਲੀਆ ਦਿੱਤੀਆਂ ਗਈਆਂ ਬੰਬ ਦੀਆਂ ਧਮਕੀਆਂ ਨੂੰ ਦੇਖਦੇ ਹੋਏ ਸਰਕਾਰ ਨੇ ਹਵਾਈ ਜਹਾਜ਼ ਸੁਰੱਖਿਆ ਨਿਯਮਾਂ 'ਚ ਸੋਧ ਕੀਤੀ ਹੈ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਹਵਾਈ ਜਹਾਜ਼ (ਸੁਰੱਖਿਆ) ਨਿਯਮ 2023 'ਚ ਸੋਧ ਕਰਦੇ ਹੋਏ ਦੋ ਨਵੇਂ ਨਿਯਮ 29ਏ ਤੇ 30ਏ ਪੇਸ਼ ਕੀਤੇ ਹਨ। ਸੋਧੇ ਨਿਯਮਾਂ ਦੇ ਤਹਿਤ ਹੁਣ ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ (ਬੀਐੱਸਐੱਸ) ਦੇ ਡਾਇਰੈਕਟਰ ਜਨਰਲ ਨੂੰ ਕਿਸੇ ਵੀ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਨੂੰ ਹਵਾਈ ਜਹਾਜ਼ 'ਚ ਦਾਖ਼ਲ ਹੋਣ ਤੋਂ ਮਨ੍ਹਾ ਕਰਨ ਦਾ ਅਧਿਕਾਰ ਹੋਵੇਗਾ।

ਡੀਜੀ ਕਿਸੇ ਵੀ ਵਿਅਕਤੀ ਜਾਂ ਵਿਅਕਤੀਆਂ ਦੇ ਗਰੁੱਪ ਨੂੰ ਹਵਾਈ ਜਹਾਜ਼ ਛੱਡਣ ਦਾ ਨਿਰਦੇਸ਼ ਵੀ ਦੇ ਸਕਦੇ ਹਨ। ਸਰਕਾਰੀ ਅੰਕੜਿਆਂ ਦੇ ਮੁਤਾਬਕ ਅਕਤੂਬਰ 'ਚ ਏਅਰਲਾਈਨਾਂ ਨੂੰ 666 ਧਮਕੀਆਂ ਮਿਲੀਆਂ ਜਦਕਿ ਇਸ ਸਾਲ 14 ਨਵੰਬਰ ਤੱਕ ਅਜਿਹੀਆਂ ਧਮਕੀਆਂ ਦੀ ਗਿਣਤੀ 999 ਸੀ।

## ਈਡੀ ਨੇ ਜ਼ਬਤ ਕੀਤੀ 22,280 ਦੀ ਜਾਇਦਾਦ- ਵਿੱਤ ਮੰਤਰੀ

ਨਵੀਂ ਦਿੱਲੀ- ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਲੋਕ ਸਭਾ 'ਚ ਦੱਸਿਆ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਆਰਥਿਕ ਅਪਰਾਧੀਆਂ ਤੋਂ ਬੈਂਕਾਂ ਨੂੰ 22,280 ਕਰੋੜ ਰੁਪਏ ਦੀ ਜਾਇਦਾਦ ਵਾਪਸ ਕਰ ਦਿੱਤੀ ਹੈ। ਇਸ ਵਿਚ ਵਿਜੈ ਮਾਲਿਆ ਦੀ 14,131 ਕਰੋੜ ਰੁਪਏ ਤੇ ਨੀਰਵ ਮੋਦੀ ਦੀ 1,052 ਕਰੋੜ ਰੁਪਏ ਦੀ ਜਾਇਦਾਦ ਸ਼ਾਮਲ ਹੈ। ਵਿੱਤ ਮੰਤਰੀ ਨੇ ਮੰਗਲਵਾਰ ਨੂੰ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਪੀੜਤਾਂ ਜਾਂ ਸਹੀ ਦਾਅਵੇਦਾਰਾਂ ਨੂੰ 22,280 ਕਰੋੜ ਰੁਪਏ ਦੀ ਜਾਇਦਾਦ ਵਾਪਸ ਕਰ ਦਿੱਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਰਥਿਕ ਅਪਰਾਧੀਆਂ ਵਿਰੁੱਧ ਲੜਾਈ ਜਾਰੀ ਰਹੇਗੀ।



ਨੀਰਵ ਮੋਦੀ ਮਾਮਲੇ 'ਚ ਜਨਤਕ ਖੇਤਰ ਦੇ ਬੈਂਕਾਂ ਤੇ ਨਿੱਜੀ ਬੈਂਕਾਂ ਨੂੰ 1,052.58 ਕਰੋੜ ਰੁਪਏ ਦੀ ਜਾਇਦਾਦ ਵਾਪਸ ਕਰ ਦਿੱਤੀ ਗਈ ਹੈ। ਮੇਹੁਲ ਚੋਕਸੀ ਮਾਮਲੇ 'ਚ 2,565.90 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ ਤੇ ਇਨ੍ਹਾਂ ਦੀ ਨਿਲਾਮੀ ਕੀਤੀ ਜਾਵੇਗੀ। ਈਡੀ ਤੇ ਬੈਂਕਾਂ ਨੇ ਮਿਲ ਕੇ ਇਕ ਹੋਰ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਦੀ ਜਾਇਦਾਦ ਦੀ ਵਿਕਰੀ ਲਈ ਮੁੰਬਈ ਦੀ ਇਕ ਵਿਸ਼ੇਸ਼ ਅਦਾਲਤ 'ਚ ਦਰਖਾਸਤ ਦਿੱਤੀ ਹੈ, ਜਿਸ ਨੇ ਨੀਰਵ ਮੋਦੀ ਨਾਲ ਮਿਲ ਕੇ ਪੰਜਾਬ ਨੈਸ਼ਨਲ ਬੈਂਕ ਦੇ 13,000 ਕਰੋੜ ਰੁਪਏ ਤੋਂ ਵਧ ਦਾ ਪੈਸਾ ਕੱਢਿਆ ਸੀ ਤੇ ਦੇਸ਼ ਤੋਂ ਫ਼ਰਾਰ ਹੋ ਗਿਆ ਸੀ।

### ਅਦਾਲਤ ਨੇ ਦਿੱਤੀ ਇਜਾਜ਼ਤ

ਵਿਸ਼ੇਸ਼ ਅਦਾਲਤ ਨੇ ਈਡੀ ਨੂੰ 2,566 ਕਰੋੜ ਰੁਪਏ ਦੀਆਂ ਜਾਇਦਾਦਾਂ ਦੀ ਕੀਮਤ ਤੇ ਨਿਲਾਮੀ ਕਰਨ ਅਤੇ ਜ਼ਬਤ ਕਰਨ ਅਤੇ ਪੀਐੱਨਬੀ ਤੇ ਹੋਰ ਲਿਕਵੀਡੇਟਰਾਂ ਦੇ ਫਿਕਸਡ ਡਿਪਾਜ਼ਿਟ ਖਾਤਿਆਂ 'ਚ ਵਿਕਰੀ ਦੀ ਰਕਮ ਜਮ੍ਹਾ ਕਰਨ ਦੀ ਇਜਾਜ਼ਤ ਦਿੱਤੀ ਹੈ।

ਮੰਗਾਂ ਦੇ ਜਵਾਬ 'ਚ ਸੀਤਾਰਮਨ ਨੇ ਕਿਹਾ, 'ਈਡੀ ਨੇ ਪੀਐੱਮਐੱਲਏ ਦੇ ਕਾਨੂੰਨੀ ਢਾਂਚੇ ਤਹਿਤ ਜਾਇਦਾਦਾਂ ਦੇ ਜਾਇਜ਼ ਮਾਲਕਾਂ ਨੂੰ ਜਾਇਦਾਦ ਬਹਾਲ ਕਰਨ 'ਚ ਮਹੱਤਵਪੂਰਨ ਤਰੱਕੀ ਕੀਤੀ ਹੈ, ਜਿਸ ਵਿਚ ਇਹ ਕਿਹਾ ਗਿਆ ਹੈ ਕਿ ਜਾਂਚ ਸ਼ੁਰੂ ਹੋਣ ਤੋਂ ਬਾਅਦ ਜਾਇਦਾਦਾਂ ਨੂੰ ਸਹੀ ਦਾਅਵੇਦਾਰਾਂ ਨੂੰ ਵਾਪਸ ਕਰ ਦਿੱਤਾ ਜਾਵੇਗਾ। ਖਾਸ ਤੌਰ 'ਤੇ ਉਸ ਤੋਂ ਬਾਅਦ ਦੋਸ਼ ਅਦਾਲਤ ਵੱਲੋਂ ਤੈਅ ਕੀਤੇ ਜਾਂਦੇ ਹਨ।

# ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ


ਮਹਿੰਗਾ ਸਿੰਘ ਸਰਪੰਚ


ਮਲਕੀਤ ਸਿੰਘ ਸੰਧੂ (ਸੰਧੂ ਚੱਠਾ)


ਮਨਜੀਤ ਸਿੰਘ ਸੰਧੂ


ਬਹਾਦਰ ਸਿੰਘ ਸੰਧੂ (ਇਗਲੈਂਡ




ਮਹਿੰਗਾ ਸਿੰਘ ਸਰਪੰਚ, ਮਲਕੀਤ ਸਿੰਘ ਸੰਧੂ (ਸੰਧੂ ਚੱਠਾ), ਮਨਜੀਤ ਸਿੰਘ ਸੰਧੂ, ਲਹਿੰਬਰ ਸਿੰਘ ਸੰਧੂ, ਬਹਾਦਰ ਸਿੰਘ ਸੰਧੂ (ਇਗਲੈਂਡ), ਸਵਰਗੀ ਸੌਦਾਗਰ ਸਿੰਘ ਸੰਧੂ
ਸੰਧੂ ਚੱਠਾ- ਜ਼ਿਲ੍ਹਾ ਕਪੂਰਥਲਾ (ਪੰਜਾਬ)

ਸਵਰਗੀ ਪਿਤਾ- ਅੱਛਰ ਸਿੰਘ ਸੰਧੂ,
ਸਵਰਗੀ ਮਾਤਾ- ਬੀਬੀ ਨਸੀਬ ਕੌਰ ਸੰਧੂ

ਡਾ. ਸ਼ਮਿੰਦਰ ਸਿੰਘ (ਐਮ. ਡੀ.)
ਪੁੱਤਰ ਸ. ਮਹਿੰਗਾ ਸਿੰਘ ਸਰਪੰਚ


ਡਾ. ਸ਼ਮਿੰਦਰ ਸਿੰਘ (ਐਮ. ਡੀ.)


ਲਹਿੰਬਰ ਸਿੰਘ ਸੰਧੂ



## ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**United Pet Hospital**

**Dr. Mandeep Bhullar DVM**

**510-363-9980**


ਡਾ. ਮਨਦੀਪ ਸਿੰਘ ਭੁੱਲਰ ਅਤੇ ਉਹਨਾਂ ਦੇ ਪਰਿਵਾਰਕ ਮੈਂਬਰ, ਦੋਸਤ ਮਿੱਤਰ

1641 Industrial Pkwy W. Hayward, CA. 94544

Fax : 510-397-0142 unitepets@gmail.com



## ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



**ਸੁਰਿੰਦਰ ਸਿੰਘ ਧਨੋਆ**

ਐਕਟਰ ਅਤੇ ਨਿਰਦੇਸ਼ਕ (ਪੰਜਾਬ ਲੋਕ ਰੰਗ)
510-377-4197

Sale ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ Sale

**Store Closing Soon** 50 ਤੋਂ 70 ਫੀਸਦੀ ਤੱਕ ਛੋਟ

# PREET FABRICS & APPLIANCE

**Every Thing Must Go**

APPLIANCES & PARKER PENS, OSTER BLENDERS

Watches (Seiko, Citizen & Swistar)
Shavers & Trimmers Cellular Phones
and OSTER BLENDERS

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



**556 MOWRY AVE. FREMONT. CA 94538**
**Tel- 510-797-7111**

ਨਵਾਂ ਸਾਲ 2025 ਅਤੇ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

Milan Cuisine

# Milan Cuisine

**Authentic Indian Flavors, Right Here in Fremont**

Enjoy a wide range of Indian dishes, from mouth-watering appetizers to rich curries and biryanis.

ਨਵਾਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ

ਭਾਰਤੀ ਖਾਣਿਆਂ ਦਾ ਅਸਲੀ ਸੁਆਦ ਹੁਣ ਫਰੀਮਾਂਟ ਵਿਚ ਵੀ ਮਿਲਦਾ ਹੈ

ਵੱਡੀਆਂ ਪਾਰਟੀਆਂ / ਕੇਟਰਿੰਗ ਦਾ ਪ੍ਰਬੰਧ ਹੈ



We Specialize in **BREAKFAST, LUNCH, DINNER, TAKE-OUT**

**OPEN 7 DAYS @ 10:00am - 10:00 pm**

Indoor seating capacity of 200+ guests for parties and small functions.
Patio seating capacity: 25+ guests

Call for booking/reservation



For Limited Time offer

**Breakfast** (Chhole Bhatture or Praunthe) $9.99

**Lunch or Dinner (Thali)** $12.99 VEG | $17.99 NON VEG



ਪਰਦੇਸ ਟਾਇਮਜ਼ ਦਾ ਨਾਂ ਲੈਣ 'ਤੇ ਕੇਟਰਿੰਗ ਵਿਚ 10% ਛੋਟ



**(510) 358-2350**

**3860 Mowry Ave. Fremont CA. 94538, Fremont Plaza, Backside Baskin Robbins**

info@milancuisine.com www.milancuisine.com